ਪੰਤਰਾਸਰ

ਭਾਈ ਬੰਨੇ ਪ੍ਰਕਾਸ਼

ਕਿਤ

ਭਾਈ ਸਵਾਹਰ ਸਿੰਘ ਬਿਆਨੀ

ਪਿੰਡ ਸੈਦਾ (ਗੁਜਰਾਤ)

ਸੰਨ 1845

ਸੰਪਾਦਕ

ਡਿਾ. ਰਾਜਿੰਦਰ ਸਿੰਘ ਬੱਲ

ਜਲੰਧਰ

ਕਾਰੇਨੇਸ਼ਨ ਪਬਲੀਕੇਸ਼ਨਜ਼

82/3—D, ਸੈਂਟਰਲ ਟਾਊਨ

ਜਲੰਧਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਤਿਹਾਸਕ

ਭਾਈ ਬੰਨੋ ਪ੍ਰਕਾਸ਼

ਕ੍ਰਿਤ

ਭਾਈ ਜਵਾਹਰ ਸਿੰਘ ਗਿਆਨੀ

ਪਿੰਡ ਸੈਦਾਂ (ਗੁਜਰਾਤ)

ਸੰਨ 1845

ਸੰਪਾਦਕ

ਗਿ: ਰਾਜਿੰਦਰ ਸਿੰਘ ਬੱਲ

ਜਲੰਧਰ

ਕਾਰੋਨੇਸ਼ਨ ਪਬਲੀਕੇਸ਼ਨਜ਼

82/3—*D*, ਸੈਂਟਰਲ ਟਾਊਨ

ਜਲੰਧਰ

Digitized by Panjab Digital Library | www.panjabdigilib.org

ਭਾਈ ਬੰਨੋ ਪ੍ਰਕਾਸ਼

ਕ੍ਰਿਤ,

ਭਾਈ ਜਵਾਹਰ ਸਿੰਘ ਗਿਆਨੀ

ਨਗਰ ਸੈਦਾਂ (ਗੁਜਰਾਤ)

(1845)

ਪਹਿਲੀ ਵਾਰ : 500

15 ਅਗਸਤ, 1993

ਸੰਪਾਦਿਕ :

ਗਿ: ਰਾਜਿੰਦਰ ਸਿੰਘ 'ਬੱਲ'

ਜਾਲੰਧਰ

ਪ੍ਰਕਾਸ਼ਕ :

ਕਾਰੋਨੇਸ਼ਨ ਪਬਲੀਕੇਸ਼ਨਜ਼

82/3—*D* ਸੈਂਟਰਲ ਟਾਊਨ

(ਜਾਲੰਧਰ)

ਛਾਪਕ—ਬਰਜਿੰਦਰਾ ਪ੍ਰਿੰਟਰਜ਼, ਫਗਵਾੜਾ ਗੇਟ, ਜਲੰਧਰ ।

ਭੇਟਾ 300/- ਰੁਪਏ

Digitized by Panjab Digital Library | www.panjabdigilib.org

ਨਜ਼ਰ

ਗਿ: ਰਾਜਿੰਦਰ ਸਿੰਘ 'ਬੱਲ'
ਜਲੰਧਰ

Digitized by Panjab Digital Library | www.panjabdigilib.org

ਚੜ੍ਹਦਾ ਰਹੇਗਾ ਜਦੋਂ ਤੀਕ ਸੂਰਜ,
ਚਮਕਦੇ ਰਹਿਣਗੇ ਜਦੋਂ ਤੀਕ ਤਾਰੇ।
ਤੇਰੀ ਅਮਰ ਗਾਥਾ ਚਲਦੀ ਰਹੇਗੀ,
ਸੇਵਾ ਦੇ ਪੁੰਜ ਭਾਈ ਬੰਨੋ ਪਿਆਰੇ॥

(ਗੁੰਮਨਾਮ ਕਵੀ)

Digitized by Panjab Digital Library | www.panjabdigilib.org



ਸੰਪਾਦਕ
ਗਿਆਨੀ ਰਾਜਿੰਦਰ ਸਿੰਘ 'ਬੱਲ'
ਜਲੰਧਰ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

ਦੋ ਗੱਲਾਂ

ਭਾਈ "ਬੰਨੋ ਪ੍ਰਕਾਸ਼", ਭਾਈ ਜਵਾਹਰ ਸਿੰਘ "ਗਿਆਨੀ" ਦੀ ਕ੍ਰਿਤ ਹੈ। ਭਾਈ ਜਵਾਹਰ ਸਿੰਘ ਪਿੰਡ ਸੈਦਾਂ (ਗੁਜਰਾਤ) ਦੇ ਰਹਿਣ ਵਾਲੇ ਸਨ। ਇਹ ਪਿੰਡ "ਖਾਰਾ-ਮਾਂਗਟ" ਤੋਂ ਪੰਜ ਕੋਹ ਤੇ "ਕਾਦਰਾ ਬਾਦ" ਤੋਂ ਦਸ ਕੋਹ ਦੀ ਵਿੱਥ ਤੇ ਹੈ। ਕਾਦਰਾ ਬਾਦ ਦਰਿਆ ਝਨਾਂ ਦੇ ਨੇੜੇ ਹੈ।

ਲੇਖਕ ਨੇ 'ਭਾਈ ਬੰਨੋ ਪ੍ਰਕਾਸ਼' ਪੁਸਤਕ ਦੀ ਆਰੰਭ ਕਰਨ ਦੀ ਤਰੀਕ ਨਹੀਂ ਦਿਤੀ ਪਰ ਸਮਾਪਤ ਕਰਨ ਦੀ ਤਰੀਕ ਦਿਤੀ ਹੈ।

ਸੰਮਤ ਸੋ ਮਹੀ ਨਿਧ ਲੋਚਨ ਪਛਾਣ ਲੇਹ
ਗ੍ਰਹ ਪੋਖ ਮਾਸ ਦੂਸਰੇ ਸੁ ਜਾਨਿਐ"

(ਭਾਈ ਬੰਨੋ ਪ੍ਰਕਾਸ਼, ਪੰਨਾ 581)

(ਮਿਤੀ 2 ਪੋਹ ਸੰਮਤ 1902 ਬਿਕਰਮੀ, ਮੁਤਾਬਕ ਸੰਨ 1845 ਈ:)

ਪੋਥੀ ਪੂਰਨ ਹੋਣ ਸਮੇਂ ਤਕ ਅੰਗਰੇਜ਼ ਪੰਜਾਬ ਵਿੱਚ ਦਾਖਲ ਹੋ ਚੁਕੇ ਸਨ :—

ਆਦਿ ਮਧ ਅੰਤ ਸਦਾ ਗੁਰ ਕੋ ਪ੍ਰਤਾਪ ਜਾਨ
ਕੋਈ ਕਾਲ ਰਾਜ ਵਿੱਚ ਅੰਗਰੇਜ਼ ਭਾਨਿਐ।

ਭਾਈ ਬੰਨੋ ਜੀ ਦੀ ਜਨਮ ਤਰੀਕ

ਸੰਮਤ ਸਸਿਰਿਸ ਆਤਮਾ ਬਾਨਸਮਤ ਭਵਮਾਨ ॥
ਸਦੀ ਥਿਤ ਝੈਂਦਸੀ ਗੁਰ ਸਰਵਾਰ ਪਛਾਨ ॥

(ਭਾਈ ਬੰਨੋ ਪ੍ਰਕਾਸ਼, ਪੰਨਾ 56)

Digitized by Panjab Digital Library | www.panjabdigilib.org

(ਵਿਸਾਖ ਸੁਦੀ 13, ਦਿਨ ਵੀਰਵਾਰ, ਸਮਤ 1615 ਬਿਕਰਮੀ, ਸੰਨ 1558 ਈ:)

ਪਰਲੋਕ ਗਮਨ

ਸੰਮਤਿ ਸਸ ਰਿਖ ਮਹੀ ਲਖ ਮਾਘ ਸ਼ੁਭ ਜਾਨ ।।

(ਭਾਈ ਬੰਨੋ ਪ੍ਰਕਾਸ਼ ਪੰਨਾ 515)

(1701 ਬਿਕਰਮੀ, 1644 ਈ:)

ਇਸ ਤਰ੍ਹਾਂ 86 ਸਾਲ ਸੰਸਾਰ ਯਾਤਰਾ ਕੀਤੀ ।

ਸ੍ਰੀ ਗੁਰੂ ਹਰਿ ਗੋਬਿੰਦ ਜੀ ਭੀ 1644 ਈ: ਵਿਚ ਜੋਤੀ ਜੋਤ ਸਮਾਏ ਸਨ ।

ਜਿਥੇ ਇਹ ਪੁਸਤਕ ਆਦਿ ਬੀੜ, ਖਾਰੇ ਵਾਲੀ ਬੀੜ ਦੇ ਸਰੂਪ, ਦਰਬਾਰ ਸਾਹਿਬ ਦੇ ਸਰੋਵਰ ਦੀ ਸਥਾਪਨਾ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਮਹਾਨ ਘਾਲਨਾਵਾਂ ਦੀ ਬੜੇ ਖੂਬਸੂਰਤ ਢੰਗ ਨਾਲ ਇਤਿਹਾਸਕ ਪਖਾਂ ਦੀ ਜਾਣ ਪਛਾਣ ਕਰਾਉਂਦੀ ਹੈ ਉਥੇ ਭਾਈ ਬੰਨੋ ਜੀ ਨੇ ਗੁਰੂ ਪੰਥ ਦੀਆਂ ਜੋ ਸੇਵਾਵਾਂ ਦੁਆਰਾ ਜੋ ਅਮੀਰ ਵਿਰਸਾ ਤੇ ਸ਼ਾਨਦਾਰ ਰਵਾਇਤਾਂ ਕਾਇਮ ਕੀਤੀਆਂ ਰਨ, ਉਹ ਪੰਥਕ ਇਤਿਹਾਸ ਵਿਚ ਚਾਨਣ ਮੁਨਾਰੇ ਵਾਂਗ ਸਦਾ ਚਮਕਦੀਆਂ ਰਹਿਣਗੀਆਂ ।

ਖਾਰੇ ਵਾਲੀ ਬੀੜ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਪਰਵਾਨਕ ਨਿਸ਼ਾਨ (ਸਹੀ) ਦਰਜ ਹਨ ।

ਭਾਈ ਸਾਹਿਬ ਦੇ ਸਪੁਤਰਾਂ 'ਬਾਬਾ ਤਾਰਾ ਚੰਦ' ਬਾਬਾ ਲਖੂ ਜੀ ਤੇ ਬਾਬਾ ਬੁਧ ਜੀ ਨੇ ਜੋ ਸੇਵਾਵਾਂ ਅਰਪਨ ਕਰਕੇ ਸਤਿਗੁਰਾਂ ਦੇ ਦਰਬਾਰ ਵਿਚ ਰਖੀਆਂ ਉਹਨਾਂ ਦਾ ਭੀ ਬੜੇ ਵਿਸਥਾਰ ਤੇ ਸੁਚੱਜੇ ਢੰਗ ਨਾਲ ਵਰਨਣ ਕੀਤਾ ਗਿਆ ਹੈ ।

ਬਾਬਾ ਲਖੂ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਕਮਾਨ ਹੇਠ, ਹੇਠ ਲਿਖੇ ਯੁਧਾਂ ਵਿੱਚ ਹਿੱਸਾ ਪਾਇਆ :—

1. ਸੰਨ 1626 ਵਿਖੇ ਬੀਬੀ ਕੋਲਾਂ ਨੂੰ ਲਾਹੌਰ ਤੋਂ ਅੰਮ੍ਰਿਤਸਰ ਲਿਆਉਣ ਸਮੇਂ ।

2. 15 ਮਈ 1629 ਵਿਖੇ ਅੰਮ੍ਰਿਤਸਰ ਦੇ ਯੁਧ ਵਿਚ ਜਰਨੈਲ 'ਮੁਫਲਸ ਖਾਂ ਦਾ ਸਿਰ ਉਤਾਰ ਕੇ ਸਤਿਗੁਰਾਂ ਦੇ ਚਰਨਾਂ ਵਿਚ ਲਿਆਉਣਾ । ਇਸ ਯੁਧ ਵਿਚ 7000 ਮੁਗਲਾਂ ਨੇ ਹਿਸਾ ਲਿਆ ।

3. ਸੰਨ 1632 ਵਿਖੇ ਕਰਤਾਰ ਪੁਰ (ਜਲੰਧਰ) ਦੇ ਮਹਾਨ ਯੁਧ ਵਿਚ ਬਾਬਾ ਲਖੂ ਜੀ ਤੇ ਬਾਬਾ ਬਖੂ ਜੀ ਦਾ ਜਾਮੇ ਸ਼ਹਾਦਿਤ ਪੀਣਾ ।

Digitized by Panjab Digital Library | www.panjabdigilib.org

ਜਿਥੇ ਗੁਰਮਤਿ ਸਾਹਿਤ ਤੇ ਪੰਥਕ ਇਤਿਹਾਸ ਦੀ ਵਿਸਥਾਰ ਨਾਲ ਵਾਕਫੀ ਮਿਲਦੀ ਹੈ ਉਥੇ ਗੁਰੂ ਪੰਥ ਦੇ ਪਿਆਰਿਆਂ ਦੇ ਨਿਸ਼ਚੇ ਨੂੰ ਦ੍ਰਿੜ ਤੇ ਬਲਵਾਨ ਬਣਾਉਂਦੀਆਂ ਬਹੁਤ ਸਾਰੀਆਂ ਗੁੰਝਲਾਂ ਜੋ ਗੁਰੂ ਘਰ ਦੇ ਦੋਖੀਆਂ ਨੇ ਫਿਲਾਈਆਂ ਹੋਈਆਂ ਸਨ ਉਹਨਾਂ ਤੋਂ ਪਰਦਾ ਉਠਾਂਦੀ ਹੈ।

ਅੰਤ ਵਿਚ ਮੈਂ ਆਸ ਰਖਦਾ ਹਾਂ ਕਿ ਇਸ ਬੇਨਜ਼ੀਰ ਇਤਿਹਾਸਕ ਤੇ ਦਿਲ ਖਿਚਵੀਂ ਪੁਸਤਕ ਨੂੰ ਹਰ ਲਾਇਬਰੇਰੀ ਵਿਚ ਯੋਗ ਥਾਂ ਮਿਲੇਗੀ ਤੇ ਇਤਿਹਾਸ ਦੇ ਖੋਜੀ ਇਸ ਤੋਂ ਲਾਭ ਉਠਾਉਣਗੇ।

ਅਕਾਲ ਸਹਾਇ :
15-8-1993

ਸੰਪਾਦਕ
ਗਿ: ਰਾਜਿੰਦਰ ਸਿੰਘ 'ਬੱਲ'
ਜਾਲੰਧਰ

Digitized by Panjab Digital Library | www.panjabdigilib.org

ਤਤਕਰਾ ਭਾਈ ਬੰਨੋ ਪ੍ਰਕਾਸ਼

ਅੰਗ ਧਿਆਵ	ਵੇਰਵਾ ਪ੍ਰਸੰਗ ਦਾ	ਪੰਨਾ
1	1 ਗੁਰ ਉਸਤਤ,	1
	2 ਪਰਿਥਵੀ ਦੀ ਪੁਕਾਰ ਤੇ ਅਕਾਸ਼ ਬਾਣੀ,	
	3 ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਧਾਰਨਾਂ ਤੇ ਕੌਤਕ ।	
	4 ਹਰਿਦਾਸ ਨਿਰਪ ਕੋ ਭਗਤੀ ਬਖਸ਼ੀ ਸ੍ਰੀ ਗੁਰ ਨਾਨਕ ਜੀ ਨੇ ।	
2	1 ਭਟੰਤ ਦੇਵ ਦਾ ਜਨਮ ਪ੍ਰਸੰਗ ।	28
	2 ਭੁਟੰਤ ਦੇਵ ਦਾ ਬੀਰਦਤ ਬੀਕਾਨੇਰੀਏ ਨਾਲ ਵਿਰੋਧਤਾ ਤੇ ਹਾਰ	
	3 ਭੁਟੰਤ ਦੇਵ ਨੂੰ ਸੁਪਨਾ ਦੁਬਾਰਾ ਬਨਾਨੇ ਵਸਨਾ,	
	4 ਭੁਟੰਤ ਦੇਵ ਠਟੇ ਸ਼ੇਹਰ ਦੇ ਰਾਜੇ ਦੀ ਸ਼ਰਨ ਗਇਆ ਤੇ ਰਾਜੇ ਨੇ ਬੀਰਦਤ ਤੋਂ ਬਚਾ ਕੇ ਆਪਨਾ ਰਾਜ ਭੁਟੰਤ ਦੇਵ ਨੂੰ ਦਿਤਾ ।	
	5 ਭੁਟੰਤ ਦੇਵ ਜੀ ਨੇ ਹੋਰ ਵਿਆਹ ਕਰਨਾ । ਤੇ ਵਿਸ਼ਵ ਚੰਦ ਦਾ ਜਨਮ,	
	6 ਤੁਰਕਾਂ ਦਾ "ਰਾਜ" ਹੋਣ ਕਰਕੇ ਰਾਜ ਭਾਗ ਤਿਆਗ ਕੇ 'ਭੇਹਰੇ' (ਸਰਗੋਧਾ) ਵਸਨਾ ।	

Digitized by Panjab Digital Library | www.panjabdigilib.org

7 ਭੇਹਰਿਓ ਮਾਂਗਟੀ ਆਵਨ ਦਾ ਪ੍ਰਸੰਗ

8 ਵਿਸ਼ਵ ਚੰਦ ਨੂੰ ਭਗਵਾਨ ਨੇ ਸੰਤ ਰੂਪ ਧਾਰ
ਦਰਸ਼ਨ ਤੇ ਵਰ ਦੇਣਾ ।

3 1 ਭਾਈ ਬੰਨੋ ਜੀ ਦੇ ਜਨਮ ਧਾਰਨ ਦੇ ਕਾਰਨ, 38

2 ਤ੍ਰੇਤਾ ਮੇ ਸ੍ਰੀ ਰਾਮ ਚੰਦਰ ਜੀ ਤੋਂ ਵਸ਼ਿਸ਼ਟ ਜੀ
ਨੇ ਮੁਕਤ ਮੰਗਨੀ,

3 ਸ੍ਰੀ ਰਾਮ ਜੀ ਨੇ ਕਲ ਜੁਗ ਵਿਚ ਗੁਰੂ ਅਰਜਨ
ਰੂਪ ਹੋ ਕਰ ਵਸ਼ਿਸ਼ਟ ਜੀ ਨੂੰ ਮੁਕਤੀ ਦਾ
ਬਚਨ ਦਿਤਾ ।

4 ਖਾਰਾ ਮਾਂਗਟ ਨਗਰ ਦੀ ਸ਼ੋਭਾ । 47

5 1 ਜਨਮ ਕਥਾ ਭਾਈ ਬੰਨੋ ਸਾਹਿਬ ਜੀ, 52

2 ਕੁੜਮਾਈ ਅਤੇ ਵਿਆਹ ਦਾ ਪ੍ਰਸੰਗ ।

6 1 ਭਾਈ ਜੀ ਦੇ ਪੁਤਰਾਂ ਦੀ ਜਨਮ ਕਥਾ, 65

2 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਜੀ ਨੂੰ
ਪੋਹਤ ਕਹਿਕੇ ਸਿਖੀ ਬਖਸੀ ।

7 ਦੋਸਤ ਭਾਈ ਜੀ ਦੇ ਦਰਸ ਨੂੰ ਆਏ ਅਤੇ ਭਾਈ 75
ਜੀ ਦਾ ਉਪਦੇਸ਼ ।

8 ਮਾਨਸ ਜਨਮ ਦੀ ਉਤਮ ਗਤੀ । 82

9 ਮਾਨਸ ਜਨਮ ਦੀ ਨੀਚ ਗਤੀ । 92

10 ਲੁਬਾਣੇ ਸਿਖ ਦੀ ਨੌਕਾ ਪਾਰ ਕਰਨੀ ਤੇ ਭੇਟਾ ਦੇਣ
ਆਇਆ ਦਾ ਚਿਤ ਭਰਮ ਜਾਨਾ । 102

11 ਇਕ ਸ਼ਰਧਾਲੂ ਦਾ ਪ੍ਰਸ਼ਨ ਉਤਰ, ਭਾਈ ਜੀ ਸਾਥ 111
ਸੰਸਾਰ ਤੋਂ ਪਾਰ ਹੋਣ ਪਿਰਤ ।

12 ਮਨੁਖ ਜਨਮ ਦੀ ਸਫਲਤਾ ਦਾ ਉਪਾਵ ਭਗਤੀ 125

Digitized by Panjab Digital Library | www.panjabdigilib.org

ਦਾ ਉਪਦੇਸ਼ ਤੇ ਮਾਨਸ ਜਨਮ ਅਮੋਲਕ ਨਿਸਫਲ
ਖੋ ਦੇਣੇ ਪਰ ਪਸ਼ਚਾਤਾਪ

13 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਤ ਉਧਾਰ ਹਿਤ 133
ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਰਚਨਾ ਦਾ ਪ੍ਰਸੰਗ ।

1 ਭਾਈ ਬੰਨੋ ਜੀ ਨੇ ਖਾਰਾ-ਮਾਂਗਟ ਬੀੜ ਲਿਜਾਣ
ਦੀ ਤੇ ਰਾਹੇ ਵਿਚ ਦੂਜੀ ਬੀੜ ਤਿਆਰ ਕਰਨ
ਦੀ ਬੇਨਤੀ ਕੀਤੀ ।

ਪੰਡਤ ਨੂੰ ਕਾਸ਼ੀ ਤੋਂ ਵੇਦ ਲਿਆਵਨ ਤੋਰਿਆ,
ਬਿਸ਼ਗਨੀ ਹੋਣ ਕਰਕੇ ਮੁੜ ਆਵਨ ਦਾ ਪ੍ਰਸੰਗ

14 1 ਭਾਈ ਪੈੜਾ ਜੀ ਨੂੰ ਪਰਾਨ ਸਗਲੀ ਲਿਆਉਣ 147
ਵਾਸਤੇ ਪੰਜ ਪੈਸੇ ਰਾਹ ਦਾ ਖਰਚ ਦੇ ਕੇ ਸੰਗਲਾ
ਦੀਪ ਟੋਰਨ ਦਾ ਪ੍ਰਸੰਗ

15 ਭਾਈ ਜੀ ਲਿਖਾਰੀ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ 157
ਅੰਮ੍ਰਿਤਸਰ ਤੋਂ ਲੈ ਕੇ ਟੁਰੇ, ਪਿਛੋਂ ਸ੍ਰੀ ਗੁਰੂ
ਅਰਜਨ ਦੇਵ ਜੀ ਦਾ ਹੁਕਮ ਨਾਮਾ ਪੁਜਾ ਕਿ ਇਕ
ਰਾਤ ਖਾਰੇ ਰੇਹਨਾਂ, ਕਾਲੇ ਝਾੜਦਾ ਦਾ ਪ੍ਰਸੰਗ ।

16 ਦੋਵੇਂ ਬੀੜਾਂ ਜਿਲਤ ਕਰਵਾ ਕੇ ਭਾਈ ਜੀ ਸਤਿਗੁਰਾਂ 170
ਦੇ ਹਜ਼ੂਰ ਪੁਜੇ ।

ਕੇਹਰ ਸਾਹਿਬ ਦਾ ਪ੍ਰਸੰਗ ਭਾਈ ਜੀ ਨੇ ਸੰਗਤ ਨੂੰ
ਸੁਨਾਇਆ, ਭਾਈ ਜੀ ਨੇ ਲਹੌਰ ਪੁਜਕੇ ਜਨਮ
ਅਸ: ਸ੍ਰੀ ਗੁਰ ਰਾਮ ਦਾਸ ਜੀ ਦਾ ਪ੍ਰਸੰਗ ਸੰਗਤਿ
ਨੂੰ ਸੁਨਾਇਆ, ਕੁਸਟੀ ਦਾ ਕਸ਼ਟ ਦਰ ਹੋਇਆ
ਲਹੌਰ ਸ਼ਹਿਰ ਨੂੰ ਗੁਰ ਨਾਨਕ ਦੇਵ ਜੀ ਦਾ ਸਰਾਪ
ਪ੍ਰਸੰਗ ਸੁਨਾ ਸ੍ਰੀ ਗੁਰੂ ਅਮਰਦਾਸ ਜੀ ਤੋਂ ਸੰਗਤ
ਲਹੌਰ ਦੀ ਨੂੰ ਬਖਸਾਇਆ ।

ਬਾਬੇ ਸ੍ਰੀ ਚੰਦ ਜੀ ਦੀ ਟਾਹਲੀ ਦਾ ਪ੍ਰਸੰਗ,
ਭਾਈ ਜੀ ਨੇ ਦੁਹਾਂ ਬੀੜਾਂ ਦੀਆਂ ਜਿਲਦਾਂ

Digitized by Panjab Digital Library | www.panjabdigilib.org

ਲਹੌਰੋਂ ਤਿਆਰ ਕਰਵਾਈਆਂ, ਭਾਈ ਜੀ ਦਾ ਸ੍ਰੀ ਅੰਮ੍ਰਿਤਸਰ ਪਹੁੰਚਨਾ, ਸ੍ਰੀ ਗੁਰੂ ਜੀ ਨੇ ਅਗੋਂ ਸੰਗਤਾਂ ਭੇਜੀਆਂ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਉਪਮਾ, ਸ੍ਰੀ ਮੁਖਵਾਕ ਤੇ ਦੋਹਾਂ ਬੀੜਾਂ ਤੇ ਪ੍ਰਵਾਨਗੀ ਦਸਤਖਤ ਸ੍ਰੀ ਗੁਰੂ ਮਹਾਰਾਜ ਜੀ ਦੇ ।

17 ਸਿਧ ਦਾ ਭਾਈ ਜੀ ਨਾਲ ਗੋਸਟ ਕਰਕੇ ਚਰਨੀ ਪੈਣ ਦਾ ਪ੍ਰਸੰਗ, ਸ੍ਰੀ ਦਰਬਾਰ ਸਾਹਿਬ ਦੇ ਅਸਥਾਨ ਦੀ ਉਪਮਾ ਸਤਿਜੁਗ ਤੋਂ । 185

18 ਬੀਰ ਬਲ ਰੋੜਾ ਦੁਖੀ ਦਲਿਦਰੀ ਭਾਈ ਜੀ ਦੀ ਸਰਨ ਪੈ ਕੇ ਧਨਵਾਨ ਤੇ ਨਿਹਾਲ । 191

19 ਭੂਤਾਂ ਦੀ ਸੈਨਾ ਵਿਚੋਂ ਇਕ ਦੁਰਬਲ ਭੂਤ ਜਿਸਨੂੰ ਭਾਈ ਜੀ ਦਾ ਘਰ ਹਿਸੇ ਆਇਆ ਹੋਇਆ ਸੀ ਭਾਈ ਜੀ ਦਾ ਉਸ ਪਰ ਕਿਰਪਾ ਕਰਨ ਦਾ ਪ੍ਰਸੰਗ 202

20 ਅਠੇ ਸਪੁਤਰ ਭਾਈ ਜੀ ਪਾਸ ਧਨ ਦੀ ਪ੍ਰਾਪਤੀ ਵਾਸਤੇ ਆਏ । ਭਾਈ ਜੀ ਨੇ ਹੀਰੇ ਰਤਨਾਂ ਦਾ ਖਜ਼ਾਨਾ ਦਿਖਾ ਕੇ ਕਹਿਆ ਭਾਵੇਂ ਬੇਮੁਖ ਲੋਕ ਉਸ ਧਨ ਨੂੰ ਚੁਰਾਨ ਟੁਰਦੇ ਹਨ, ਏਹ ਲ ਲਵੋ । ਜਿਹੜਾ ਭਾ: ਜੀ ਦੇ ਪਤ੍ਰਾਂ ਨੇ ਤਿਆਗਨ ਕੀਤਾ । 208

21 ਜਮ ਦੀ ਕਥਾ ਭਾਈ ਜੀ ਨੇ ਸੰਗਤਿ ਨੂੰ ਸੁਨਾਈ, ਤਰੈ ਕੋਹ ਚੁਗਿਰਦੇ ਖਾਰਾ-ਮਾਂਗਟ ਦੇ ਜਮ ਨਹੀਂ ਆਵੇਗਾ । 218

22 ਮੀਆਂ ਇਬਰਹਿਮ ਨੂੰ ਭਾਈ ਜੀ ਦੀ ਬਖਸਸ਼ ਭਾਈ ਜੀ ਦੇ ਅਸ਼ਨਾਨ ਲਈ ਖੂਹ ਦਾ ਆਪਣੇ ਆਪ ਗਿੜਨ ਪ੍ਰਸੰਸਾ, ਮੀਆਂ ਨੂੰ ਸਤਸੰਗ ਦਾ ਉਪਦੇਸ । 225

23 ਹਟੀ ਤੇ ਭਾਈ ਜੀ ਦਾ ਇਕ ਸੁਖਨ ਤੇ ਇਕ ਤੋਲ, ਮਸੰਦ ਨੇ ਬਿਨਾ ਅਰਦਾਸ ਹੋਇਆ ਚੋਰੀ ਕੜਾਹ ਪ੍ਰਸਾਦ ਖਾਧਾ, ਭਾਈ ਜੀ ਦਾ ਮਸੰਦ ਨੂੰ ਸ੍ਰਾਪ ਤੇ ਮਸੰਦ ਦੇ ਮਰਨ ਦਾ ਪ੍ਰਸੰਗ । 239

Digitized by Panjab Digital Library | www.panjabdigilib.org

24 ਗੰਗਾ ਦੇ ਅਸਨਾਨ ਨੂੰ ਮੁਖ ਰਖ ਕੇ ਦੇਸਾਂ ਦਾ ਉਧਾਰ ਭਾਈ ਜੀ ਨੇ ਕੀਤਾ, ਗੰਗਾ ਦੇ ਪ੍ਰੋਹਤਾਂ ਨੇ ਬਸਾਵਲੀ ਸੁਨਾਈ 252

25 ਬਲਰਾਜਾ ਦਾ ਯਗ, ਇੰਦਰ ਪੁਕਾਰ ਬਾਵਨ ਰੁਪ ਧਾਰ ਛਲਨ ਪਸ:

ਸਗਰ ਰਾਜਾ ਦੇ ਸਠ ਹਜ਼ਾਰ ਪੁਤਰ ਕਲਮੁਨੀ ਦੇ ਸਰਾਪ ਨਾਲ ਭਸਮ ਹੋਣ ਦਾ ਪ੍ਰਸਗ, ਪੁਤਰਾਂ ਦੇ ਉਧਾਰ ਵਾਸਤੇ ਸਗਰ ਰਾਜੇ ਦੀ ਸਤਵੀਂ ਪੀੜੀ ਭਗੀਰਥ ਤੇ ਗੰਗਾ ਆਦਿ।

ਭਾਈ ਜੀ ਦੇ ਪੁਤਰਾਂ ਦਾ ਸਾਕ ਗੰਗਾ ਤੇ ਹੋਇਆ, ਗੋਇੰਦਵਾਲ ਖੰਡੂਰ ਸਾਹਿਬ ਦਾ ਪ੍ਰਸੰਗ।

ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵੇਖ ਕੇ ਸ੍ਰੀ ਗੁਰੂ ਅੰਗਦ ਸਾਹਿਬ ਨੇ ਬਿਅੰਤ ਵਰ ਦਿਤੇ ਤੇ ਕਿੱਲਾ ਹਰਾ ਹੋਇਆ।

ਲੈਹਣਾ ਜੀ ਦੇ ਜਿਮੇ ਬਖਤਾਵਰ ਚੋਂ: ਹਰੀਕੇ ਦਾ ਚਾਰ ਹਜ਼ਾਰ ਰੁਪਯਾ ਨਿਕਲਾ,ਲੈਹਣਾ ਜੀ ਚਾਰ ਹਜ਼ਾਰ ਦੇ ਤਾਰਨ ਦੇ ਜ਼ਿਕਰ ਮੈਹਮੇ ਖੈਹਰੇ ਦੀ ਨੂੰਹ ਨੂੰ ਮਿਲੇ,ਮੇਹਮੇ ਖੈਹਰੇ ਦੀ ਨੂੰਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਨ ਜਾਨਾ ਦਸਿਆ, ਵਲਾਈ ਮੇ: ਖੈ: ਦੀ ਨੂੰਹ ਨੇ ਮਖਣ ਲਸੀ ਗੁਰੂ ਨਾਨਕ ਜੀ ਨੂੰ ਛਕਾਈ ਦਾ ਪ੍ਰਸੰਗ। 270

26 ਲੈਹਣਾ ਜੀ ਵਲਾਈ ਨੂੰ ਉਪਦੇਸ਼ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ, ਸ੍ਰੀ ਗੁਰੂ ਨਾਨਕ ਜੀ ਲੈਹਣਾ ਜੀ ਨੂੰ ਮਿਲੇ ਮੁੜ,ਹਿਸਾਬ ਕਰਨ ਬਖਤਾਵਰ ਵਰ ਵਰ ਵਲਾਪ ਲਿਆ 290

ਬਾਬੇ ਜੀ ਦੇ ਵਾਕ ਨਾਲ ਦੇਣੇ ਦੇ ਲੈਣੇ ਨਿਕਲੇ ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ, ਸ੍ਰੀ ਤਰਨ ਤਾਰਨ ਤੀਰਥ।

Digitized by Panjab Digital Library | www.panjabdigilib.org

27 ਤਾਰਾ ਚੰਦ ਜੀ ਦਾ ਵਿਆਹ ਤੇ ਪਿਸ਼ੌਰ ਦੀਆਂ ਸੰਗਤਾਂ ਦਾ ਉਧਾਰ, ਪੰਜੇ ਸਾਹਿਬ ਜਦੋਂ ਜੰਞ ਪੁਜੀ ਤਾਂ ਸੰਗਤ ਨੂੰ ਪੰਜੇ ਸਾਹਿਬ ਦਾ ਪ੍ਰਸੰਗ ਸੁਨਾਇਆ ਪਿਛੋਂ ਵਿਆਹਾ ਸਮੇਂ ਇਕ ਪਿੰਗਲੀ ਲੜਕੀ ਦੀਆਂ ਗਿਆਨ ਮਈ ਸਿਠਨੀਆਂ, ਭਾਈ ਜੀ ਨੇ ਪਿੰਗਲੀ ਨੂੰ ਸਾਵਧਾਨ ਕੀਤਾ ਤੇ ਮਾਪਿਆਂ ਭਾਈ ਬੁਧੂ ਜੀ ਨੂੰ ਵਿਆਹ ਦਿਤੀ — 304

28 ਭਾਈ ਲਖੂ ਜੀ ਨੇ ਵਾਂਜੋ ਬੜਾ ਭਾਰੀ ਖੂਹ ਹੈ ਟਪੀ, ਦੋ ਜਗਿਆਸੂਆਂ ਦਾ ਭਾਈ ਜੀ ਨੂੰ ਮਿਲਨਾ ਇਕ ਦਾ ਉਧਾਰ ਤੇ ਇਕ ਖਾਲੀ । — 318

29 ਕੜਾਹ ਪ੍ਰਸ਼ਾਦ ਦੀ ਮਰਯਾਦਾ ਜੇਹੜੀ ਸਾਂਈ ਦਾਸ ਨੂੰ ਸੁਨਾਈ ਸੀ, ਭਾਈ ਜੀ ਨੇ ਸੰਗਤ ਨੂੰ ਵਰਨਨ ਕਰ ਸੁਨਾਈ । — 327

ਬਾਬੇ ਸ੍ਰੀ ਚੰਦ ਜੀ ਤੇ ਇਕ ਸਿਖ ।

ਬਾਬੇ ਬੁਢਾ ਜੀ ਨੇ ਤਿਸ ਸਿਖ ਨੂੰ ਛਡਾਇਆ ।

ਬਾਬੇ ਸ੍ਰੀ ਚੰਦ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ

ਵਰਨ ਦੇਵਤੇ ਨੂੰ ਕੜਾਹ ਪ੍ਰਸਾਦਿ ਦੀ ਬਖਸ਼ੀਸ
ਬਾਬੇ ਸ੍ਰੀ ਚੰਦ ਜੀ ਦਾ ਸ੍ਰਾਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖਸਾਇਆ

30 ਭਾਈ ਬੁਧ ਚੰਦ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੜਛਾ ਤ ਦੇਗ ਬਖਸ਼ੀ — 342

ਤੇ ਦੇਗ ਚਲਾਨ ਦਾ ਹੁਕਮ ਕੀਤਾ ।

31 ਸ੍ਰੀ ਅੰਮ੍ਰਿਤਸਰ ਦੀ ਉਤਪਤੀ ਤੇ ਮਹਾਤਮਾ ਸਤਿ ਯੁਗ ਵਿਚ ਰਾਜੇ ਇਖਵਾਕ ਨੇ ਰਿਖੀਆ ਪਾਸੋਂ ਯਗ ਕਰਨ ਵਾਸਤੇ ਉਤਭੂਮੀ, ਇੰਦਰ ਨੇ ਅੰਮ੍ਰਿਤ ਕਲਸਾ ਲਿਆ ਦਰਬਾਰ ਦੀ ਥਾਂ ਰਖਿਆ ਯਗ — 350

Digitized by Panjab Digital Library | www.panjabdigilib.org

ਪੁਰਖ ਹੁਤਾਸਨ ਰੂਪਧਾਰ ਪ੍ਰਗਟ ਹੋ ਰਾਜੇ ਨੂੰ ਵਰ ਦਿਤਾ ।

ਤ੍ਰੇਤੇ ਯੁਗ ਮੈ ਲਉ ਕੁ ਸੁਨੇ ਯਗ ਰਚਿਆ
ਦੇਵ ਦੈਤਾਂ ਦੇ ਯੁਧ ਤੇ ਕਾਲ ਪੈਣ ਕਾਰਨ ਤੀਰਲ ਲੋਪ

ਕਲਯੁਗ ਵਿਚ ਸ੍ਰੀ ਗੁਰੂ ਨਾਨਕ ਜੀ ਨੇ ਇਥੇ ਤਪ ਕੀਤਾ ਸ੍ਰੀ ਗੁਰ ਰਾਮ ਦਾਸ ਜੀ ਨੋ ਤੀਰਥ ਰਚਿਆ ।

32 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਿੰਗਲੇ ਦੇ ਅਸ਼ਨਾਨ ਕਰਨ ਤੇ ਕਸ਼ਟ ਦੂਰ ਹੋਣ ਦਾ ਤੇ ਉਸ ਦੀ ਇਸਤਰੀ ਨੂੰ ਯਕੀਨ ਕਰਾਕੇ ਸ੍ਰੀ ਅੰਮ੍ਰਿਤਸਰ ਪਕਾ ਕਰਾਇਆ । 362

33 ਭਾਈ ਜੀ ਦੇ ਤੋਟ ਪ੍ਰਸਾਦਿ ਮੰਨ ਮਨਨੁ ਦੀ ਕਥਾ । 373

34 ਵਜੀਰਾਂਵਾਦ ਦੇ ਪਾਦਸ਼ਾਹੀ ਵਜੀਰ ਨੂੰ 500 ਦਾ ਘਿਉ ਦੇਣ, ਹਵਜੈ ਖਾਂ ਪਾਸੋਂ, ਸਾਤਗੁਰਾਂ ਭਾਈ ਜੀ ਦੀ ਪੈਜ ਰੁਖੀ, ਕੌਤਕ ਅਸਚਰਜ ਨਵਸ਼ਾਹਾ ਵਲੀਪੀਤ ਦੇ ਮਿਲਾਪ ਦਾ ਪ੍ਰਸੰਗ । 379

35 ਖਾਰਾ-ਮਾਗਟ ਦੀ ਮਹਾਂ ਪਵਿਤਰ ਅਸਥਾਨ ਕਦਰੂ ਬਨਿਤਾ ਸਧਾ ਦੀਆਂ ਮਾਵਾਂ 398

36 ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਚ ਖੰਡ ਪਯਾਨ ਦੇ ਕਾਰਨ ਕਾਹਨੇ ਨਾਲ ਸਰਾਪ ਦੇਣ ਲੈਣ ਦਾ ਪ੍ਰਸੰਗ ।

ਚੰਦੂ ਦੀ ਲੜਕੀ ਦਾ ਸਾਕ ਮੋੜਨ ਦਾ ਪ੍ਰਸੰਗ

ਚੰਦੂ ਦੇ ਸਿਖਾਏ ਨਜੂਮੀ ਨੇ ਜਹਾਂਗੀਰ ਨੂੰ ਭੇੜੇ ਦਿਨ ਆਏ ਦਾ ਭਰਮ ਪਾਇਆ । 412

37 ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੜੇ ਆਦਰ ਸਹਿਤ ਬੁਲਾ ਭੇਜਿਆ ਤੇ ਸਤਿਗੁਰ ਆਇਆ ਨੂੰ ਚੰਦੂ ਘਰ ਲੈ ਗਿਆ ਚੰਦੂ ਅਪਨੀ ਲੜਕੀ ਦਾ ਸਾਕ ਮਠਾਨ ਵਾਸਤੇ ਬੜੇ 430

Digitized by Panjab Digital Library | www.panjabdigilib.org

ਕਸ਼ਟ ਦਿਤੇ ਤੇ ਸ੍ਰੀ ਗੁਰ ਜੀ ਰਾਵੀ ਵਿਚ ਜਤੀ ਜੋਤ ਸਮਾ ਗਏ।

ਜਹਾਂਗੀਰ ਨੂੰ ਸੁਪਨਾ ਕੇ ਤੂੰ ਮਰ ਕੇ ਕੁਤੇ ਦੀ ਜੂਨ ਪਵੇਗਾ।

ਮੀਆਂ ਮੀਰ ਦਾ ਬਾਦਸ਼ਾਹ ਨੂੰ ਸਮਝਾਨਾ ਕਿ ਸੀ ਗੁਰੂ ਹਰਗੋਬਿੰਦ ਜੀ ਤੇਂ ਬਖਸ਼ਾ।

ਸ੍ਰੀ ਹਰ ਗੋਬਿੰਦ ਜੀ ਨੇ ਗੁਵਾਲੀਅਰ ਦੇ ਕਿਲੇ ਵਿਚੋਂ ਰਾਜੇ ਕੈਦੋਂ ਛੁੜਾਏ।

ਸ੍ਰੀ ਗੁਰੂ ਹਰਗੋਬਿੰਦ ਜੀ ਰਾਜਿਆਂ ਨੂੰ ਨਾਲ ਲੈ ਦਿਲੀ ਗਏ।

38	ਬਾਦਸ਼ਾਹ ਨੇ ਚੰਦੂ ਸ੍ਰੀ ਗੁਰ ਜੀ ਦੇ ਹਵਾਲੇ ਕਰ ਦਿਤਾ, ਚੰਦੂ ਦਾ ਦੁਰਦਿਸ਼ਾ ਦੇ ਨਾਲ ਮੌਤ ਤੇ ਉਸ ਦੀ ਇਸਤਰੀ ਦਾ ਵਿਰਲਾਪ।	452
39	ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਈ ਬੰਨੋ ਜੀ ਨੂੰ ਅੰਮ੍ਰਿਤਸਰ ਬੁਲਾ ਭੇਜਿਆ। ਭਾਈ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਲਜਾ ਕੇ ਸਤਿਗੁਰਾਂ ਤੋਂ ਪ੍ਰਵਾਨਗੀ ਦਸਤਖਤ ਕਰਾਏ।	463
40	ਲਖੂ ਜੀ ਨੂੰ ਗੁਰੂ ਹਰਗੁਬਿੰਦ ਜੀ ਨੇ ਜੁਧ ਵਾਸਤ ਆਪਣੇ ਪਾਸ ਰਖ ਲਇਆ, ਸਤਿਗੁਰ ਸ਼ਾਹ ਜਹਾਂ ਦੀ ਬਾਤੀ ਨ ਪਕੜੀ। ਇਸ ਨਾਲ ਜੁਧ ਕਰਨੇ ਹੈਨ।	471
41	ਲਖੂ ਜੀ ਦਾ ਮਗਲ ਖਾਂ ਨਾਲ ਮੁਕਾਬਲਾ ਤੇ ਪੈਦੇ ਖਾਂ ਦੀ ਚੜਾਈ ਤੇ ਪੈਦਾ ਖਾਂ ਨੂੰ ਸ੍ਰੀ ਗੁਰੂ ਜੀ ਨੇ ਮਾਰਿਆ। ਲਲਾ ਕੰਬ ਚੜਾਈ ਤੇ ਉਸ ਦਾ ਮਰਨਾ ਕਾਲ ਨੂੰ ਭਾਈ ਨੇ ਜਵਾਬ ਦੇ ਕੇ ਮੋੜ ਦਿਤਾ ਤੇ ਸੁਰੰਗੀ ਪ੍ਰਲੋਕ ਸਿਧਾਰ ਗਏ।	486
42	ਮਾਤਾ ਸੁਰੰਗੀ ਜੀ ਦੀ ਨੂੰਹਾਂ ਨੂੰ ਸਿਖਿਆ	504

Digitized by Panjab Digital Library | www.panjabdigilib.org

ਭਾਈ ਜੀ ਦਾ ਪੁਤਰਾਂ ਪ੍ਰਤੀ ਅੰਤ ਦਾ ਉਪਦੇਸ਼
ਅਤੇ ਭੰਡਾਰਾ ਭਾਈ ਜੀ ਦਾ ਪ੍ਰਲੋਕ ਗਮਨ

43 ਭਾਈ ਮਲ ਜੀ ਦਾ ਭਾਈ ਜੀ ਦੇ ਗੰਗਾ ਫੁਲ ਲੈ ਜਾਣ ਦਾ ਪ੍ਰਸੰਗ 519

44 ਹੇਲਾਂ ਦੇ ਹਾਕਮ ਨੂੰ ਭਾਈ ਜੀ ਦੇ ਪੁਤਰਾਂ ਨੇ ਸਿਧੇ ਰਾਹ ਪਾਇਆ । ਦੁਨੀ ਚੰਦ ਮਕੇਵਾਲ ਨੇ ਭਾਈ ਜੀ ਦੀ ਸਮਾਧ ਦੀ ਸੇਵਾ ਕਰਨੀ : ਕਾਦਰਾਂ-ਵਾਦ ਦੇ ਅਰੋੜੇ ਬੇਮੁਖ ਹੋਏ ਤੇ ਉਹਨਾਂ ਦੀ ਦੁਰ-ਦਸ਼ਾ ਤੇ ਫਿਰ ਕਿਰਪਾਲਤਾ । ਭਾਈ ਦਾਨ ਸਿੰਘ ਦਾ ਇਕ ਬਿਲਾ ਦੇ ਨਾਲ ਮੁਕਾਬਲਾ ਤੇ ਸਤਿਗੁਰੂ ਕੀ ਬਾਣੀ । ਮਾਹਾਂ ਪ੍ਰਸਾਦਿ ਦੇ ਪ੍ਰਸੰਗ ਬੀਰ ਬਲ ਭਿਰਾ ਦਾਨ ਸਿੰਘ ਦਾ
ਭਾਈ ਦਾਨ ਸਿੰਘ ਜੀ ਦਾ ਅੰਤ ਸਮੇਂ ਆਪਨੀ ਘੋੜੀ ਸਮੇਤ ਪ੍ਰਲੋਕ । 531

45 ਗੋਲਾ ਸਿੰਘ ਦੇ ਪੁਤਰ ਤੇ ਬਾਲਕਾਂ ਦਾ ਖੇਨੂੰ ਚੁਰਾਨਾ ਤੇ ਗੋਲਾ ਸਿੰਘ ਜੀ ਨੂੰ ਝੂਠ ਆਖਿਆ ਕਰਕੇ ਸ੍ਰਾਪ ਦੇ ਨਾਲ ਮਾਂ ਪੁਤਰ ਮਰ ਗਏ ।

ਭਾਈ ਲਖੂ ਜੀ ਦੀ ਸੰਤਾਨ ਸ਼ਿਕਾਰ ਪੁਰ ਤੋਂ ਸ੍ਰੀ ਦਰਬਾਰ ਸਾਹਿਬ ।

ਭਾਈ ਸਾਧੂ ਜੀ ਦੀ ਕਥਾ ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਅਥ ਭਾਈ ਬੰਨੋ ਪ੍ਰਕਾਸ਼ਿ ਲਿਖਯਤੇ ।

ਗੁਰ ਉਸਤਤ ॥

ਦੋਹਿਰਾ :— ਸ੍ਰੀ ਗੁਰੂ ਨਾਨਕ ਜਾਨੀਐ ਆਦਿ ਰੂਪ ਕਰਤਾਰ ।
ਚਰਨ ਕਮਲ ਤਿਨ ਉਰਧਰੋ ਦੀਜ ਬੁਧ ਸੁਧਾਰ ।

ਗੁਰ ਅੰਗਦ ਗੁਰ ਅਮਰ ਦਾਸ ਰਾਮਦਾਸ ਗੁਰ ਜਾਨਾ ।
ਸ੍ਰੀ ਗੁਰ ਅਰਜਨ ਚਰਨ ਕੋ ਹੀਬੇ ਧਾਰ ਕਰ ਧਿਆਨਾ ।

ਕਰਹੀ ਕ੍ਰਿਪਾ ਸਭਿ ਜਗਤਿ ਤੇ ਬਾਣੀ ਕੀਓ ਸੰਕੇਤ ।
ਭਵ ਸਾਗਰ ਕੋ ਤਰਨ ਕੋ ਰਚਿਓ ਗ੍ਰੰਥ ਸੁਭਿ ਸੇਤ ।

ਹਰਿ ਗੋਬਿੰਦ ਹਰਿ ਰਾਇ ਗੁਰ ਸ੍ਰੀ ਹਰਿ ਕ੍ਰਿਸ਼ਨ ਬਿਚਾਰ ।
ਗੁਰ ਤੇਗ ਬਹਾਦਰ ਧਰਮਿ ਹਿਤ ਦੀਓ ਸੀਸ ਸੁਖਕਾਰ ।

ਗੁਰੂ ਗੋਬਿੰਦ ਸਿੰਘ ਸੁਰਨ ਗੁਰ ਰਚਿਓ ਖਾਲਸਾ ਪੰਥ ।
ਚਾਰ ਪਦਾਰਥ ਮੁਕਤਿ ਲਗ ਦਈ ਨਾਮ ਕੀ ਸੰਥ ।

ਕਥਿਤ :— ਰਚਿਓ ਸੁਭ ਪੰਥ ਦਈ ਨਾਮ ਹੀ ਕੀ ।
ਸਭ ਓਟ ਗਹੀ ਗੁਰ ਗ੍ਰੰਥ ਸਦਾ ਭਜਨ ਦਿੜਾਵਤੋ ।
ਕੀਟ ਤੇ ਕੀਏ ਮਿਗਿਦਨ ਨੀਚ ਤੇ ਸੁਭਏ ।
ਨਰਿੰਦ ਤੋਰ ਕੇ ਅਰਿੰਦ ਤਾ ਕੋ ਦੇਸ ਛੀਨ ਲਿਆਵਤੋ ।
ਪ੍ਰਬੀਨ ਦੇਖ ਸੇਸ ਗੁਨ ਗਾਵਤੋ ।
ਗੁਰੂ ਜੀ ਗੋਬਿੰਦ ਸਿੰਘ ਜਗ ਮੈ ਨ ਹੋਤੇ ।
ਜਬ ਕਲੂ ਕੇ ਕਲੇਸ ਕਹੁ ਕਵਨ ਤੋਂ ਮਿਟਾਵਤੋ ।

Digitized by Panjab Digital Library | www.panjabdigilib.org

ਦੋਹਿਰਾ :— ਸਾਧੂ ਗੜ੍ਹੇ ਗਰੀਬ ਦਿਜ ਜਾਇ ਨ ਨਿਮਿਤ ਅਵਤਾਰ ।
ਵੇਦ ਪੁਰਾਨ ਸਾਸਤ ਧਰਾ ਰਖਾ ਸੁਨ ਰਬ ਪੁਧਾਰ ।
ਦਸ ਅਵਤਾਰ ਗੁਰਦੇਵ ਕੇ ਏਕ ਰੂਪ ਜੀ ਜਾਨ ।
ਚਰਨ ਕਮਲ ਬੰਦਨੰ ਰਿਦੇ ਧਾਰ ਕਰ ਧਿਯਾਨ ।

ਚੌਪਈ :- ਬਯਾਸ ਅਵਤਾਰ ਭਏ ਜਗ ਭਾਈ
ਸ੍ਰੀ ਗੁਰਦਾਸ ਨਾਮ ਸੁਖਦਾਈ ।
ਗੁਰ ਕੀ ਆਗਿਆ ਜਬਿ ਤਿਨ ਭਈ ।
ਰਚੀ ਬੀੜ ਗੁਰ ਗ੍ਰੰਥ ਸੁਨਈ ।
ਭਾਈ ਬੰਨੋ ਪਰ ਉਪਕਾਰੀ
ਸਿਸਟ ਸਕਲ ਦੇ ਨਾਮ ਸੁਧਾਰੀ
ਵਸਿਟ ਮੁਨੀਧਰ ਜਗ ਅਵਤਾਰਾ
ਕਲੂ ਕਾਲ ਜੀਅਨ ਨਿਸਤਾਰਾ । 10 ।

ਭਾਈ ਮਨੀ ਸਿੰਘ ਭਏ ਗਿਆਨੀ
ਗਿਆਨ ਗੁੜ ਜਿਨ ਕਰਾ ਬਖਾਨੀ
ਸ੍ਰੀ ਗੁਰ ਸ਼ਬਦ ਸੁ ਆਸ਼ਾ ਗੂੜ ।
ਪ੍ਰਗਟ ਕਰਾ ਜਗਤ ਮਹ ਰੂੜ ।
ਰਾਮ ਸਿੰਘ ਕੇਵਲ ਸਿੰਘ ਗਿਆਨੀ
ਸੁਧਾ ਸਰੋਵਰ ਬਸੈ ਸੁਧਿਆਨੀ
ਸ੍ਰੀ ਗੁਰ ਬਾਣੀ ਮੈਂ ਬ੍ਰਿਤ
ਅਵਰ ਨਾ ਕੋਈ ਖਿਆਲ ਸੁਚਿਤਾ

ਦੋਹਿਰਾ :— ਜੋ ਜੋ ਪ੍ਰਭ ਹੈ ਭਏ ਭੂਤ ਭਵਿਖ ਭਵਾਨ ।
ਚਰਨ ਕਮਲ ਬੰਦੋ ਤਿਨੇ ਮਨ ਬਚ ਕਰਮ ਸੁਜਾਨ ।

ਕਵ ਵਾਚ :- ਮੈਂ ਮਨ ਮੈਂ ਉਪਜਤ ਭਇਉ ਐਸੇ ਕਛੁ ਖਿਆਲ
ਪੜੇ ਅਰਥ ਗੁਰ ਗ੍ਰੰਥ ਕੇ ਸੰਥਾ ਸੰਗ ਰਸਾਲ ।

ਚੌਪਈ ;- ਪਰਾਲਭਤ ਭਾਵੀ ਕਾ ਖੇਲ
ਉਨ ਸੰਗ ਬਨਾ ਆਨ ਕਰ ਮੇਲ ।
ਮਨ ਕੀ ਬ੍ਰਿਥਾ ਮੁਝੈ ਸੁਨਾਈ ।
ਚਾਹੋ ਗ੍ਰੰਥ ਸੰਥ ਸੁਖ ਦਾਈ । 14 ।

Digitized by Panjab Digital Library | www.panjabdigilib.org

ਅਵਰ ਵਾਸਨਾ ਮੁਝੈ ਨ ਕੋਈ
ਅਰਥ ਵਿਚਾਰ ਸਮਝ ਚਿਤ ਹੋਈ
ਗੁਰੂ ਕੋ ਆਸ਼ਾ ਅਹੈ ਬਿਅੰਤ ।
ਮਨ ਮੈਜਾਨੋ ਕਛੁ ਸੁ ਮੰਤ । 15।

ਸੁਨ ਕਰ ਤਿਨ ਆਦਰ ਹੈ ਕਰਾ ।
ਤਬ ਅਰੰਭ ਪੜ੍ਹਿ ਚਿਤ ਧਰਾ ।
ਤਿਨ ਕੀਨੋ ਬਡ ਪ੍ਰਉਪਕਾਰਾ ।
ਅਰਥ ਪ੍ਰਮਾਰਥ ਧਰਾ ਬਿਚਾਰਾ । 16।

ਦੋਹਰਾ ;- ਰਾਮ ਸਿੰਘ ਗਿਯਾਨੀ ਅਹੈ ਭਾਈ ਉਭੈ ਸੁਜਾਨ
ਕੇਵਲ ਸਿੰਘ ਸੁ ਨਾਮ ਤਿਸ ਬਡੇ ਸੁਬਿਦਆਵਾਨ ।

ਅਬ ਕਥਾ ਦੀ ਉਤਪਤੀ ਵਰਨਨ

ਦੋਹਰਾ ; ਏਕ ਸਮੈ ਸੰਗਤ ਮਿਲੀ ਪ੍ਰੇਮੀ ਸਿਖ ਸੁਰ ਗਿਆਨ ।
ਹਾਥ ਜੋੜ ਸਿਰ ਨਿਬਾਇਕੇ ਪੂਛਿਓ ਮੁਹਿ ਪ੍ਰਿਤਆਨ ।
ਭਾਈ ਬੰਨੋ ਕੀ ਕਥਾ ਮੁਝੈ ਸੁਨਨ ਕੀ ਚਾਹ ।
ਕਰੀ ਅਨਾਇਤ ਸਤਿਗੁਰੂ ਸਿਖੀ ਬਖਸੀ ਤਾਹ ।

ਚੌਪਈ ; ਕੈਸੇ ਜਨਮ ਭਯੋ ਜਗ ਬੀਚ ।
ਕੇਤਕ ਬਰਸ ਰਹੈ ਤਹ ਵੀਚ ।
ਕੇਸ ਗੁਰ ਅਰਜਨ ਸੰਗ ਮੇਲ ।
ਸ੍ਰੀ ਗੁਰੂ ਗਰੰਥ ਸਾਹਿਬ ਕਾ ਖੇਲ । 20।
ਪ੍ਰਉਪਕਾਰ ਕਰ ਜਗਤ ਉਧਾਰਾ ।
ਸੁਹ ਪ੍ਰਿਤ ਇਹ ਸਭ ਕਰੇ ਉਚਾਰਾ ।
ਕੈਸੇ ਗਵਨ ਜਗਤ ਤੇ ਕੀਨੋ ।
ਜੋਤੀ ਜੋਤ ਮਿਲੈ ਰਸਿ ਭੀਨੋ । 21।

ਕਵਿ ਵਾਚ ਸੰਗਤਿ ਪ੍ਰਿਤ

ਦੋਹਰਾ ; ਧੰਨ ਮਾਤਾ ਤਵ ਭਾਤ,
ਧੰਨ ਧੰਨ ਤਵ ਕੁਲ ਧੰਨ ਵੰਸ ।
ਧੰਨ ਨਗਰ ਧੰਨ ਧਾਮ,
ਵਹਿ ਜਿਹ ਨਿਪਜੇ ਅਵ ਤੰਸ । 22।

ਚੌਪਈ ; ਸੁਨੋ ਸਿਖ ਸੰਗਤ ਗੁਰ ਪਿਆਰੇ ।

Digitized by Panjab Digital Library | www.panjabdigilib.org

ਸਭ ਪ੍ਰਸੰਗ ਹਉ ਕਰਉ ਉਚਾਰ
ਗੋਪ ਕਥਾ ਭਾਈ ਕੀ ਅੰਹ
ਪ੍ਰਗਟ ਕਰ ਤੁਮ ਪ੍ਰਿਤ ਹਮ ਕਹੈ । 23 ।

ਬਾਲ ਬੇਸ ਮੈ ਮੁਝ ਸੁਨ ਪਾਈ ।
ਪਿਤਾ ਬੰਸ ਕੁਲ ਜਨ ਅੈ ਭਾਈ ।
ਸਮਕ ਸ੍ਰਵਣ ਸੁਨੀ ਸਭ ਕਥਾ ।
ਕੁਛ ਸਿਮਰਤ ਕਛੁ ਰਹੀ ਨ ਤਥਾ । 24 ।

ਬਹੁ ਬ੍ਰਖ ਬੀਤੇ ਏਹ ਭਾਤ ।
ਕਿਨੇ ਨ ਆਗੇ ਪੂਛੀ ਬਾਤ ।
ਭ੍ਰਰ ਭਾਗ ਤੁਮਰੈ ਹੈ ਜਾਗੈ ।
ਪੂਛੀ ਕਥਾ ਹੋਇ ਅਨਰਾਗੈ । 25 ।

ਸ੍ਰੀ ਗੁਰ ਚਰਨਨ ਧਰ ਉਰ ਧਿਯਾਨ ।
ਸੰਕਲਪ ਸੰਕੋਚ ਸੁਰ ਹੋਇ ਗਿਆਨ ।
ਪ੍ਰਮ ਪਵਿਤ੍ਰ ਕਥਾ ਸੁਖਸਾਰੀ ।
ਪਾਪਨ ਕੇ ਕਾਟਨ ਕੋ ਆਰੀ । 26 ।

ਦੋਹਰਾ ;— ਭਾਈ ਬੰਨੋ ਕੀ ਕਥਾ ਸੇਸ਼ਨ ਪਾਵਤ ਅੰਤ ।
ਸਾਰਸੁਤੀ ਬਕਤਾਰ ਰੈਗਣ ਪਤ ਲਿਖੈ ਬਿਅੰਤ ।
ਸਪਤ ਦੀਪ ਕਾਗਦ ਕਰੈ ਕਲਮ ਕਰੈ ਬਨਰਾਇ ।
ਸਭ ਸਾਗਰ ਮਸ ਕੇ ਭਰੇ ਤਦਪ ਅੰਤ ਨਾ ਪਾਇ ।
ਮੋਰੀ ਮਤਿ ਅਤਿ ਤੁਛ ਬਡਿ ਕੈਸੇ ਕਰੇ ਉਚਾਰ ।
ਅਨਤਰ ਤਰੇ ਜੋ ਸਿੰਧ ਕੋ ਕੈਸੇ ਉਤ੍ਰ ਸੁ ਪਾਰ । 29 ।

ਸ੍ਰੀ ਗੁਰੂ ਨਾਨਕ ਚਰਨ ਕੋ ਸਰਨ ਧਾਰ ਚਿਤ ਸੇਤ ।
ਭਵ ਸਾਗਰ ਉਤਤ ਭਏ ਕਲਮੇ ਜੰਤ ਸੁਕੇਤ । 30 ।

ਚੋਪਈ ;- ਸੋ ਆਸ੍ਰਮਨ ਮੈਂ ਮੁਝ ਧਾਰਾ ।
ਧੀਰਜ ਧਰ ਚਿਤ ਕਰੋ ਉਚਾਰਾ ।
ਨਹਿ ਪੰਡਿਤ ਗਿਆਨੀ ਕਵਿ ਨਾਹਿ ।
ਨਹਿ ਪਿੰਗਲ ਪੜਿਓ ਅਵਗਾਹਿ । 31 ।

Digitized by Panjab Digital Library | www.panjabdigilib.org

ਪ੍ਰੇਮ ਕਥਾ ਕਾਰਣ ਏਹ ਜਾਣ ।
ਅਵਰ ਨਮਿਤ ਨ ਕੋਇ ਪਛਾਣ । 32 ।

ਦੋਹਰਾ :- ਜਬਿ ਜਬਿ ਕਲਿਜੁਗ ਹੋਤਿ ਹੈ ।
ਗੁਰ ਵਪਧਰ ਕਰਤਾਰ ।
ਦੁਸਟ ਅਰਿਸਟ ਸੰਘਾਰ ਕੇ
ਕਰਤ ਸੰਤ ਜੈਕਾਰ । 33 ।

ਧਵਲ ਧਰਮ ਧਸ ਕਤ ਭਯੋ ਰਹਿਓ ਨ ਕਛੁ ਤਨ ਧੀਰ ।
ਚਲੀ ਰਸਾਤਲ ਪ੍ਰਿਥਵੀ ਪਾਪਨ ਗ੍ਰਸੀ ਅਧੀਰ । 34 ।

ਸਵੈਯਾ ;- ਗਾਇ ਕੋ ਰੂਪ ਸੁਧਾਰ ਧ੍ਰਾ ਮਨ ਦੇਵਨ ਪੈ ਦੁਖ ਜਾਇ ਕੇ ਰੋਈ ।
ਸੰਗ ਲਏ ਅਪਨੈ ਕਰਕੇ ਸੁਰ ਨਾ ਇਕ ਕੇ ਢਿਗ ਆਇ ਖਰੋਈ ।
ਦੇਖ ਦਸਾ ਸੁਰਪਤਿ ਤਿਨੈ ਕਹਿ
ਬ੍ਰ ਬ੍ਰਹਮਾ ਕੇ ਪਾਸ ਚਲੇ ਸਭ ਲੋਈ ।
ਬਹਮ ਬਿਚਾਰ ਸੁਧਾਰ ਕਹਿਯੋ
ਬਿਸ ਨਾਥ ਬਿਨਾਂ ਦੁਖ ਕਾਟਿ ਹੈ ਕੋਈ । 35 ।

ਦੋਹਰਾ ;- ਸਿਵ ਬਿਰੱਚ ਸੁਰਪਤਿ ਮਿਲੈ ਸੁਰ ਮੁਨ ਕਿਓ ਬਿਚਾਰ ।
ਗਹੋ ਸਰਨ ਜਗਦੀਸ਼ ਕੀ ਚਲੋ ਸੁ ਤਾਹ ਅਗਾਰ । 36 ।

ਚੌਪਈ ;- ਛੀਰ ਸਮੁੰਦਰ ਅਹੈ ਜਹ ਭਾਰੀ ।
ਸੁਰ ਮੁਨ ਚਲੇ ਬ੍ਰਹਮ ਲੈ ਨਾਰੀ ।
ਆਗੈ ਪ੍ਰਿਥੀ ਗਊ ਧਰ ਰੂਪਾ ।
ਪੀਛੇ ਸੁਰ ਸਭ ਚਲੈ ਅਨੂਪਾ ।
ਪਹੁਚਤ ਭਏ ਜਹ ਸਿਵਰਾਈ ।
ਸੇਸਾਸਨ ਪਰ ਸੇਜ ਸੁਹਾਈ ।
ਪੜੇ ਅਸਤੋਤ੍ਰ ਬੇਦ ਬਿਧਾਨਾ ।
ਕਰੀ ਪੁਕਾਰ ਸੁਰ ਮੁਨ ਗਣਿ ਨਾਨਾ । 38 ।

ਵਿਸਨ ਦੇਵ ਸੁਰ ਲਖੇ ਸੁਆਰਤ ।
ਵੇਤ੍ਰ ਪਾਣ ਸੰਗ ਕਹੀ ਸੁ ਬਾਰਤ ।
ਪੂਛੋ ਜਾਇ ਤਵਨ ਕਾ ਭੇਵ ।
ਕਵਨ ਖੰਡ ਕੇ ਅਹੋ ਸੁ ਦੇਵ । 39 ।

Digitized by Panjab Digital Library | www.panjabdigilib.org

ਕਵਨ ਕਾਰਜ ਆਏ ਸੁਰ ਸਾਰੇ ।
ਕਵਨ ਤੁਮ ਕੀ ਨੇ ਦੁਖਿਆਰੇ ।
ਸਬੀ ਮਨੋਰਥ ਅਪਨਾ ਭਾਖੋ ।
ਕਛੁ ਅੰਤਰ ਮਨ ਤੇ ਨਹ ਰਾਖ਼ੋ । 40 ।

ਵੇਤ੍ਰਪਾਣ ਆਵਤ ਭਇਓ ਜਹ ਸੁਰ ਖ਼ਰੇ ਅਨਾਥ ।
ਚਤ੍ਰਾਨਨ ਲਖ ਤਿਸ ਕਹਾ ਅਬ ਤੁਮ ਭਏ ਸਨਾਥ । 41 ।

ਚੌਪਈ :- ਸੁਨੀ ਪੁਕਾਰ ਤੁਮਾਰੀ ਅੰਦਰ ।
ਸ੍ਰੀ ਵਿਸਨਾਥ ਬਸੈ ਜਿਹ ਮੰਦਰ ।
ਕਵਨ ਖੰਡ ਕੇ ਤੁਮ ਹੋ ਦੇਵ ।
ਮੋਹ ਬਤਈਓ ਅਪਨੋ ਭੇਵ । 42 ।

ਕਿਸ ਊਪਰ ਤੁਮਰੀ ਫਰੀਆਦਿ ।
ਕਿਨੈ ਦੁਖਾਇਓ ਕਰੋ ਸੁਦਾਦ ।

ਬ੍ਰਹਮਾ ਵਾਚ :- ਭਾਰਥ ਖੰਡ ਜੱਬੂ ਹੈ ਦੀਪ ।
ਰਾਮ ਕ੍ਰਿਸ਼ਨ ਜਹਿ ਭਏ ਮਹੀਪ । 43 ।

ਤਿਸ ਬ੍ਰਹਮੰਡ ਕੇ ਹਮਹ ਨਿਵਾਸੀ ।
ਬ੍ਰਹਮਾ ਰੁਦਰ ਸੁਰ ਪਤੇ ਸੁਬਾਸੀ ।
ਆਸਰਿੰਦ ਜਵਨ ਭਏ ਪ੍ਰਿਥੀ ਮਹੀਪਾ ।
ਤਿਨੈ ਦੁਖਾਇਓ ਜੰਬੂ ਦੀਪਾ । 44 ।

ਭੁਜੰਗ ਛੰਦ ; ਨਹੀ ਬੇਦ ਪਾਠਨ ਹੀ ਦੇਵ ਪੂਜੰ ।
ਨਹੀਂ ਤੀਰਥੰ ਦਾਨ ਨਾਹੋਮ ਹੂਜੰ ।
ਨਹੀਂ ਜੱਗ ਤਪ ਨਹੀਂ ਬ੍ਰਤ ਹੋਈ ।
ਨਹੀਂ ਬ੍ਰਨ ਆਸ੍ਰਮ ਕੋ ਧਰਮ ਕੋਈ । 45 ।

ਭਈ ਇਸਟ ਤੇ ਮਿਸਟ ਹੈ ਭਰਿਸਟ ਸਾਰੀ ।
ਭਇਓ ਭੁਮ ਕੋ ਕਸਟ ਅਰਿਸਟ ਭਾਰੀ ।
ਬਿਨਾਂ ਆਪ ਸਮਰਥਨ ਦੇਵ ਕੋਈ ।
ਹਤ ਦੂਖ ਭੂਮੰ ਦਏ ਸੁਖ ਸੋਈ । 46 ।

Digitized by Panjab Digital Library | www.panjabdigilib.org

ਦੋਹਰਾ ;- ਜਾ ਬਿਧ ਕਰੀ ਪੁਕਾਰ ਸੁਰ ਸੁਨੀ ਸੁ ਪ੍ਰਭੂ ਦਾਤਾਰ ।
ਸਭ ਦੇਵਨ ਧੀਰਜ ਦਯੋ ਧਰੋ ਸੁਨਰ ਅਵਤਾਰ । 47 ।

ਚੌਪਈ ;- ਦੇਸ ਦੇਸ ਸਿਖਨ ਕੋ ਧਾਮਾ ।
ਨਰ ਬਪੁ ਧਾਰ ਕਰੋ ਅਸ ਕਾਮਾ ।
ਗਰ ਨਾਨਕ ਧਰ ਭਗਤਿ ਆਇ ਅਵਤਾਰ ।
ਹਰੋ ਆਏ ਪ੍ਰਿਥਵੀ ਕੋ ਭਾਰ ।
ਦਸ ਵਪੁ ਧਾਰ ਕਾਰਜ ਤਵ ਕਰੋ ।
ਅਖਲ ਭਾਰ ਪ੍ਰਿਥਵੀ ਕੋ ਹਰੋ ।
ਅਕਾਲ ਪੁਰਖ ਬਾਣੀ ਅਸਕਰੀ ।
ਚੜ੍ਹਾਨਨ ਸ੍ਰਵਣ ਮਹਪ੍ਰੀ ।
ਅਵਰ ਸ਼ੁਰਨ ਕਛੁ ਨਹ ਗਤਿ ਪਾਈ ।
ਚੜ੍ਹਾਨਨ ਪ੍ਰਿਤ ਆਏ ਧਾਈ ।
ਆਗੈ ਪ੍ਰਿਥੀ ਗੋਇ ਵਪੁ ਧਾਰਾ ।
ਨੈਨਨ ਨੀਰ ਸੁਚਲੈ ਅਪਾਰਾ । 50 ।

ਪਾਛੈ ਸੁਰ ਮੁਨ ਹੈ ਸਭ ਖਰੇ ।
ਬ੍ਰਹਮਾ ਸੋ ਅਸ ਬਚਨ ਉਚਰੇ ।
ਜਗ ਰਖਕ ਕਾਰਨ ਕਰਤਾਰੁ ।
ਕਸ ਬਚ ਕਹੈ ਸੁ ਕਰੋ ਉਚਾਰੁ । 51 ।

ਬਹਮਾ ਵਾਚ
ਸਭ ਸੁਰਨ ਪ੍ਰਿਤ

ਨਗਜ ਛੰਦ ; ਜਗਤਿ ਨਾਥ ਮੋਹ ਕੋ ਸੁ ਐਸ ਹੈ ਅਲਾਇਓ ।
ਸੁਨੋ ਸੁਨੋ ਸੁਰਿੰਦ ਕਾਨਦੈ ਸੁ ਤੋਹ ਕੋ ਸੁਨਾਇਓ ।
ਸੁਜਾਇ ਕੈ ਜਗਤ ਮੈਂ ਨਰੰਵਤਾਰ ਧਾਰੀਐ ।
ਦ੍ਰਿੜਾਇ ਨਾਮ ਦਾਨ ਭਾਵ ਸੇਵ ਵਿਸਤਾਰੀਐ ।
ਪ੍ਰਭਾਤ ਉਠਿ ਨਿਤਨੇਮ ਨਾਮ ਮੌਹੈ ਲੀਜੀਐ ।
ਤਿਆਗ ਔਰ ਕਾਮ ਕੋ ਭਰੋਸ ਚਿਤ ਕੀਜੀਐ ।
ਬਿਚਾਰ ਬਿਨਾਂ ਸਤ ਕੈ ਸੁ ਝੂਠ ਔਰ ਜਾਨਿਓ ।

Digitized by Panjab Digital Library | www.panjabdigilib.org

ਸੁ ਐਸ ਵਿਸ ਨਾਥ ਆਪ ਤੋਹ ਕੋ ਬਖਾਨਿਓ । 53 ।

ਦੋਹਰਾ ;- ਜਾਬਿਧ ਸੁਨਾ ਬਿਚਾਰ ਸੁਰ ਸਭ ਆਏ ਨਿਜ ਧਾਮ ।
ਮੁਦਤ ਭਏਮਨ ਮੈਂ ਕਬੈ ਪਾਇ ਸੁਖ ਬਿਸ੍ਰਾਮ । 54 ।

ਸੋਰਠਾ ; ਪ੍ਰਿਥਵੀ ਕੀਓ ਸਮੋਜ ਸਭ ਦੇਵਨ ਤਿਹ ਆਇ ਕੇ ।
ਹਰਹੈ ਤੁਮਰੋ ਰੋਗ ਮਹਾਂ ਪੁਰਖ ਅਵਤਾਰ ਧਰ । 55 ।

ਚੋਪਈ : ਪ੍ਰਿਥਵੀ ਕੋ ਕਰਕੇ ਅਸਵਾਸ ।
ਅਪਨੇ ਸੁਰ ਸਭ ਗਏ ਅਵਾਸ ।
ਵਿਸਨ ਦੇਵ ਗੁਰ ਨਾਨਕ ਭਏ ।
ਸੁਰ ਸਭ ਸਿਖ ਸੰਗ ਹੈ ਲਏ । 56 ।

ਆਨ ਹਰਾ ਪ੍ਰਿਥਵੀ ਕਾ ਭਾਰ ।
ਸੁਪ੍ਰਸੰਗ ਸਭ ਕਹੋ ਸੁਧਾਰ ।
ਸਭ ਪ੍ਰਕਾਰ ਕਹਿ ਤੁਮੇਂ ਸੁਨਾਊ ।
ਜਾਤੇ ਸਭ ਸੰਤਨ ਰਿਝਵਾਊਂ । 57 ।

ਦੋਹਰਾ :- ਜਾ ਬਿਧ ਪੂਰਬ ਕਥਾ ਇਹਿ ਸੁਨੋ ਸੰਤ ਚਿਤ ਲਾਇ ।
ਭਾਈ ਬੰਨੋ ਗਾਥ ਅਬ ਬਰਨੋਂ ਤੁਮ ਪ੍ਰਿਤ ਆਇ । 58 ।

ਅਬ ਕਥਾ ਪ੍ਰਸੰਗ ਬ੍ਰਨਨੰ ।

ਦੋਹਰਾ :- ਆਦਿ ਪੁਰਖ ਅਪ ਆਪ ਮਧ ਕੀਨੋ ਐਸ ਬਿਚਾਰ ।
ਰਚੋ ਜੁਗਤ ਪ੍ਰਪੰਚ ਇਹ ਨਨਤ ਭਾਵ ਕੋ ਧਾਰ । 59 ।

ਓਅੰ ਧੁਨ ਕੋ ਜਬਹੀ ਕਹਾ ।
ਸੋ ਸਭ ਹੀ ਪੂਰਨ ਹੋਇ ਰਹਾ ।
ਨਾਭ ਕਮਲ ਤੇ ਬ੍ਰਹਮਾ ਭਯੋ ।
ਤਾਤੇ ਅਤ੍ਰੀ ਰਿਖ ਭਵ ਲਯੋ । 60 ।

ਚੰਦਰ ਦੇਵ ਭਇਓ ਤਿਸ ਤੇ ਜਾਨ ।
ਪ੍ਰਉ ਰਵਿ ਨਿਰਪ ਤਿਹਨਿਪਜਾਇਓ ਮਾਨ ।
ਅਜੂ ਜ਼ਸਤ ਤਾਕੋ ਹੈ ਤਾਤ ।
ਨੋਖ ਨਿੰਦ ਉਪਜਾਇ ਬਿਖਿਆਤ । 61 ।

ਜੁਜਾਤ ਮਹੀਪ ਭਯੋ ਜਗਵਾਸ ।

Digitized by Panjab Digital Library | www.panjabdigilib.org

ਇੰਦਰ ਅਰਧਾਸਨ ਦੀਨੋ ਤਾਸ ।
ਜਦਿ ਪ੍ਰਿਥਵੀ ਪਤਿ ਤ੍ਰਿਸਤੇ ਭਯੰ ।
ਜਾਦਵ ਕੁਲ ਜਾਤੇ ਜਗ ਠਇਓ ।62।

ਦੋਹਰਾ ;- ਜਦਿ ਕੀ ਜਦ ਮਹ ਜਾਨੀਓ ਬਾਸਦੇਵ ਬਿਖਿਆਤ ।
ਤਿਨਕੇ ਗ੍ਰਿਹ ਨਿਪਜਤ ਭਯੋ ਕ੍ਰਿਸ਼ਨ ਦੇਵ ਹੁਇ ਤਾਤ ।63।

ਤੋਟਕ ਛੰਦ ; ਜਗ ਬੀਚ ਤਿਸੈ ਕੁਲ ਫੈਲ ਰਹੀ ।
ਗਣਿ ਕੌਣ ਸਕੈ ਨਹਿ ਜਾਇ ਕਹੀ ।
ਜਦੁ ਨਾਥ ਮਲੈ ਸੁ ਬਿਚਾਰ ਕਰ ।
ਇਹ ਜਾਦਵ ਦੇਤ ਸੁ ਦੁਖ ਧਰਾ ।64।

ਇਹ ਸੰਸੇ ਪੂਰ ਸੰਸਾਰ ਅਹੈ ।
ਇਨਕੋ ਕਛੁ ਵਾਰਨ ਪਾਰ ਲਹੈ ।
ਇਹ ਮੋਹ ਕਿ ਬੀਚ ਅਹੈ ਜ ਪਰਾ ।
ਨਖ ਸਿੰਖ ਪ੍ਰਜੰਤ ਸੁਬੂਡ ਮਰਾ ।65।

ਮੁਹਿ ਇਛ ਬਿਕੁੰਠ ਸਿਧਾਵਨ ਕੀ ।
ਸੁਤ ਨਾ ਤਹਿ ਨਾਲ ਲਿਜਾਵਨ ਕੀ ।
ਇਹ ਪਾਛ ਰਹੇ ਦੁਖ ਦੇਵਹਗੇ ।
ਜਗ ਮਾਹ ਅਪੰਜਸ ਲੇਵਹਗੇ ।66।

ਮਧੁ ਭਾਰ ਛੰਦ ;ਮਨ ਮ ਵਿਚਾਰ ।
ਕੀਨੋ ਸੁਧਾਰ ।
ਸ੍ਰਿ ਕ੍ਰਿਸ਼ਨ ਦੇਵ ।
ਅਲਖੰ ਅਭੇਵ ।67।

ਦੁਰਬਾਸ ਆਨ ॥
ਰਿਖੀ ਸੁ ਪਛਾਨ ।
ਸੁਤ ਰਿਦ ਪਰੇਰ ।
ਆਨੇ ਸੁ ਘੇਰ ।68।

ਤੋਟਕ ਛੰਦ ;- ਸਭਿ ਬਾਲ ਸੁ ਆਨ ਇਕਤ੍ਰ ਭਏ ।
ਭਿਹ ਭੂਖਨ ਬਸਨ ਸੁਧਾਰ ਲਏ ।

Digitized by Panjab Digital Library | www.panjabdigilib.org

ਜੁਮਵੈਂਤਹ ਤੇ ਸੁਤ ਹੈ ਜੁ ਭਯੋ ।
ਤਿਹ ਸਾਥ ਸੁ ਨਾਮਹਿ ਸੋ ਕਹਿਯੋ । 69 ।

ਚਿਤ੍ਰ ਪਦਾ ਛੰਦ :ਰੂਪ ਤਿਸੈ ਤ੍ਰਿਯ ਧਾਰਾ ।
ਸੰਗ ਲਏ ਅਪਰ ਬਾਰਾ ।
ਪਟ ਮਧ ਧਰ ਲਹ ।
ਆਇ ਕਿ ਪਾਸ ਖ੍ਹੰ । 70 ।
ਫੂਲ ਫਲੰ ਧਾਰ ਕੈਸੇ ।
ਵਾਕ ਕਹੈ ਮੁਖ ਐਸੇ ।
ਲਹੁ ਗੁਰੂ ਪ੍ਰਸਾਦੰ ।
ਭਾਖੈ ਵਾਕ ਅਨਾਦੰ ।

ਮਲਕ ਛੰਦ :—ਪੂਤ ਇਸ ਕੋ ਜੁ ਹੋਇ ।
ਕੌਨਕਾ ਕਿ ਜਾਣੇ ਸੋਇ ।
ਆਪ ਸਾਚਿ ਭਾਖੈ ਬਾਤਿ ।
ਆਇ ਤੋਹ ਪਾਸ ਤਾਤ । 72 ।

ਦੋਹਰਾ :— ਜਾ ਬਿਧ ਸਭ ਕਰ ਜੋਰ ਕੈ ਖਰੈ ਚਰਨ ਕੇ ਪਾਸ ।
ਹੇ ਰਿਖੁ ਉਤਰ ਦੀਜੀਐ ਹਮਰੀ ਇਹ ਅਰਦਾਸ । 73 ।

ਚੌਪਈ ;— ਸੁਨ ਮੁਨੀ ਸਉਰਿ ਧਿਯਾਨ ਸੋ ਧਰਾ ।
ਦੋ ਘਟ ਬੀਤ ਬਿਚਾਰੁ ਸੁਕਰਾ ।
ਇਨ ਮੋਹਿ ਸੰਗ ਹੈ ਹਾਸੀ ਕਰੀ ।
ਤਿਸ ਕਾ ਫਲ ਦੇਵਹਿ ਇਕ ਘਰੀ । 74 ।
ਇਹ ਹੀਯੇ ਕੋ ਪਕਰ ਮੁਨੀ। ਉਚਾਰਾ ।
ਸੁਨੋ ਬਾਤ ਜੁ ਮੋਹਿ ਵਿਚਾਰਾ ।
ਸਭ ਜਾਦਵ ਕੁਲ ਹਵੈ ਨਾਸਾ ।
ਤੁਮਰੀ ਪੂਰਨ ਹੁਇ ਹੈ ਆਸ਼ਾ ।

ਦੋਹਰਾ ;— ਸੰਤਹਿ ਸੇਤੀ ਮਸਕਰੀ ਏਹ ਬਡ੍ਹੂਨ ਕੀ ਰੀਤਿ ।
ਜੇ ਸੁਖ ਚਾਹੋ ਅਪਨੋ ਤੋਂ ਤਿਨਸੋ ਕਰੋ ਪ੍ਰਤਿ । 76 ।

ਚੌਪਈ ,— ਐਸੇ ਬਚਨ ਸੁਨੇ ਜਦੁਰਾਈ ।
ਰਿਖ ਚਰਨਨ ਪ੍ਰਪਰਾ ਸੁਆਈ ।

Digitized by Panjab Digital Library | www.panjabdigilib.org

ਅਸ ਬਚ ਸੁਨ ਜਾਦਵ ਸਭ ਰੋਏ ।
ਇਨ ਬਾਲਨ ਹਮਰੇ ਸੁਖ ਖੋਇ । 77 ।
ਸੰਤ ਸੰਗ ਇਨ ਕਪਟ ਜੁਗਰਾ ।
ਸੋ ਅਪਰਾਧ ਮੋਹ ਸਿਰ ਪਰਾ ।
ਉਪਾਇ ਕਰੋ ਕਛੁ ਆਗੇ ।
ਜਾਕਰ ਕਲੋਂ ਕੋ ਸਾਪ ਨ ਲਾਗੈ । 78 ।
ਰਿਖ ਕੇ ਬਚਨ ਨਾ ਅਨਥ ਜਾਇ ।
ਜੋਕਰ ਕਰੇ ਸੁ ਅਨਕ ਉਪਾਹ ।
ਸੰਤ ਸ੍ਰਾਪ ਮੇਟੈ ਨਹਿ ਕੋਈ ।
ਸਿਵ ਬਿਰੰਚ ਬਿਸ ਨਾਦਕ ਹੋਈ । 79 ।

ਅੜਿਲ :— ਸਭ ਜਾਦਵ ਮਿਲ ਏਸ ਉਪਾਵ ਵਿਚਾਰਿਓ ।
ਬਾਟੀ ਬਾਲੁ ਮਹਿ ਘਸਾਇ ਸੁ ਡਾਰਿਓ ।
ਬੈਠ ਸਮੁੰਦਰ ਕਿਨਾਰੇ ਦਈ ਘਸਾਇਕੈ ।
ਹੋ ਥੋਰਕ ਜੋ ਕੁਛ ਰਹੀ ਸੁ ਦਈ ਬਗਾਇਕੈ । 80 ।

ਦੋਹਰਾ ;— ਲੋਹ ਟੁੰਬ ਜਲ ਮਹਿ ਪ੍ਰੀ ਮਛੁ ਲੀਲ ਤਿਹ ਲੀਨ ।
ਬਨਛੀ ਫਧਕ ਡਾਰ ਤਿਹ ਫਾਂਧਕ ਭਾਇਓ ਸੁਮੀਨ । 81 ।

ਸੋਰਠਾ ,— ਹੋਨਹਾਰ ਜਿਹ ਆਇ ਕਛੂ ਨ ਚਲੈ ਉਪਾਵਤਿਹ ।
ਨਹਿ ਕੋ ਓਰੇ ਸਹਾਇ ਕਰੀਐ ਜਤਨ ਅਨੇਕ ਜਹਿ । 82 ।

ਚੋਪਈ ;— ਸੋ ਫਲ ਫੇਧਕ ਕੇ ਕਰ ਆਇਓ ।
ਬਾਨ ਮੁਖਾਗਰ ਤਿਨੈ ਜਗਾਇਓ ।
ਜ਼ੇ ਤਕ ਲੋਹ ਅਵਰ ਘਿਸਵਾਵਾ ।
ਸੁ ਦੁਧਾਰ ਖੰਡਾ ਹੁਇ ਆਵਾ । 83 ।
ਦੇਖਨ ਮੈ ਦਿਬ ਰੂਪ ਦਿਖਾਈ ।
ਚਲੇ ਦੁਧਾਰੇ ਖੰਡੇ ਨਿਆਈ ।
ਜਬੀ ਵਹਿ ਸਮਾ ਬਨਿਓ ਤਹ ਆਇ ।
ਭਛਨ ਕਰੈ ਸੁ ਕਾਲ ਬਨਾਇ । 84 ।
ਸ੍ਰੀ ਕ੍ਰਿਸ਼ਨ ਕੋ ਭਓ ਵਿਜੋਗੁ ।
ਮਨਿ ਮਹਿ ਧਰਾ ਸੁ ਤਿਨ ਕਾ ਸੋਗ ।
ਹਰਖ ਸੋਗ ਤਿਨ ਕੋ ਕਛੁ ਨਾਹਿ ।
ਚਿਦ ਅਕਾਸ ਵਤ ਜਾਨੋ ਤਾਹਿ । 85 ।

Digitized by Panjab Digital Library | www.panjabdigilib.org

ਮਾਨਸ ਦੇਹ ਸੁਵਾਂਗ ਜੁ ਧਰਾ ।
ਤਾਤੇ ਹਰਖ ਸੋਗ ਹੈ ਕਰਾ ।
ਮਨ ਮੈ ਤਿਨ ਕੋ ਸੋਕ ਸੁਧਾਰੇ ।
ਆਏ ਪ੍ਰਕਾਸ ਕੇ ਪਰੋ ਕਨਾਰੇ । 86 ।
ਗੋਡੇ ਤੇ ਚਰਨਨ ਕੋ ਧਾਰ ।
ਕੀਓ ਸੈਨ ਤਿਨ ਬਨੈ ਮਝਾਰ ।
ਹੋਨ ਹਾਰ ਫੰਧਕ ਕੋ ਪ੍ਰੇਰ ।
ਰਿਖਕੇ ਸ੍ਰਾਪ ਸੁਆਨਾ ਘੇਰ । 87 ।

ਤੋਟਕ ਛਦ ;—ਤਿਨ ਫੰਧਕ ਐਸ ਬਿਚਾਰ ਕਰਾ ।
ਬਨ ਬੀਚ ਕਿਧੋ ਮਿਰਗ ਹੈ ਸੁਪ੍ਰਾ ।
ਅਸਜਾਨ ਕਿ ਬਾਨ ਸਿਧਾਨ ਕਿਓ ।
ਤਿਨ ਲਾਗਤਿ ਹੀ ਤਨ ਪ੍ਰਾਨ ਹਉ । 88।
ਨਿਜ ਆਇ ਨਜੀਕ ਤੁ ਕ੍ਰਿਸ਼ਨ ਪਰੇ ।
ਤਬ ਫੰਧਕ ਕਰਨ ਪਲਾਹਿ ਕਰੇ ।
ਮੁਹੇ ਪਾਪ ਅਸੰਖ ਅਪਾਰ ਕਰੇ ।
ਇਹ ਅਘ ਬਡੋ ਭਓ ਕ੍ਰਿਸਨ ਹਰੇ । 89 ।
ਅਸਫੰਧਕ ਕੋ ਹਰਿ ਬਾਤ ਕਹੀ ।
ਮੁਹ ਚਰਨਨ ਮੈ ਤਿਹ ਬ੍ਰਿਤ ਦਈ ।
ਧਰ ਧਿਯਾਨ ਜੁਗੀਸਰ ਧਿਯਾਵਤ ਹੈ ।
ਤਿਨ ਧਿਯਾਨ ਬਿਖੇ ਨਹਿ ਅਵਤ ਹੈ । 90 ।

ਦੋਹਰਾ ;— ਫੰਧਕੋ ਅਸ ਬਚਨ ਕਹਿ ਲੀਨੋ ਕੰਠ ਲਗਾਇ ।
ਜਹ ਮੁਹ ਤੁਹਤਿਹ ਆਇਓ ਨਰ ਸੰਸਾ ਕਛੁ ਆਹਿ । 91 ।
ਛਿਨਵ ਕਰੋੜੀ ਜਾਦਵਾ ਕ੍ਰਿਸ਼ਨ ਦੇਵ ਕਾਵੰਸ ।
ਮੁਨ ਸ੍ਰਾਪਤੇ ਛਇ ਭਓ ਬਚਿਓ ਨਾ ਕੋਉ ਅੰਸ । 92 ।
ਸਭ ਸ੍ਰਾਪੈ ਜਾਹਿ ਕੋ ਤਹ ਰਖਕ ਨ ਕੋਇ ।
ਬਿਸਨ ਬਿਰੰਚ ਸਿਵ ਸੁਰਿੰਦ ਬਲ ਬਾਵਨ ਜੇ ਹੋਇ । 93 ।
ਸ੍ਰੀ ਕ੍ਰਿਸ਼ਨ ਪਰਦੁਮਨ ਜੁ ਤਾਂਤ ।
ਤਿਨ ਕੋ ਸੁਤ ਅਨਰੁਧ ਵਿਖਯਾਤ ।

Digitized by Panjab Digital Library | www.panjabdigilib.org

ਜਬ ਹੀ ਸਬੈ ਬੈ ਕੁੰਠ ਸਿਧਾਰੇ ।
ਪਤਿ ਬਹੀਨ ਸਭ ਰਹੀ ਸੁ ਨਾਰੇ । 94 ।
ਅਨਰੁਧ ਸੁਤ ਰਹਿਯੋ ਸੁ ਉਦਟ ਮਝਾਰਾ ।
ਪਾਛੈ ਜਨਮ ਤਭ ਇਹਿ ਕੁਮਾਰਾ ।
ਬਜਰ ਨਾਭ ਤਾਕੋ ਹੈ ਨਾਮ ।
ਤਿਨ ਕੀ ਬਾਤ ਸੁਨੋ ਸੁਖ ਧਾਮ । 95 ।
ਸੂਰ ਬੀਰ ਭਯੋ ਬਲੀ ਨਰਿੰਦ ।
ਬਲ ਤੇ ਨਿਰਬਲ ਕੀਏ ਅਰਿੰਦ ।
ਤਿਸਕੈ ਸਮ ਨਹਿ ਦੂਸਰ ਕੋਇ ।
ਪਾਛੇ ਭਇਆ ਨ ਆਗੈ ਹੋਇ । 96 ।

ਤੋਟਕ ਛੰਦ :—ਤਿਨ ਕੇ ਗ੍ਰਿਹ ਪੂਤ ਸਪੂਤਿ ਭਯੋ ।
ਭਟ ਦੇਵ ਸੁ ਨਾਮਹਿ ਤਾਹਿ ਛਯੋ ।
ਭਟਨੇਰ ਪੁਰੀ ਤਿਨ ਆਨ ਰਚੀ ।
ਜਣ ਕੰਚਨ ਮੈਂ ਮਣ ਹੈ ਸੁ ਖਚੀ ।
ਬਹੁ ਕਾਲ ਸੁਰਾਜ ਕਰਾ ਸੁਖਸੋ ।
ਤਬ ਆਨ ਸਮਾ ਬਨਾ ਦੁਖ ਕੋ ।
ਬਡਿ ਜੋਧ ਬਲੀ ਅਤਿ ਹੋਤਿ ਭਯੋ ।
ਪੁਰਚੋ ਦਸ ਮੈਂ ਜਸਪੂਰ ਰਹਿਯੋ । 98 ।

ਚੌਪਈ :— ਜਨਮੇ ਜਾਕੋ ਸੁਤ ਬਲਵਾਨਾ ।
ਤਾਕੇ ਸਮ ਜਗ ਅਵਰ ਨਾ ਜਾਨਾ ।
ਜੈ ਸਿੰਘ ਬਡਿ ਬਲ ਭਟ ਭਾਰੀ ।
ਚੋਪਰ ਖੇਲ ਮੈਂ ਬਡੋ ਖਿਲਾਰੀ । 99 ।
ਅਸਮੇਧਾ ਅਰ ਅਸਮੇਧ ਹਾਰਾ ।
ਸੋ ਬਡਿ ਸੁਤ ਜਨਮੇਜ ਨਿਰਪਾਰਾ ।
ਤਿੰਨ ਸੰਗਤਿ ਨੇ ਸਪ੍ਰਸ ਭਈ ।
ਹੋਨਹਾਰ ਤਿਨ ਕੈ ਸਿਰ ਅਈ । 100 ॥
ਦਇ ਭਗਤ ਤਬਹੀ ਤਿਹ ਭਾਗੇ ।
ਰਜੀਆ ਪੂਤ ਪੀਛੈ ਤਿਸਲਾਗੇ ।
ਸਨੋਢ ਦੇਸ ਭਜ ਕਰ ਸੁ ਗਏ ।

Digitized by Panjab Digital Library | www.panjabdigilib.org

ਬ੍ਰਿਪ੍ਰਨ ਸ੍ਰੁਨ ਜਾਇ ਤਹ ਲਏ। 101।
ਅਪਨੀ ਬਿਰਥਾ ਭਾਖ ਸੁਨਾਈ ।
ਰਜੀਆ ਪੂਤ ਹਮ ਛਾਡਤ ਨਾਹੀ।
ਪ੍ਰਾਨ ਦਾਨ ਮੋ ਕਹੁ ਬਿਖ ਦੀਜੈ।
ਪ੍ਰਉਪਕਾਰ ਬਡੋ ਇਹ ਕੀਜੈ। 102।

ਦੋਹਰਾ ;— ਸੁਨੀ ਬਾਤ ਦੋਤ੍ਰੂ ਭਗਤ ਕੀ ਬਿਪਨ ਕੀਨ ਬਿਚਾਰ।
ਜਿਤੁੰ ਕਿਉ ਨ੍ਰਿਪ ਸੁਤ ਰਾਖੀਐ ਇਹੀ ਬਾਤ ਹੈ ਸਾਰ। 103।

ਚੌਪਈ ;— ਜਾਬਿਧ ਬਿਪਨ ਕੀਨ ਬਿਚਾਰੀ।
ਲਖੀ ਸੈਨ ਆਵਤ ਭ੍ਰਈ ਭਾਰੀ।
ਲਇਤ੍ਰਿ ਘੇਰ ਬਿਪਨ ਅਸਥਾਨਾ।
ਦਿਜਨ ਚਿੰਤ ਸੁ ਭਈ ਮਹਾਨਾ। 104।
ਆਇ ਜਸ੍ਰਸ ਬਾਤ ਅਸ ਕਹੀ ।
ਨ੍ਰਿਪ ਸੁਤ ਤੁਮ ਗ੍ਰਿਹ ਮਧ ਸੁ ਸਹੀ।
ਜੋ ਮੋਕੋ ਤੁਮ ਦੇਹ ਪਕਰਾਈ ।
ਨਹੀਂ ਤਉ ਨ ਛਾਡਤ ਮੁਹ ਨਾਹੀ। 105।

ਦੋਹਰਾ ;— ਬਲੀ ਹੋਇ ਜੁਇ ਜਗਤ ਤੇ ਤਿਨ ਕੋ ਕੁਛ ਨਾਵਸਾਹਾ।
ਬਿਪ ਗੁਰੂ ਪਿਤ ਭ੍ਰਾਤ ਸੁਤ ਤਿਨ ਕਰੇ ਵਿਨਾਹਾ। 106।

ਤੋਟਕ ਛੰਦ ;—ਮਿਲ ਆਪਸ ਮੇ ਬਿਪ ਏਸ ਕਹੇ।
ਰਜਪੂਤ ਬਲੀ ਬਲਵੰਤ ਅਹੇ ।
ਨਿਰਪ ਪੂਤਨ ਕੋ ਨਹ ਛੋਰਤ ਹੀ।
ਨਰਦੇਵ ਤਾ ਮੋਹ ਕੋ ਬੋਰਤ ਹੀ। 109।
ਬਡ ਕਠਨ ਸੁਬਾਤ ਹੈ ਆਨ ਬਨੀ।
ਤਬ ਆਪਸ ਮੈ ਬਿਪ ਬੈਠ ਗਨੀ।
ਮਿਲ ਕੈ ਸਭ ਬਿਪ ਸੁ ਆਤ ਭਏ।
ਸੁ ਅਸੀਰਹ ਬਾਦ ਸੁਨਾਤ ਅਏ। 108।
ਤਿਨ ਸੋ ਅਜ ਸਿੰਘ ਸੁ ਪੁਛ ਭਲੇ।
ਮੁਹ ਸਤ੍ਰ ਤੁਮੈ ਗ੍ਰਿਹ ਆਇ ਛਏ।
ਉਨ ਕੀ ਭੁਜ ਮੋਹ ਪਕੜਾਇ ਦੋਹ।

Digitized by Panjab Digital Library | www.panjabdigilib.org

ਹਮ ਜਾ ਹਿਚਲੇ ਤੁਮ ਧਾਮ ਰਹੋ । 109 ।
ਠਹ ਦੇ ਹੁਤੰ ਭੋਜਨ ਮੋਹ ਕਰੋ ।
ਗਰ ਤੇ ਸੁ ਜਨੇਵ ਉਤਾਰ ਧਰੋ ।
ਤਬ ਬਿਪਨ ਨਾ ਨਿਪ ਅਸ ਦਏ ।
ਰਜਪੂਤ ਤਿਨੈ ਗ੍ਰਿਹ ਬੰਸ ਕਏ । 110 ।

ਦੋਹਰਾ ;— ਬਿਪਨ ਸੁੜਾ ਛਿਨਾਇ ਕੈ ਛੜਨ ਕੋ ਨਿਪ ਦੀਨ ।
ਇਨ ਕੀ ਉਨੇ ਉਨਕੀ ਇਨੈ ਕਰੋ ਧੁਮਾ ਤਿਹ ਛੀਨ । 111 ।

ਚੌਪਈ :- ਜਾ ਬਿਧ ਜੀਤ ਬਿਪ ਨਿਰਪ ਚਲਾ ॥
ਕਰੇ ਬਿਜੈ ਅਖਲੀ ਅਚਲਾ ॥
ਜੀਤ ਜੀਤ ਸਭ ਮਹਿ ਪਤ ਲੀਨੈ ॥
ਛਤ੍ਰੀ ਤੇ ਕਰਵੰਸ ਸੁ ਦੀਨੇ ॥ 112 ॥

ਅੜਿਲ :— ਅਜੈ ਸਿੰਘ ਚਲਿ ਆਇਓ ਨਗਰ ਭਟਨੇਰਈ ॥
ਕੀਓ ਆਨ ਸੰਗ੍ਰਾਮ ਨਾ ਕੀਨੀ ਡੇਰਈ ॥
ਭੰਟੰਤ ਦੇਵ ਸੰਗ ਲੱਗਾ ਕਿਓ ਘਸਮਾਨ ਹੈ ॥
ਹੋ ਸਭ ਜਾਨ੍ਹ ਏਹ ਕਥਾ ਪ੍ਰਸਿਧ ਜਹਾਨ ਹੈ ॥ 113 ॥

ਭੁਜੰਗ ਛੰਦ :— ਭਯੋ ਜੁਧ ਭਾਰੀ ਕਹਾ ਕੋ ਬਖਾਨੈ ॥
ਹਭੇ ਸੂਰ ਬੰਕੇ ਪਰੇ ਤਾਚ ਥਾਨੈ ॥
ਅਜੈ ਸਿੰਘ ਕੀ ਸੈਨ ਹੈ ਬਲੀ ਜਾਨੋ ॥
ਭੰਟ ਦੇਵ ਕੀ ਪ੍ਰਿਤ ਨਾਹੀ ਨ ਮਾਨੋ ॥ 114 ॥
ਭਈ ਅੰਧ ਧੁੰਧੰਨ ਨਹੀਂ ਦ੍ਰਿਸ਼ਟ ਆਵੈ ॥
ਕਛੂ ਰੈਨ ਦਿਵਸੰ ਤਹਾਂ ਨਾ ਲਗਾਵੈ ।
ਭਟੰ ਦੇਵ ਹਾਰਾ ਸ੍ਯੰਨ ਆਏ ਲੀਨੋ ॥
ਅਜੈ ਸਿੰਘ ਤਿਹ ਛੱਡ ਤੇ ਵੰਸ ਕੀਨੋ ॥ 115 ॥

ਸੋਰਠਾ :- ਕੀਓ ਸੁਭਟ ਸੰਗ ਭੇਰ ਵਰਨ ਪਰਓ ਤਬ ਭਾਟੀਆ ॥
ਗਰਜਿਓ ਰਣ ਜਿਵ ਸੈਰ ਜਾਤ ਪਰੀ ਤਹ ਗਾਜਰਾ ॥ 116 ॥
ਮਾਨਤ ਭਇਓ ਸੁ ਆਨ ਅਜੈ ਸਿੰਘ ਰਜਪੂਤ ਕੀ ॥
ਜਾਹਰ ਸਗਲ ਜਹਾਨ ਕਥਾ ਸੁਅਹਿ ਪ੍ਰਸਿਧ ਜਗ ॥ 117 ॥

ਚੌਪਈ :- ਅਵਰ ਜਾਤ ਕਈ ਭੇਦ ਸੁ ਭਏ ॥

Digitized by Panjab Digital Library | www.panjabdigilib.org

ਅਜੈ ਸਿੰਘ ਰਜੀਆ ਸੁਤਿ ਕਏ ॥
ਜਾ ਬਿਧ ਕਥਾ ਮੋਹ ਹੈ ਸੁਨਿ ॥
ਸੋ ਸੰਛੇਪ ਇਹ ਲਿਖੀ ਸੁ ਗੁਨੀ ॥ 118 ॥
ਕਰਾ ਰਾਜ ਤਿਸ ਦੇਸ ਮੰਝਾਰਾ ॥
ਛਤ੍ਰੀ ਤੇ ਭਏ ਵੰਸ ਨਿਰਪਾਰਾ ॥
ਤਿਸ ਕਲ ਮੈਂ ਧਨ ਭਯੋ ਦੇਵ ॥
ਦੁਇ ਸੁਤ ਤਿਨ ਕੇ ਭਏ ਅਭੇਵ ॥ 119 ॥

ਦਨੂ ਦੇਵ ਮਨੂ ਫੁਨਦੇਵ ॥
ਦਨੂ ਦੇਵ ਕੇ ਦੁਇ ਸੁਤ ਭੇਵ ॥
ਬ੍ਰਹੰਤ ਦੇਵ ਜਾਨੋ ਤਹ ਨਾਮ ॥
ਮਨੂ ਦੇਵ ਦੂਸਰ ਅਭਿਰਾਮ ॥ 120 ॥

ਦੋਹਰਾ :- ਮਨੂ ਦੇਵ ਗ੍ਰਿਹ ਜਨਮਿਓ ਪੂਤਿ ਨਾਮ ਹਰਿ ਦਾਸ ॥
ਤਿਨ ਕੀ ਕਛਾ ਸੰਛੇਪ ਕਛ ਤੁਮ ਪ੍ਰੀਤ ਕਹੋ ਪ੍ਰਕਾਸ਼ ॥ 121 ॥

ਚੌਪਈ .- ਜਨਮਤ ਭਯੋ ਭਗਤ ਸੁਰ ਗਿਆਨੀ ॥
ਨਾਮ ਦਾਨ ਸਦ ਪ੍ਰੀਤ ਸੁਧਿਜਾਨੀ ॥
ਸਤਿ ਸੰਗਤਿ ਕੀ ਕਰੈਹੈ ਸੇਵਾ ॥
ਹਰਿ ਜਸੁ ਸੁਨੈਸ ਪੜੇ ਅਭੇਵਾ ॥ 122 ॥
ਭੂਤਿ ਭਵਿਖ ਭਵਾਨ ਮੰਝਾਰੀ ॥
ਤਿਨ ਤੇ ਨਹ ਕਛੁ ਦੁਰੀ ਵਿਚਾਰੀ ॥
ਇਹੁ ਸਭਿ ਮਇਆ ਸੰਤਨ ਕੇਰੀ ॥
ਦਿਬ ਕ੍ਰਿਸ਼ਟ ਦਈ ਨਾਹ ਸੁ ਡੇਰੀ ॥ 123 ॥
ਅਬ ਕਛ ਕਥਾ ਤਾਸ ਸਨ ਲੀਜੈ ॥
ਪੀਛੈ ਤੈ ਫਿਰ ਅੰਮਰਿਤ ਪੀਜੈ ॥
ਸ੍ਰੀ ਗੁਰੂ ਨਾਨਕ ਜਗ ਬਪੁ ਧਾਰਾ ॥
ਤਾਰਨ ਕੋ ਆਏ ਸੰਸਾਰਾ ॥ 124 ॥

ਕਲਆਨ ਸੈਨ ਕੇ ਗ੍ਰਿਹ ਭਇਓ ਤਾਤਾ ॥
ਦੂਤੀ ਆਦਿਤ ਜਨ ਰਚਾ ਬਿਧਾਤਾ ॥ 125 ॥
ਬਾਲ ਪ੍ਰੈਸ ਜਬ ਭਈ ਬਤੀਤਾ ॥
ਜੁਬਾ ਬਿਵਸਤਾ ਕੀ ਸੁਨ ਰੀਤਾ ॥
ਤਿਲਵੰਡੀ ਸਤਿ ਗੁਰ ਕੋ ਧਾਮ ॥
ਜਾਹਰ ਪੁਰਖ ਸੁ ਜਾਨ ਤਮਾਮ ॥ 126 ॥

Digitized by Panjab Digital Library | www.panjabdigilib.org

ਸਵੈਯਾ :- ਏਕ ਸਮੈ ਪਿਤ ਬਾਤ ਕਹੀ ਸੁਤ ॥
ਜਾਇਕੈ ਭੇਸ ਚਰਾਇ ਲੈ ਆਈਐ ॥
ਬਿਰਧ ਭਯੋ ਬਪੁ ਮੋਹ ਕੋ ਜਾਨਿ ਤੁਮੈ
ਸਮਰਥ ਸੁ ਕਾਰਜ ਕਈਐ ॥
ਪਿਤਾ ਬਚ ਮਾਨ ਗਏ ਬਨ ਕੋ ਸੰਗ
ਭੇਸੰ ਲਈ ਬਨ ਜਾਇ ਚਰੀਐ ॥
ਮੈ ਕਈ ਦਿਵਸ ਬਿਤੈ ਇਸ ਕਾਰਜ
ਦਿਨ ਜਾਇ ਨਿਸਾਚਲ ਧਾਮਸੁ ਅਈਐ ॥ 128 ॥

ਏਕ ਸਮੇ ਭਇਓ ਕੌਤਕ ਏਸ ਸੁਨੋ ਸਭ ॥
ਸੰਗਤ ਸੁ ਸ੍ਰਵਣ ਲਗਾਈ ॥
ਸ੍ਰੀ ਗੁਰ ਦੀਨ ਦਇਆਲ ਦਇਆ
ਨਿਧ ਆਵਤ ਭੇ ਬਨ ਮੇ ਸੁਖਦਾਈ ॥
ਆਪ ਧਿਆਨ ਮੇ ਲਾਇ ਬ੍ਰਤੰ ਸੁਖ
ਰੂਪ ਸਰੂਪ ਸੇ ਬੀਚ ਸਮਾਈ ॥
ਭੇਸ ਸਕੇ ਚਲ ਖੇਤ ਪਰੀ ਚਰਖੇਤ
ਗਈ ਕਛੁ ਸਾਰ ਨ ਪਾਈ ॥ 129 ॥

ਦੋਹਰਾ ;— ਉਤਿ ਤੇ ਆਇਓ ਕਿਰਸਾਨ ਤਬ ਨਿਰਖਤ ਭਾਇਓ ਸੁਖੇਤ ॥
ਕਿਰਖੀ ਮੈਂ ਕਛੁ ਨਹ ਰਹਾ ਹੇਰਤ ਭਇਓ ਅਚੇਤ ॥ 129 ॥

ਚੌਪਈ :— ਉਚੈ ਰੋਵਤ ਕਰਤ ਪਕਾਰਾ ॥
ਹਾ ਹਾ ਮੁਖ ਤੇ ਕਰਤ ਉਚਾਰਾ ॥
ਭੇਸ ਲਈ ਗੁਰਕੀ ਧਰ ਆਗੈ ॥
ਇਤ ਸੁਨ ਸ਼ੋਰ ਸ੍ਰੀ ਗੁਰ ਜਾਗੇ ॥ 130 ॥

ਰਾਇ ਬਲਾਰ ਜਹਾ ਤਹਿ ਆਇਓ ॥
ਕਾਲੂ ਸੁਤ ਮੁਹ ਖੇਤਿ ਗਵਾਇਓ ॥
ਸੁਨੀ ਪੁਕਾਰ ਰਾਵ ਤਬ ਕਹੀ ॥
ਕਾਲੂ ਲੇਹੁ ਬੁਲਾਇ ਸੁ ਸਹੀ ॥ 131 ॥

ਕਾਲੂ ਸੁਨੇ ਬਚਨ ਤਬ ਆਵਾ ॥
ਰਾਇ ਬਲਾਰ ਕਹੀ ਸਮਝਾਵਾ ॥
ਕਾਲੂ ਸੁਨੋ ਪੂਤ ਕੀ ਬਾਤਾ ॥
ਦਇਓ ਉਜਾੜ ਖੇਤ ਬਿਖ ਆਤਾ ॥ 132 ॥

Digitized by Panjab Digital Library | www.panjabdigilib.org

ਤਬ ਕਾਲੂ ਸ੍ਰੀ ਗੁਰ ਪ੍ਰਿਤ ਕਹਾ ॥
ਨੀ ਕੋ ਕਾਮ ਤਾਤ ਨਹੀਂ ਆਹਾ ॥
ਕਛੂ ਕਟਕ ਬਚਨ ਅਵਰ ਭੀ ਭਾਖੇ ॥
ਸ੍ਰੀ ਗੁਰ ਸੁਨ ਕਰ ਹਿਰਦੈ ਰਾਖੈ ॥ 133 ॥

ਦੋਹਰਾ ;— ਫਿਰ ਬੋਲਾ ਕਿਰਸਾਨ ਤਬ ਹਮਰੋ ਕਰੋ ਨਿਯਾਉ ॥
ਜੇ ਕਰ ਤੁਝ ਤੇ ਨਹ ਸਰੈ ਤਉ ਹਉ ਤੁਰਕੀ ਜਾਉ ॥ 134 ॥

ਅੜਿਲ ;— ਸੁਨ ਕਰ ਬਚਨ ਗੁਰ ਦੇਵ ਐਸ ਤਬ ਭਾਖਿਓ ॥
ਇਨ ਕੋ ਤ੍ਰਿਣ ਇਕ ਨਾਹ ਗਾਇਓ ਅਸ ਆਖਿਓ ॥
ਹਮਰੋ ਸ਼ਾਹਦ ਏਕ ਜਾਨ ਕਰਤਾਰ ਹੈ ॥
ਹੋ ਦੂਸਰ ਨਿਪ ਹਰਿ ਦਾਸ ਸੁਸਾਖੀ ਸਾਰ ਹੈ ॥ 135 ॥

ਚੌਪਈ :— ਜਬ ਸੰਕਲਪ ਕੀਨੋ ਗੁਰ ਦੇਵਾ ॥
ਸਵਾ ਪਹਿਰ ਨਿਰਪ ਪੁਜਾ ਅਭੇਵਾ ॥
ਸ੍ਰੀ ਗੁਰ ਚਰਨੀ ਹੈ ਵਹ ਲਾਗਾ ॥
ਗਰ ਕਿਰਪਾਲ ਤਬ ਭਏ ਸੁਭਾਗਾ ॥ 136 ॥

ਚਲ ਕਰ ਨਿਰਖਤ ਭਏ ਕਿਆਰੇ ॥
ਜਿਵ ਕੇ ਤਿਵ ਵਹ ਖੇਤ ਨਿਹਾਰੇ ॥
ਲਾਜਮ ਭਇਓ ਵਹਿ ਕਿਰਖ ਕਾਰਾ ॥
ਮੁਝ ਮੁਖ ਬੈਲਿਓ ਬੋਲ ਵਿਗਾਰਾ ॥ 137 ॥

ਸ੍ਰੀ ਗੁਰ ਕੀ ਵਹ ਚਰਨੀ ਪਰਾ ॥
ਮੁਝ ਹੈ ਕਾਮ ਬਹੁਤ ਘਟ ਕਰਾ ॥
ਬਖਸਨ ਜੋਗ ਦੀਨ ਕੈ ਬੰਧਾ ॥
ਕਾਟੋ ਅਜ਼ਰ ਫਾਸ ਮੁਹ ਬੰਧਾ ॥ 138 ॥

ਦੋਹਰਾ ; ਰਾਇ ਬੁਲਾਰ ਬਿਸਮਤ ਭਇਓ ਨਿਰਖ ਗੁਰੂ ਕੋ ਖਿਆਲ ॥
ਇਹੁ ਤੁ ਸ਼ਕਲ ਖੁਦਾਇ ਕੀ ਕਛੁ ਸੰਸ ਨਹੀਂ ਬਾਲ ॥ 139 ॥

ਚੌਪਈ :— ਜਾ ਬਿਧ ਕਥਾ ਸੰਛੇਪ ਬਖਾਨੀ ॥
ਅਤਿਭੁਤ ਸੁਨੋ ਗੁਰੂ ਜਸ ਕਾਨੀ ॥
ਫਿਰ ਹਰਿਦਾਸ ਨਿਰਪ ਕੋ ਗੁਰ ਕਹਾ ॥
ਕਰੋ ਪਾਠ ਅੰਮ੍ਰਿਤ ਤੁਮ ਲਾਹਾ ॥ 140 ॥

ਦੁਇ ਕਰ ਜੋਰ ਰਾਵ ਤਬ ਕਹੀ ॥
ਅੰਮ੍ਰਿਤ ਤੁਮਰੀ ਦ੍ਰਿਸ਼ਟ ਸੁ ਅਹੀ ॥

Digitized by Panjab Digital Library | www.panjabdigilib.org

ਜਾ ਪਰ ਤੁਮਰੀ ਕ੍ਰਿਪਾ ਹੋਈ ॥
ਅੰਮ੍ਰਿਤ ਪਾਨ ਕਰੈ ਨਰ ਸੋਈ ॥ 141 ॥

ਸੋਮ ਦ੍ਰਿਸ਼ਟ ਸਤਿ ਗੁਰ ਜਬ ਧਾਰੀ ॥
ਭਇਓ ਨਿਰ ਪਤ ਫੁਨਇਕ ਤੇ ਚਾਰੀ ॥
ਸ੍ਰੀ ਗੁਰ ਲਹਿਨਾ ਤਾਹ ਬਤਾਇਓ ॥
ਅੰਗਦ ਹੋਰਾ ਨਾਮ ਮੁਖ ਗਾਇਓ ॥ 142 ॥

ਉਨ ਤੇ ਵਰਸਾਵੈ ਤਵ ਵੰਸ ॥
ਭਗਤਿ ਭਾਵ ਨਿਪਜੈ ਗੋ ਅੰਸ ॥
ਤੁਮ ਕੁਲ ਮਹਿ ਭਗਤੀ ਕਾਬੀਜ ॥
ਭੂਟਾ ਨਿਪ ਨਿਪਜੈ ਰਸ ਪੀਜ ॥ 143 ॥

ਦੋਹਰਾ :— ਏਸੇ ਬਚਨ ਸੁਨਾਇ ਕੈ ਬਿਦਾਕਰਾ ਹਰਿਦਾਸ ॥
ਜਾਤ ਭਇਓ ਭਟ ਨੇਹ ਨਿਰਪ ਡੇਰਨ ਲਾਗੀ ਤਾਸ ॥ 144 ॥

ਚੌਪਈ ;— ਤਾ ਦਿਨ ਤੇ ਸਿਖੀ ਕੀ ਰੀਤ ॥
ਕਲ ਮਹਿ ਚਲੀ ਜਾਣ ਤਮ ਮੀਤ ॥
ਪੂਰਨ ਭਇਓ ਪ੍ਰਸੰਗ ਇਹ ਜਾਨ ॥
ਆਗੈ ਅਵਰ ਸੁ ਕਰੋ ਬੁਖਾਨ ॥ 145 ॥

ਭੂਟੰਤ ਦੇਵ ਜਨਮਾ ਸੁਖਿ ਦਾਈ ॥
ਸੋ ਪ੍ਰਸੰਗ ਅਬ ਕਹੋ ਸੁਨਾਈ ॥
ਰਾਜ ਪਾਟ ਜੈਸੇ ਨ੍ਰਿਪਿ ਕੀਨੋ ॥
ਸੋ ਪ੍ਰਸੰਗ ਆਗੈ ਸੁਨ ਲੀਨੋ ॥
ਸ੍ਰੀ ਗੁਰੂ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੇ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ਼੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੈ ਪਾਤਕ ਦਹੈ ॥ ੧ ॥

—0—

Digitized by Panjab Digital Library | www.panjabdigilib.org

ਦੂਸਰਾ ਧਿਆਵ

ਦੋਹਰਾ ;- ਸ੍ਰੀ ਗੁਰ ਚਰਨ ਪ੍ਰਤਾਪ ਤੇ ਆਗੇ ਕਥਾ ਬਖਾਨਾ ॥
ਮੋਹ ਬਲ ਬਧ ਕੋ ਦੀ ਜੋਐ ਸੁਣੀਐ ਕਿਰਪਾ ਨਿਧਾਨ ॥ 1 ॥

ਚੋਪਈ ;- ਹਰਿਦਾਸ ਤਨੈ ਨਿਪਜਾ ਸੁਖਦਾਈ ॥
ਭੁਟੰਤ ਦੇਵ ਬਡ ਜਗ ਮੈ ਰਾਈ ॥
ਤਿਸ ਕੁਲ ਮੈ **ਭੁਟਾ** ਨਿਪ ਭਇਓ ॥
ਨਗਰ ਭੁਟਨੇਰ ਰਾਜ ਤਿਨ ਕਇਓ ॥ 2 ॥

ਭੁਟਾ ਭੂਪ ਭਇਓ ਭਟਨੇਰ ॥
ਅਰ ਅਨੇਕ ਕੀਨੇ ਤਿਹ ਜੇਰ ॥
ਰਾਜ ਕਰਾ ਬਹੁ ਬ੍ਰਖ ਪ੍ਰਮਾਣ ॥
ਸੁਖ ਸੰਪਤਿ ਗ੍ਰਹ ਬਢਾਂ ਅਪ੍ਰਾਂਣ ॥ 3 ॥

ਬਿਪਨ ਕੀ ਸੇਵਾ ਪ੍ਰੀਤ ॥
ਬੇਦ ਪੁਰਾਨ ਕਹੀ ਜਿਉ ਰੀਤਿ ॥
ਖਟ ਦਰਸ਼ਨ ਕੋ ਰਾਖੈ ਭਾਵ ॥
ਅਸਨ ਬਸਨ ਦੇਵੈ ਚਿਤ ਚਾਵ ॥ 4 ॥

ਦੋਹਰਾ ;- ਬ੍ਰਹਮ ਮਹੂਰਤ ਮੈ ਉਠੈ ਕਰੈ ਪ੍ਰਾਤਿ ਇਸਨਾਨ ॥
ਬੇਦ ਬਿਧਾਨ ਧਿਯਾਇ ਹੈ ਜਦ ਪਤਿ ਸ੍ਰੀ ਭਗਵਾਨ ॥ 5 ॥

ਮਧੁ ਭਾਰ ਛੰਦ ; ਬਿਪਹ ਸੁਦਾਨ ॥
ਦੇਵੈ ਸਜਾਨ ॥
ਕਰਿ ਹੈ ਸੁ ਸੇਵ ॥

Digitized by Panjab Digital Library | www.panjabdigilib.org

ਮਾਨੈ ਬ੍ਰਹਮ ਮੇਵ ॥ 6 ॥

ਤੋਟਕ ਛੰਦ ;- ਫਿਰ ਬੈਠ ਸਿੰਘਾਸਨ ਨਿਆਵ ਕਰੈ ॥
ਮਨਿ ਸ੍ਰਮਤ ਮੈ ਮਨ ਜੈਸ ਕਰੇ ॥
ਅਵਨੀ ਸਗਰੀ ਸਭ ਸੁ੍ਖ ਭਏ ਦੂ੍ਖ ॥
ਦਾਰਦ ਤਾਹ ਪਰਾਇ ਗਏ ॥ 7 ॥

ਨਿਰਪ ਕੀ ਬਿਰਤ ਧਰਮ ਪ੍ਰਾਇਣ ਹੈ ॥
ਹਰਿ ਕੇ ਗੁਣ ਕੀ ਹੀ ਮਧ ਗਾਇਣ ਹੈ ॥
ਸਭ ਦੇਸ ਨਰੇਸ਼ ਪਵਿਤ੍ ਕਯੋ ॥
ਸੁਭ ਦੇ ਉਪਦੇਸ ਜੇ ਮਿਤ੍ ਜਿਯੋ ॥ 8 ॥

ਚੌਪਈ ;- ਅਬੋਲ ਤਿਸਹੀ ਦੇਸ਼ ਮਝਾਰਾ ॥
ਨ੍ਰਿਪ ਕਾ ਜਸ ਸਭ ਕਰਿਤ ਉਚਾਰਾ ॥
ਰਾਜ ਕਰਤ ਬਡ ਸਮਾਂ ਬਿਤਾਇਓ ॥
ਸਭਿ ਪ੍ਰਜਾ ਕੋ ਸੁਖੀ ਬਸਾਇਓ ॥ 9 ॥

ਮਲਕਾ ਛੰਦ : ਏਕ ਬਾਗ ਮੱਧ ਰਾਵ ॥
ਕੀਨ ਆਗਿਆ ਬਨਾਵ ॥
ਉ੍ਚ ਵਾਸਰਾ ਚਲੀਨ ॥
ਤਾਹ ਮਾਹ ਚਿਤ ਕੀਨ ॥ 10 ॥

ਤਾਹ ਠੌਰ ਰੈਨ ਮਾਹਿ ॥
ਕੀਨ ਵਾਸ ਰਾਵ ਤਾਹਿ ॥
ਜਾਮ ਪਾਛ ਰੈਨ ਜਾਨ ॥
ਸੋਤ ਰਾਵ ਏਸ ਪਾਨ ॥ 11 ॥

ਮਧੁ ਭਾਰ ਛੰਦ ; ਤਿਹ ਸੁਪਨ ਪੇਖ ॥
ਕਛ ਐਸ ਲੇਖ ॥
ਮਨ ਮੈ ਵਿਚਾਰ ॥
ਕੀਨੋ ਸੁਧਾਰ ॥ 12 ॥

ਚੌਪਈ :- ਸੁਪਨ ਪਿਖਾ ਭੂ ਪਤਿ ਭੈ ਮਾਨ ॥
ਜਾਗਤ ਚਿੰਤ ਭਇਓ ਗਲਤਾਨ ॥
ਘਰ ਨੀ ਪ੍ਰਿਤ ਨ੍ਰਿਪ ਬਾਤ ਬਖਾਨੀ ॥
ਜਾ ਬਿਧ ਸੁਪਨ ਪਿਖਾ ਮੁਹ ਰਾਨੀ ॥ 13 ॥

Digitized by Panjab Digital Library | www.panjabdigilib.org

ਪਰੀ ਬਿਪਤਿ ਮੁਝ ਕੋ ਅਤਿ ਭਾਰੀ ॥
ਬਿਛਰੇ ਸੁਤਿ ਬਾਂਧਵ ਅਰ ਨਾਰੀ ॥
ਅਨਤ ਦੇਸ ਕਹੁੰ ਭਇਓ ਨਿਵਾਸ ॥
ਬਿਛਰਤੇ ਭਏ ਸੁ ਦਾਸੀ ਦਾਸ ॥ 14 ॥
ਸੰਪਤਿ ਕੇਤੇ ਆਹੇ ਅੰਬਾਰ ॥
ਨਗਰ ਦੇਸ ਮੰਦਰ ਘਰ ਬਾਰ ॥
ਮੁਝ ਦੇਖਤ ਅਵਰਨ ਆ ਲੀਨੋ ॥
ਹਮ ਕੋ ਦੇਸ ਨਿਕਾਰੋ ਦੀਨੋ ॥ 15 ॥

ਦੋਹਰਾ ;- ਸੁਨੀ ਬਾਤ ਜਬ ਰਾਵ ਕੀ ਰਾਨੀ ਭਈ ਮਲੀਨ ॥
ਮੁਖ ਛਬਿ ਤਹਿ ਫੀਕੀ ਪਰੀ ਦੁਸਹ ਦਸਾਅਤ ਦੀਨ ॥ 16 ॥

ਚੌਪਈ ;- ਰਾਨੀ ਕੋ ਧੀਰਜ ਨ੍ਰਿਪ ਦਯਾ ॥
ਬਿਪਨ ਬੋਲ ਤਬੀ ਤਿਹ ਲਯਾ ॥
ਸਕਲ ਕਥਾ ਤਹ ਭਾਖ ਸਨਾਈ ॥
ਜੋ ਜੋ ਸੁਪਨ ਪਿਖਾ ਅਹਿ ਰਾਈ ॥ 17 ॥

ਰਾਵ ਬਾਚ ;- ਸੁਨ ਪੰਡਿਤ ਤੋ ਸੋ ਕਹੋ ਜੋ ਜੋ ਨਿਰਖਾ ਮੋਹਿ ॥
ਜਾਮ ਰੈਨ ਪਿਛਲੀ ਰਹੀ ਹਰਿ ਇਛਾ ਅਸ ਹੋਇ ॥ 18 ॥

ਦੁਰਬਲ ਤਨ ਬਹੁ ਸਾਮਤਾ ਧਮਨੀ ਨਿਕਸੀ ਜਾਨ ॥
ਚੀਰ ਛੀਨ ਨਿਰਮਲ ਬਡੋ ਗ੍ਰਹ ਗ੍ਰਹ ਭਰਮੋ ਸੁਆਨ ॥ 19 ॥

ਨਗਰ ਦੇਸ ਸਭ ਫਿਰ ਰਹਾ ਕੋਇ ਨ ਪਾਵਤ ਭਿਛ ॥
ਹੋਤ ਅਨਾਦਰ ਜਹ ਕਹਾਂ ਸਭ ਜਗ ਪਰ ਦਰ ਭਿਛ ॥ 20 ॥

ਚੌਪਈ :- ਤਬ ਪੰਡਿਤ ਪੁਸਤਕ ਕਰ ਲੀਨੋ ॥
ਸੁਪਨ ਧਿਯਾਇ ਬਿਚਾਰ ਸੁਕੀਨੋ ॥
ਇਹ ਸੁਪਨੋ ਅਤਿ ਸੈ ਦੁਖ ਦਾਈ ॥
ਭਲੀ ਭਾਂਤ ਸੋਧ ਚਿਤੁ ਲਾਈ ॥ 21 ॥

ਪੰਡਿਤ ਬਾਚ ਨ੍ਰਿਪ ਪ੍ਰਿਤ ॥

ਸੁਨ ਨ੍ਰਿਪ ਬਾਤਿ ਸ੍ਰਵਣ ਧਰ ਲੀਜੈ ॥
ਪੁਨ ਦਾਨ ਜੇ ਕਰ ਕੁਛੁ ਕੀਜੈ ॥
ਬੇਦ ਪਾਠ ਹੋਮ ਮੁਖ ਕਰੈ ॥
ਜਾਕਰ ਇਹ ਅਰਿਸਟ ਤਵ ਟਰੈ ॥ 22 ॥

Digitized by Panjab Digital Library | www.panjabdigilib.org

ਇਹ ਸੁਪਨਾ ਬਡਿ ਦੁਖ ਕੀ ਖਾਨ ॥
ਸ੍ਰੀ ਜਦੁ ਪਤਿ ਇਸ ਕਰੈ ਜੁ ਹਾਨ ॥
ਤਉ ਰਛਿਆ ਤੁਮਰੀ ਨ੍ਰਿਪ ਹੋਇ ॥
ਅਵਰ ਜਤਨ ਤਿਹ ਅਹੈ ਨ ਕੋਈ ॥ 23 ॥

ਦੋਹਰਾ ;- ਸੁਨੀ ਬਾਤ ਭੂਪਤਿ ਜਬੈ ਬਿਪ ਜੁ ਕੀਤਿ ਬਿਚਾਰ ॥
ਬਿਪਤਿ ਪਰੀ ਮੁਝ ਕੋ ਲਖੀ ਅਸਿ ਚਿਤ ਲੀਨ ਸੁਧਾਰ ॥ 24 ॥

ਪੰਡਿਤ ਕੱਹੀ ਸੁਨੋ ਨਰ ਨਾਹ ॥
ਭਾਵੀ ਕੋ ਕਛੁ ਨਾਹ ਉਪਾਹ ॥
ਹੋਨਹਾਰ ਜਾਕੈ ਸਿਰ ਆਵੈ ॥
ਪ੍ਰਿਥਮੇ ਤਿਸਕੀ ਮਤ ਬਿਚ ਲਾਵੈ ॥ 25 ॥

ਦੋਹਰਾ ;- ਐਸੇ ਬਿਪ ਬਖਿਯਾਨ ਕੇ ਗਏ ਸੁ ਨਿਜ ਨਿਜ ਧਾਨ ॥
ਜੋ ਚਾਹੈ ਸੋਈ ਕਰੈ ਜੋ ਇਛਾ ਭਗਵਾਨ ॥ 26 ॥

ਚੌਪਈ ;- ਤਬ ਨ੍ਰਿਪ ਧਰਿਜ ਮਨ ਮੈ ਧਾਰਾ ॥
ਰਾਜ ਕਾਜ ਕਾ ਕਰਾ ਬਿਚਾਰਾ ॥
ਕਛ ਦਿਨ ਬੀਤਤ ਕੇ ਭੇ ਸੁਖਦਾਈ ॥
ਤਬ ਭਾਵੀ ਭੂਪਤਿ ਸਿਰ ਆਈ ॥ 27 ॥

ਸੂਰਜ ਚੰਦ ਗਰਸੇ ਜਿਹ ਹੋਨੀ ॥
ਛੀਨ ਲਈ ਨਿਰਪ ਨਲ ਤੇ ਛੋਨੀ ॥
ਹਰੀ ਚੰਦ ਨੇ ਖਾਸ ਬਿਕਾਇਓ ॥
ਰਾਮ ਸੀਆਈ ਬਿਛਰਤ ਦੁਖ ਪਾਇਓ ॥ 28 ॥

ਪਾਡਵ ਸੁਤ ਬਨ ਬਨ ਭਰਮਾਨੋ ॥
ਜਨਮੇ ਜੇ ਗੁਰ ਬਚਨ 'ਨ ਮਾਲੋ ॥
ਸ੍ਰੀ ਕ੍ਰਿਸ਼ਨ ਬੈ ਕੁੰਠ ਸਿਧਾਰੇ ॥
ਸਭ ਜਾਦਵ ਕੁਸ ਸਹਤ ਸੰਘਾਰੇ ॥ 29 ॥

ਦੋਹਰਾ .- ਹੋਨਹਾਰ ਸਭ ਤੇ ਬਲੀ ਮੇਟ ਸਕਤ ਨਹ ਕੋਇ ॥
ਅਬ ਸਿਰ ਆਈ ਭੂਪ ਕੈ ਕਰਤਾ ਕਰੈ ਸੁ ਹੋਇ ॥ 30 ॥

ਚੌਪਈ ,- ਬੀਕਾਨੇਰ ਰਾਂਵ ਤਹ ਭਾਰੀ ॥
ਬੀਰ ਦਤ ਨਾਮ ਉਚਾਰੀ ॥
ਤਿਨ ਸੰਗ ਨਿਪਹਸ ਪ੍ਰਧਾ ਭਈ ॥

Digitized by Panjab Digital Library | www.panjabdigilib.org

ਤਿਹ ਮਿਟ ਰਹੈ ਨ ਮੇਟੀ ਗਈ ॥ 31 ॥
ਦੋਇ ਦਲ ਚੜੇ ਭਪ ਬਲ ਧਾਰ ॥
ਰਾਜ ਰਥ ਅਸਵਪਿਆਦਾ ਨ਼ਾਲ ॥
ਦੁੰਦਭ ਭੇਰੀ ਸੁਝ ਦਮਾਮੇ ॥
ਰਣ ਸਿੰਘੇ ਤਰਹੀ ਗ਼ਰ ਜਾਮੇ ॥ 32 ॥

ਦੋਹਰਾ ,- ਸਕਟੇ ਨਾਲ ਘੁਰ ਨਾਲ ਲੈ ਸੁਤ੍ ਨਾਲ ਲੈ ਸੰਗ ॥
ਭੋਪ ਤੁਪਕ ਤਰਵਾਰ ਲੈ ਚੜੇ ਸੁ ਭੂਪਿਤ ਜੰਗ ॥ 33 ॥

ਭੁਜੰਗ ਛੰਦ ,- ਦੁਹੂ ਓਹ ਤੇ ਚੜੇ ਹੈ ਬੀਰ ਭਾਰੇ ॥
ਦਿਖੈ ਕੋਨ ਜੀਤੇ ਦਿਖੈ ਕੋਨ ਹਾਰੇ ॥
ਦੁਹੂ ਓਰ ਤੇ ਜੰਗ ਮਚਿਓ ਸੁ ਭਾਰੀ ॥
ਇਸੋ ਨਾਹ ਕੋਊ ਸਕੈ ਜੁ ਉਚਾਰੀ ॥ 34 ॥

ਦੁਹੂ ਓਹ ਤੇ ਤੋਪ ਐਸੇ ਗ੍ਰਜਾਈ ॥
ਮਨੋ ਗੰਗ ਦੇਰੀ ਮਿਲੀ ਸਿੰਧ ਆਈ ॥
ਭਯੋ ਜੰਗ ਜਾਲਮ ਕਥੇ ਕੋਨ ਐਸੇ ॥
ਮਨੋ ਗਰਜਿਓ ਭੀਮ ਭਾਥੇ ਮਧੰਮ ॥ 35 ॥

ਸ਼ਿਵਾ ਸੰਗ ਲੀਨੇ ਸਿਵੈ ਤਾਹ ਆਯੋ ॥
ਤਹਾਂ ਨਾਰਦੰ ਮੁਨ ਸੁ ਬੀਨੰ ਬਜਾਇਓ ॥
ਕੁਲੰ ਸੀਸ ਕੋਲੰ ਰਣੰ ਮਧ ਆਈ ॥
ਬਵੰਜੰ ਸੁ ਬੀਰੰ ਸੁਧੀਰ ਸੁਹਾਈ ॥ 36 ॥

ਧਰੰ ਖਪ੍ਰ ਹਾਥ ਮੈ ਜੋਗਣਾਅੰ ॥
ਕਰੇਂ ਚੋਜ ਬੀਨੋਦ ਜੋ ਚਿਤ ਚਾਯੰ ॥
ਅਈ ਜੰਗ ਕੇ ਬੀਚਹੀ ਆਪ ਕਾਲੰ ॥
ਕਰੇ ਰਕਤ ਪਾਣੰ ਬਮੈ ਤਹਾਂ ਜਵਾਲੰ ॥ 37 ॥

ਦੋਹਰਾ ,- ਦੇਖਤ ਦੇਵ ਸਮੂਹ ਰਣ ਬੈਠ ਬਿਯੋਮ ਬਿਬਾਣ ॥
ਝਗਰ ਬਰੰਗਣ ਤੇ ਬਰੇ ਝਾਗਤ ਝਲਤ ਕ੍ਰਿਪਾਣ ॥ 38 ॥

ਚੋਪਈ ,- ਤੋਪ ਤੁਪਕ ਤੀਰ ਨਕਾ ਜੁਪਾ ॥
ਆਪਸ ਬੀਚ ਕਰਤ ਰਣ ਸੁਧਾ ॥
ਕਰਵਾਰੀ ਕਟਾਰੀ ਬਿਛੁਆ ਸੰਗਾ ॥
ਲਰਤ ਸੂਰਮੇ ਕਰਤ ਸੁ ਜੰਗਾ ॥ 39 ॥

Digitized by Panjab Digital Library | www.panjabdigilib.org

ਦੁੰਦ ਜੁਧ ਮਚਿਓ ਤਹਿ ਭਾਰੀ ॥
ਕਵਨ ਕਵੀ ਜੁ ਸਕੈ ਉਚਾਰੀ ॥
ਤਬ ਭੂਪਤ ਸੈਨਾ ਬਿਚਲਾਨੀ ॥
ਨਿਰਖਤ ਭਇਓ ਨ੍ਰਿਪਤਿ ਸੁਰ ਗਿਆਨੀ ॥ 40 ॥

ਤਬ ਨਰਿੰਦ ਧੀਰਜ ਕੋ ਤਿਆਗਾ ॥
ਚੜ ਤੁਰੰਗ ਪੀਛੇ ਕੋ ਭਾਗਾ ॥
ਸਮਰ ਜੀਤ ਕੀ ਰਹੀ ਨ ਆਸ਼ਾ ॥
ਰਾਜ ਕਾਜ਼ ਤੇ ਭਇਓ ਉਦਾਸਾ ॥ 41 ॥

ਦੋਧਕ ਛੰਦ ,- ਮੰਤ੍ਰ ਅੈਰ ਵਜੀਰ ਪ੍ਰਧਾਨਹ ॥
ਨੇਬ ਖਵਾਸਹ ਦਾਸ ਬਖਾਨਹ ॥
ਹੈ ਰਾਜ ਪਾਲਕ ਸੇਜ ਸਮਾਜ ॥
ਮੇਘ ਅਡੰਬ੍ਰ ਕੋਸ਼ਨਿ ਵਾਜ ॥

ਮਲਕਾ ਛੰਦ ,- ਸੂਪਕਾਰ ਜਤੇ ਆਹ ॥
ਸੰਗ ਛਾਡ ਜਾਤ ਤਾਹ ॥
ਭੂਪ ਤਾਹ ਛਾਡ ਭੂਮ ॥
ਰੈਨ ਪਰੀ ਗਯੋ ਝੂਮ ॥ 43 ॥

ਦੋਹਰਾ :- ਚਲਾ ਭੂਪ ਰੰਗ ਤਿਆਗ ਕੈ ਮਨ ਮੈ ਨਹ ਕਛਆਸ ॥
ਦੇਸ ਨਗਰ ਸੁਤ ਤ੍ਰਿਆ ਤੇ ਖਿਨ ਮੈਂ ਭਇਓ ਉਦਾਸ ॥ 44 ॥

ਸੋਰਠਾ :- ਸਭਿ ਚਲ ਕਰਤ ਅਦੇਸ ਨਗਰ ਪਤੀ ਨਿਪ ਮਾਨ ਕੈ ॥
ਛਾਡਤ ਭਇਓ ਸੁ ਦੇਸ ਭਾਵੀ ਕੇ ਵਸ ਭੂਪ ਹੋਇ ॥ 45 ॥

ਨਹ ਆਪਨੇ ਪਹਿਚਾਨ ਤਨ ਮਨ ਧਨ ਨਿਸ ਸੁ ਪਨ ਕੋ ॥
ਜਗੇ ਪਰ ਕੋ ਮਾਨ ਸੋਏ ਅਪਨੇ ਜਾਨ ਜਾਨ ਕੇ ॥ 46 ॥

ਚੌਪਈ :- ਜਬਨ੍ਰਿਪ ਚਲਾ ਏਕਲਾ ਸੋਈ ॥
ਬਿਨ ਜਦ ਨਾਥ ਨ ਸਗੀ ਕੋਈ ॥
ਪੀਛੇ ਅਰਕੀ ਸ਼ੈਨਾ ਲਾਗੀ ॥
ਦ੍ਰਿਸ਼ਟ ਬਚਾਏ ਗਇਓ ਕਤ ਜਾਗੀ ॥ 47 ॥

ਨ੍ਰਿਪ ਕੋ ਨਿਸ ਦਿਨ ਕਛੂ ਨ ਸੂਝਾ ॥
ਨਹ ਨਿਜ ਨਾਗਰ ਕੋ ਮਾਰਗ ਬੂਝਾ ॥
ਚਲਤ ਚਲਤ ਆਇਓ ਭੁਪਾਲਾ ॥

Digitized by Panjab Digital Library | www.panjabdigilib.org

ਨਟਾ ਸ਼ਹਿਰ ਸੁ ਬਸਿਓ ਰਸਾਲਾ ॥ 48 ॥
ਬਾਗ ਮਹਿ ਉਤਰਤ ਭਇਓ ਰਾਈ ॥
ਚਲੀ ਖਬ੍ ਕਹਿ ਨ੍ਰਿਪ ਪਹਿ ਆਈ ॥
ਸੁਨ ਨ੍ਰਿਪ ਅਪਨੇ ਮਨਜ ਪਠਾਏ ॥
ਲੇਹੁ ਖਬ੍ ਤੁਮ ਉਨਕੀ ਜਾਇ ॥ 49 ॥
ਕਵਨ ਕੋਈ ਕਿਸ ਦਿਸ ਤੇ ਆਯੋ ॥
ਕਿਸ ਨਮਿਤ ਕਹੁ ਕਿਨੇ ਪਠਾਇਓ ॥
ਕਵਨ ਮਨੋਰਥ ਮਨ ਮਹ ਧਾਰਾ ॥
ਇਸਥਿਤ ਭਇਓ ਸੁ ਮੁਹ ਦਰਬਾਰਾ ॥ 50 ॥

ਦੋਹਰਾ :- ਸੁਨੀ ਬਾਤ ਭੂਪਾਲ ਕੀ ਆਏ ਭ੍ਰਿਤ ਇਤ ਰਾਵ ॥
ਜੋ ਭੂਪਤ ਉਨ ਹੈ ਕਹੀ ਸੁ ਇਨ ਦੀਨ ਸੁਨਾਇ ॥ 51 ॥

ਤੋਟਕ ਛੰਦ :- ਸੁਨ ਕੈ ਸਭ ਬਾਤ ਨਰਿੰਦ ਕਹੀ ॥
ਭਟਨੇਰ ਕੋ ਭੂਪ ਭਟਦੇਵ ਸਹੀ ॥
ਦਜਗਾਇ ਕੋ ਖਿਆਲ ਸੁ ਐਸ ਭਇਓ ॥
ਛਡ ਦੇਸ ਪ੍ਰਦੇਸ ਮੈ ਆਇ ਗਯੋ ॥ 52 ॥

ਦੋਹਰਾ :- ਸੁਨੀ ਬਾਤ ਜਬ ਭੂਪ ਕੀ ਆਯੋ ਚਲ ਨਗਰੇਸ ॥
ਮਿਲਿਓ ਸੁ ਆਇ ਨਿਰਿੰਦ ਕੋ ਕੀਨਸ ਤਹਾ ਅਦੇਸ ॥ 53 ॥

ਮੁਧਭਾਰ ਛੰਦ :- ਮਿਲਿਓ ਨਰੇਸ ॥
ਕੀਨੋ ਅਦੇਸ ॥
ਸਭ ਪੂਛ ਬਾਤ ॥
ਕਹਿ ਮਹਿਸੁ ਤਾਤ ॥ 54 ॥

ਤਿਲਕਾ ਛੰਦ :-ਤਿਉ ਬਾਤ ਕਹੀ ॥
ਜਿਉ ਹੋਤ ਭਈ ॥
ਹੋਨਹਾਰ ਬਲੀ ॥
ਸਭ ਕੋ ਸੁਛਲੀ ॥ 55 ॥

ਚੌਪਈ :— ਸੁਨ ਬ੍ਰਿਤੰਤ ਭੁਪਤ ਬਹੁ ਰੋਇਓ ॥
ਸੁਖ ਗਏ ਵਿਸਰ ਦੁਖਅੰਤ ਹੋਯੇ ॥
ਦੁਇ ਘਟ ਮੈ ਤਿਨ ਸੱਤਿਆ ਪਾਈ ॥
ਧਰ ਧੀਰਜ ਮੁਖ ਤੇ ਅਸਰਾਈ ॥ 56 ॥

Digitized by Panjab Digital Library | www.panjabdigilib.org

ਭੁਜੰਗ ਛੰਦ :- ਕਿਲੇ ਕੋਟ ਦੇਸੰ ਭਰੇ ਹੈ ਖਜਾਨੇ ॥
ਰਥੇ ਬਾਜ ਹਾਥੀ ਸੁ ਸੈਨਾ ਪਛਾਨੇ ॥
ਜਿਤੀ ਚੀਜ ਮੋਪੈ ਤੁਮੈ ਕੋ ਸੁਨਾਨੀ ॥
ਤੁਝੇ ਤੇ ਨਿਆਰੀ ਕਛੁ ਨ ਭਾਈ ॥ 57 ॥

ਅੜਿਲ :- ਜਾਂ ਬਿਧਆਦਰ ਕੀਨ ਭੂਪ ਕੋ ਜਾਨ ਕੈ ॥
ਦੀਨੇ ਸਦਨ ਨਿਵਾਸ ਨਗਰ ਮਧ ਆਨ ਕੈ ॥
ਔਰ ਸੋਜ ਬਹੁ ਦੀਨ ਸੁ ਮਨ ਮਹ ਪ੍ਰੀਤ ਧਰ ॥
ਹੇ ਦੇਸ ਗਾਂਵ ਬਡ ਦਏ ਸੁ ਰਾਖਿਓ ਭਾਵ ਕਰ ॥ 58 ॥

ਫਿਰ ਨਰਿੰਦ ਕੋ ਬਿਧ ਸੁਖ ਦੀਨੋ ॥
ਮਿਟੇ ਕਲੇਸ਼ ਕਸ਼ਟ ਭਏ ਛੀਨੋ ॥
ਪਿਛਲੀ ਕਛ ਤਰਿਖਬ੍ ਨ ਪਾਈ ॥
ਬਚੇ ਕਿ ਮੋਏ ਗਏ ਕਤ ਜਾਈ ॥ 59 ॥

ਅਵਰ ਬਿਆਹ ਭੂਪਤ ਕਰ ਲੀਨੋ ॥
ਕਰ ਕ੍ਰਿਪਾ ਜਦਪਤ ਸੁਤ ਦੀਨੋ ॥
ਬਹੁ ਬਿਲਾਸ ਕੀਨੇ ਤਹ ਥਾਨੇ ॥
ਸੂਰ ਪੁਰ ਬਾਸ ਕਰਾ ਤਜ ਪ੍ਰਾਨੈ ॥ 60 ॥

ਬਾਗ ਮਧ ਤਹ ਰਚੀ ਸੀ ਜਾਗਾ ॥
ਤਹ ਨਹ ਬਸਾ ਭੂਪ ਓਹ ਭਾਗਾ ॥
ਤਾ ਦਿਨ ਤੇ ਜਾਨੋ ਤੁਮ ਪਿਆਰੇ ॥
ਉਚ ਅਵਾਸ ਤਜੇ ਚਉਬਾਰੇ ॥ 61 ॥

ਪਰੀ ਰਤੀ ਕੁਲ ਮੈ ਤਿਹ ਐਸੀ ॥
ਬਰਨ ਸੁਨਾਈ ਤੁਮ ਕੋ ਜੈਸੀ ॥
ਅਬੋਲੋ ਤਿਸੀ ਦੇਸ ਕੇ ਮਾਹਿ ॥
ਲੋਕਕ ਕਥਾ ਪ੍ਰਸਿਧ ਅਹਿ ॥ 62 ॥

ਕਟਕ ਬਚਨ ਜਾਕੋ ਕੋਈ ਗਾਈ ॥
ਤਾ ਪ੍ਰਤ ਐਸੇ ਭਾਖ ਸੁਨਾਈ ॥
ਭੂਟੰ ਕੀ ਬੰਦੀ ਤੁਮ ਜਾਵੇ ॥
ਐਸੀ ਬਾਤ ਸੁ ਭਾਖ ਸੁਨਾਵੈ ॥ 63 ॥

Digitized by Panjab Digital Library | www.panjabdigilib.org

ਇਹ ਨਹ ਜਾਨਤ ਲੋਕ ਗਵਾਰ ॥
ਭੁਟੇ ਕਾ ਬਹੁਤਾ ਪਰਵਾਰ ॥
ਸਭ ਜਗ ਬੀਚ ਭਇਓ ਪ੍ਰਸਿਧ ॥
ਦੀਨ ਦਿਆਲ ਕਈ ਨਵ ਨਿਧ ॥ 64 ॥

ਦੋਹਰਾ :- ਭਟੇ ਕੇ ਸਮ ਨਾਹ ਕੋ ਤੀਨ ਲੋਕ ਕੀ ਠੋਰ ॥
ਜਿਨ ਕੂਲ ਮੈ ਨਿਪਜਤ ਭਇਓ ਭਾਈ ਜੀ ਸਿਰ ਮੋਹ ॥ 65 ॥

ਤਿਨ ਕੇ ਗ੍ਰਹ ਵਿਸਵ ਸੁਤ ਭਇਓ ॥
ਭਗਤ ਭਾਵ ਤਹ ਜਗ ਮੈ ਛਇਓ ॥
ਤੁਰਕ ਰਾਜ ਵਿਚ ਜਗ ਮੈ ਜਾਨੋ ॥
ਗਇਓ ਦੇਸ ਸਭ ਧਨ ਭਇਓ ਹਾਨੋ ॥ 66 ॥

ਰਾਜ ਸਾਜ ਜਬ ਗ੍ਰਹ ਤੇ ਗਇਓ ॥
ਬਿਚਰਨ ਬੀਚ ਤਕੈ ਚਿਤ ਦਇਓ ॥
ਸਨੇ ਸਨੇ ਆਏ ਤਹ ਥਾਨ ॥
ਭੇਹਰੇ ਨਗਰ ਬੀਚ ਅਸਥਾਨ ॥ 67 ॥

ਹਾਟ ਪਾਟ ਮੰਦਰ ਸੁਭ ਬਾਗ ॥
ਕੂਪ ਬਾਵਲੀ ਅਵਰ ਤੜਾਗ ॥
ਬਹਲ ਪਾਲਕੀ ਹੈਗੈ ਸਾਗ ॥
ਸੰਪਤ ਸਭ ਸੰਮਤ ਕਾ ਬਨਾ ਸਮਾਜ ॥ 68 ॥

ਅੜਿਲ :- ਵਿਸ਼ਵ ਚੰਦ ਤਹ ਕੁਲ ਮੈ ਭਇਓ ਸੁਜਾਨੀਓ ॥
ਜਨ ਕਰ ਧਰਮ ਵਪੁਧਾਰ ਜਗਤ ਭਇਓ ਮਨੀਓ ॥
ਸਾਧ ਸੰਤ ਸੰਗ ਪ੍ਰੀਤ ਰੀਤ ਹੈ ਤਾਸ ਕੀ ॥
ਹੋ ਨਾਮ ਨਿਧਾਨ ਇਸਨਾਨ ਸੇਵ ਹਰਦਾਸ ਕੀ ॥ 69 ॥

ਚੌਪਈ :- ਸਾਧਸੰਤ ਬਿਪਨ ਕੀ ਸੇਵਾ ॥
ਤਨ ਮਨ ਧਨ ਕਰ ਕਰੇ ਅਭੇਵਾ ॥
ਸਮਾ ਪਾਇ ਮਾਂਗਟ ਮੈ ਆਇ ॥
ਹਾਟ ਪਾਟ ਬਹੁ ਬਿਧ ਕਰ ਛਾਏ ॥ 70 ॥

ਦੋਹਰਾ :- ਬਹੁਤ ਕਾਲ ਸੇਵਾ ਕਰੀ ਸੱਤ ਬਿਪ੍ਰ ਗੁਰ ਦੇਵ ॥
ਸ੍ਰੀ ਵਿਸਨਾਥ ਰੀਝਤ ਭਏ ਵਿਸਵ੍ਹ ਪ੍ਰਤ ਸੁਨ ਭੇਵ ॥ 71 ॥

ਚੌਪਈ :- ਸੱਤ ਕਲੇਵਰ ਧਰ ਭਗਵਾਨ ॥

Digitized by Panjab Digital Library | www.panjabdigilib.org

ਖਾਰੇ ਮਧ ਆਵਤ ਭਏ ਜਾਨ ॥
ਕਛਕ ਨਗਰ ਤੇ ਜਾਨ ਸੁ ਦੂਰ ॥
ਬੈਠਤ ਭਏ ਤਹਾਂ ਛਬ ਪੂਰ ॥
ਜਹ ਅਬ ਬਨਾ ਜਾਨ ਦਰਬਾਰ ॥
ਤਿਸ ਅਸਥਾਨ ਬੈਠੇ ਸੁਖਸਾਰ ॥
ਵਿਸ਼ਵ ਚੰਦ ਜਬਹੀ ਸੁਨ ਪਾਵਾ ॥
ਕੋਉ ਸੰਤ ਨਗਰ ਮੁਝ ਆਵਾ ॥ 73 ॥

ਤਿਨ ਕੋ ਦਰਸ਼ਨ ਚਲ ਕਰ ਕੀਜੈ ॥
ਜਨਮ ਸਫਲ ਅਪਨੇ ਕਰ ਲੀਜੈ ॥
ਬਿਨ ਸਤ ਸੰਗ ਜਨਮ ਨਹੀਂ ਸਫਲਾ ॥
ਜੈਸੇ ਬਾਸ ਬ੍ਰਿਛਨ ਮੈ ਅਫਲਾ ॥ 74 ॥

ਦੋਹਰਾ :- ਖਟ ਰਸ ਅਸਨ ਤਿਆਰ ਕਰ ਬਾਰ ਮਧ ਧਰ ਲੀਨ ॥
ਬਨਤਾ ਸੰਗ ਮਿਲਾਇ ਕੈ ਚਲੈ ਪ੍ਰੇਮ ਰਸ ਭੀਨ ॥ 75 ॥

ਚੌਪਈ :- ਪਦ ਪੰਕਜ ਪਰ ਸੀਸ ਸਧਰਾ ਅਸਨ
ਥਾਰ ਆਗੇ ਤਿਨ ਕਰਾ ॥
ਹੋਇ ਪ੍ਰਸੰਨ ਐਚਿਓ ਭਗਵਾਨਾ ॥
ਵਿਸ਼ਵ ਚੰਦ ਕੋ ਬਚਨ ਬਖਾਨਾ ॥ 76 ॥

ਦੋਹਰਾ :- ਭਗਤ ਪੂਪ ਭਤ ਧਾਮ ਹੋਇ ਕਹੈ ਬਚਨ ਜਗਦੀਸ ॥
ਹੋ ਪ੍ਰਸੰਨ ਅਸਥਰ ਦਯੋ ਭਏ ਲੋਪ ਤਹ ਈਸ ॥ 77 ।

ਐਸੇ ਬਰ ਕੋ ਪਾਇ ਕੈ ਜਾਤ ਭਯੋ ਤਬ ਧਾਮ ॥
ਮਨ ਮੈ ਭਇਓ ਅਨੰਦ ਮੁਦਤ ਭਏ ਪਤਬਾਮ ॥ 78 ॥

ਪੂਰਨ ਭਇਓ ਪ੍ਰਸੰਗ ਇਹ ਆਗੇ ਸੁਨੋ ਸੁਜਾਨ ॥
ਜਿਹ ਬਿਧ ਭਾਈ ਜਨਮਿਓ ਆਏ ਜਗ ਮਹਿ ਜਾਨ ॥ 79 ॥
ਸ੍ਰੀ ਵਾਹਿਗੁਰੂ ਸੁਖ ਕਰੇ ਬਖਾਨ ॥
ਹਿਰਦੇ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੇ ॥
ਜਨਮ ਜਨਮ ਕੇ ਪਾਤਕ ਦਹੇ ॥

Digitized by Panjab Digital Library | www.panjabdigilib.org

ਤੀਸਰਾ ਧਿਆਵ

ਦਹਰਾ :- ਚਰਨ ਕਮਲ ਗੁਰਦੇਵ ਕੇ ਰਿਦੇ ਧਾਰ ਕੇ ਮੀਤ ॥
ਭਾਈ ਜੀ ਕੀ ਕਥਾ ਸਭ ਪੂਰਬ ਭਈ ਜੁ ਰੀਤ ॥ 1 ॥
ਆਗੇ ਕਥਾ ਪ੍ਰਸੰਗ ਇਹ ਸੋਨੇ ਸੱਭ ਧਰ ਧਿਆਨ ॥
ਜਾਕਰ ਮਿਟੇ ਕਲੇਸ਼ ਜਗ ਪਾਵੇ ਆਤਮ ਗਯਾਨ ॥ 2 ॥

ਚਪਈ :- ਕਥਾ ਪੁਰਾਤਨ ਕਹੋ ਉਚਾਰੀ ॥
ਜਾਕਰ ਮਿਟੈ ਸੋਕ ਭੈ ਭਾਰੀ ॥
ਸਤਿ ਗੁਰ ਕੇ ਚਰਨਨ ਰਤੁ ਹੋਈ ॥
ਜਨਮ ਜਨਮ ਕੇ ਪਾਤਕ ਖੋਈ ॥ 3 ॥

ਜਾ ਕਾਰਨ ਭਾਈ ਜਗ ਆਏ ॥
ਸੋ ਪ੍ਰਸੰਗ ਅਬ ਕਹੋ ਸੁਨਾਏ ॥
ਤ੍ਰੇਤਾ ਜੁਗ ਮੈ ਆਪ ਨਰਾਇਣ ॥
ਦਸਰਥ ਕੇ ਉਪਜ ਹੈ ਆਇਣ ॥ 4 ॥

ਵਸ਼ਿਸ਼ਟ ਗੁਰੂ ਰਘ ਕੁਲ ਕੇ ਜਾਨ ॥
ਭਏ ਪ੍ਰੋਹਤ ਨਹ ਕਛੁ ਛਾਨ ॥
ਸ੍ਰੀ ਰਾਮ ਰਿਦੇ ਧਾਰ ਵੈਰਾਗ ॥
ਗੁਰਚਰਨੀ ਲਾਗੈ ਵਡ ਭਾਗ ॥ 5 ॥

ਦੋਇ ਕਰ ਜੋਰ ਸੁ ਆਗੇ ਕਰੇ ॥
ਮੁਖ ਤੇ ਬਚਨ ਮੁਖ ਸੁ ਐਸ ਉਚਰੇ ॥
ਇਹ ਸੰਸਾਰ ਬਡ ਦੁਖ ਕੀ ਖਾਨ ॥

Digitized by Panjab Digital Library | www.panjabdigilib.org

ਮੁਝ ਕੋ ਰਾਖੋ ਗੁਰੂ ਸੁਜਾਨ ॥
ਕਰੇ ਰੁਦਨ ਬਹੁ ਦੁਸੈ ਸੁ ਭਾਰੀ ॥
ਹੈ ਗੁਰ ਮੋਕੇ ਲੇਹੋ ਉਬਾਰੀ ॥
ਤੁਮ ਬਿਨ ਰਖਕ ਅਵਰ ਨ ਕੋਈ ॥
ਕਰ ਵਿਚਾਰ ਨਿਰਖਾਮਨ ਸੋਈ ॥ 7 ॥

ਦੋਹਰਾ :- ਜਾ ਬਿਧ ਕਰੀ ਅਰਾਧਨਾ ਕਹੈ ਬਚਨ ਹੁਇ ਦੀਨ ॥
ਹੇ ਗਰ ਮੈ ਬਡ ਦਖੀ ਜਗ ਜੀਵ ਸਫਰੀ ਜਲ ਹੀਨ ॥ 8 ॥

ਦੋਧਕ ਛੰਦ :- ਦੋ ਕਰ ਜੋਰ ਬਿਨੋ ਕਰ ਪਾਸਹ ॥
ਕਾਟੇ ਮੋਹ ਗਰੋ ਜਮ ਫਾਸਹ ॥
ਮੈ ਬਡ ਦੀਨ ਦੁਖੀ ਬਹੁ ਜਾਨਹੁ ॥
ਰਾਖਨ ਹਾਰ ਤੁਮੈ ਭਗਵਾਨਹੁ ॥ 9 ॥

ਬਾਰ ਬਾਰ ਅਰਾਧਨ ਕੋ ਕਰਾ ॥
ਸੀਸ ਨਿਵਾਇ ਰਹਾ ਮੁਨ ਖਰਾ ॥
ਰਾਮ ਅਰਾਧਨ ਐਸ ਸੁ ਕੀਨਹੁ ॥
ਜਾਨਨ ਹਾਰ ਮੁਨੀ ਲਖ ਲੀਨੋਹ ॥ 10 ॥

ਚੌਪਈ :- ਸੁਨੇ ਵਾਕ ਰਘਪਤਿ ਕੇ ਜਬੈ ॥
ਕੀਓ ਉਪਦੇਸ ਰਾਮ ਕੋ ਤਬੈ ॥
ਸੁਨੋ ਰਾਮ ਜਗ ਦੁਖ ਕੀ ਖਾਨ ॥
ਇਸ ਤੇ ਬਚੈ ਬਚਨ ਮੁਰ ਮਾਨ ॥
ਮਿਥਿਆ ਹੀ ਸਾਚੋ ਹੋਇ ਭਾਨ ॥
ਮਿਰਗ ਤ੍ਰਿਸ਼ਨਾ ਜਲ ਵਤਏਹ ਜਾਨ ॥
ਜਿਵ ਨਿਸ ਮੈ ਸੁਪਨੇ ਕਾ ਸਾਜ ॥
ਜਾਗ੍ਰਤ ਮੈ ਮਿਥਿਆ ਸਮਾਜ ॥ 12 ॥

ਗੰਧ੍ਰਬ ਨਗਰ ਵਤ ਇਸਕੀ ਰੀਤ ॥
ਸੂਰਜ ਚੜੇ ਹੋਇ ਵਿਪ੍ਰੀਤ ॥
ਸਿਪੀ ਮੈ ਰੁਪਾ ਜਿਮ ਭਾਸੈ ॥
ਰਸੀ ਭੁਮ ਕਰ ਸ੍ਰਪ ਪ੍ਰਕਾਂਸੈ ॥ 13 ॥

ਰਾਂਵ ਮਰੀਚ ਮੈ ਜਲ ਜਿਮ ਜਾਨੇ ॥
ਤਿਉ ਮਿਥਿਆ ਸੰਸਾਰ ਬਖਾਨੋ ॥ 14 ॥

Digitized by Panjab Digital Library | www.panjabdigilib.org

ਪੁਹਮ ਵਾਸਨਾ ਗੰਨ ਮੇ ਭਾਸਾ ॥
ਤਿਉ ਮਿਥਿਆ ਸੰਸਾਰ ਪ੍ਰਕਾਸ਼ ॥ 14 ॥

ਦ੍ਰਿਸ਼ਟ ਮਾਨ ਮਿਥਿਆ ਪਾਸਾਰ ॥
ਪੁਰਖਾਰਥ ਕਰ ਉਤ੍ਰਸ ਪਾਰ ॥
ਤੁਮ ਜਬ ਰਿਦੈ ਪੁਰਖਾਰਥ ਧਾਰੋ ॥
ਇਕ ਛਿਨ ਪਾਰ ਜਗਤ ਤੇ ਪਰੋ ॥ 15 ॥

ਦੋਹਰਾ :- ਅਹੈ ਪੁਰਖਾਰਥ ਏਸ ਕੋ ਅਵਰਨ ਕੋਈ ਦੇਵ ॥
ਦਯੁ ਅਧੀਨ ਜੋ ਪੁਰਖ ਹੈ ਮੂੜ ਮਾਨੋ ਤੇਵ ॥ 16 ॥

ਚੌਪਈ :- ਵੈਰਾਗ ਪ੍ਰਕਰਣ ਬਿਖੈ ਸਭ ਭਾਖੀ ॥
ਸ੍ਰੀ ਵਸ਼ਿਸ਼ਟ ਰਘੁਪਤ ਕੀ ਸਾਖੀ ॥
ਸਹ ਪ੍ਰਕਾਰ ਸਭ ਕਹੈ ਪ੍ਰਕਰਣ ॥
ਸ੍ਰੀ ਰਘਪਤਿ ਧਾਰੇ ਹੈ ਸ੍ਰਵਣ ॥ 17 ॥

ਸ੍ਰੀ ਰਾਮ ਕੋ ਭਇਓ ਸੁ ਗਿਆਨ ॥
ਰਿਦ ਮੈ ਧਾਰਤ ਭਏ ਧਿਆਨ ॥
ਨਿਜ ਸਰੂਪ ਕੋ ਪ੍ਰਾਪਤ ਭਏ ॥
ਸਭ ਅਵਰਣ ਭ੍ਰਮ ਕੇ ਮਿਟ ਗਏ ॥ 18 ॥

ਤੋਟਕ ਛੰਦ :- ਜਬ ਹੀ ਰਘਪਤਿ ਕੋ ਗਿਆਨ ਭਯੋ ॥
ਤਬ ਹੀ ਮੁਨ ਰਾਜ ਧਿਆਨ ਕੀਓ ॥
ਇਹ ਗਿਆਨ ਸੁਮਾਰਗ ਮੈ ਪਰਕੈ ॥
ਭਵ ਪਾਰ ਪਰੈ ਭੁਜ ਕੋ ਤਰਕੈ ॥ 19 ॥

ਭਗਤੀ ਮਗ ਸੰਤ ਸ ਰਾਮ ਕਹੈ ॥
ਜਸ ਸੇਤ ਸਮੁੰਦਰ ਗਮਨ ਅਹੈ ॥
ਜੋ ਆਇ ਚਢੇ ਸੋਈ ਪਾਰ ਪਰੰ ॥
ਬਲ ਹੀਨ ਸੁ ਦੀਨਨ ਕਸ਼ਟ ਧਰੰ ॥ 20 ॥

ਭਗਤਿ ਮੁਕਤਿ ਕਾ ਕਾਰਣ ਜਾਨੋ ॥
ਅਵਰ ਸਾਧਨ ਕਲ ਮੈ ਆਨੋ ॥
ਕਲੀ ਕਾਲ ਕੇ ਜੀਵ ਜੰਜਾਲੀ ॥
ਕੁਟਲ ਕੁਚਲ ਫਸ ਹੈ ਜਮ ਜਾਲੀ ॥ 21 ॥

ਊਚ ਨੀਚ ਸ੍ਰੂਦਰ ਨਰ ਨਾਰੀ ॥

Digitized by Panjab Digital Library | www.panjabdigilib.org

ਬਿਨਾ ਭਗਤ ਕਸ ਉਤ੍ਰਸ ਪਾਰੀ ॥
ਸਭ ਜੁਗ ਤ੍ਰੇਤਾ ਦੁਆਪਰ ਜਾਨ ॥
ਇਨ ਕੋ ਸਾਧਨ ਅਹੈ ਸੁ ਬਿਆਨ ॥ 22 ॥

ਕਲ ਜੁਗ ਕੇ ਜੀ ਹੋਗ ਮਲੀਨ ॥
ਬਿਨਾ ਭਗਤ ਬਹੁ ਦੁਖ ਅਤ ਦੀਨ ॥
ਨਹੀਂ ਗਿਆਨ ਕੋ ਹੋਇ ਸੁ ਬੋਧ ॥
ਬਹੁ ਪ੍ਰਕਾਰ ਕਰ ਲੀਨੋ ਸੋਧ ॥ 23 ॥

ਦੋਹਰਾ :- ਦ੍ਵਿਓ ਸੁ ਰਿਦਾ ਮੁਨੀਸ ਕਾ ਭਗਤੀ ਕਿਓ ਬਿਚਾਰ ॥
ਤਨ ਧਨ ਸਫਲ ਨ ਜਾਨੀਐ ਬਿਨ ਸੇਵਾ ਨਿਰਧਾਰ ॥ 24॥

ਜਦਪ ਵਿਦਿਆ ਵਾਨ ਹੈ ਖਟ ਕਰਮਨ ਰਤ ਹੋਇ ॥
ਤਦਪ ਨਿਸਫਲ ਮਾਨ ਤਿਨ ਬਿਨਾ ਸੇਵ ਹੈ ਜੋਇ ॥ 25 ॥

ਚੌਪਈ :- ਸ੍ਰੀ ਵਿਸ਼ਟ ਮੁਨ ਹਾਥ ਮਿਲਾਇ ॥
ਸੀਸ ਨੀਚ ਕਰ ਚਰਨੀ ਧਾਇ ॥
ਸੁਨੋ ਬੇਨਤੀ ਮੇ ਸੋ ਰਾਮ ॥
ਭਗਤੀ ਮੁਝ ਕੋ ਦੇ ਸੁਖ ਧਾਮ ॥ 26 ॥
ਨਿੰਦਤ ਕਰਮ ਪ੍ਰੋਹਤ ਜੋਈ ॥
ਕਰੇ ਵਖਿਆਨ ਵੇਦ ਅਸ ਸੋਈ ॥
ਕਰਤ ਭਾਇਓ ਮੈ ਅੰਗੀ ਕਾਰਾ ॥
ਸੋਨੋ ਰਾਮ ਤੋਹਿ ਕਹੋ ਵਿਚਾਰਾ ॥ 27 ॥
ਰਘ ਕੁਲ ਮੈ ਰਾਘਵ ਵਪ ਧਾਰੀ ॥
ਆਵੈ ਸੋ ਭੂ ਲੋਕ ਮਝਾਰੀ ॥
ਜਾ ਕਾਰਣ ਮੈ ਪ੍ਰੋਹਤ ਭਇਓ ॥
ਦੂਸਰ ਅਵਰ ਨਮਿਤ ਨਾ ਛੀਓ ॥ 28 ॥
ਭਗਤ ਦਾਨ ਮੁਝ ਕੋ ਤੁਮ ਦੇਵੋ ॥
ਜਨਮ ਸਫਲ ਅਪਨੋ ਕਰ ਲੇਵੋ ॥
ਸ੍ਰੀ ਰਘਪਤ ਮਹਿ ਮਨ ਕੀ ਜਾਨੀ ॥
ਐਸੀ ਮੁਝ ਕੋ ਕਹੀ ਸੁ ਬਾਨੀ ॥ 29 ॥
ਹੇ ਮਨ ਤੁਮ ਬਿਪ੍ਰ ਬਿਖਯਾਤਾ ॥
ਹਮ ਰਘਵੰਸੀ ਛਤ੍ਰੀ ਜਾਤਾ ॥
ਜਦਪ ਏਕ ਆਤਮਾ ਜਾਨਾ ॥
ਤਦਪ ਅਸਨਹ ਉਚਤ ਪ੍ਰਮਾਣਾ ॥ 30 ॥

Digitized by Panjab Digital Library | www.panjabdigilib.org

ਗੁਰ ਸਿਖ ਗੁਰ ਏਕ ਸਰੂਪ ॥
ਧਦਪ ਇਤ ਨਹ ਬਨਤ ਅਨੂਪ ॥
ਮੁਨੀ ਵਾਚ:- ਭਗਤੀ ਬਿਨਾ ਨਿਹਫਲ ਹੈ ਦੇਹੀ ॥
ਕਰੇ ਭਗਤ ਸੁਫਲੀ ਕਰਏਹੀ ॥ 31 ॥
ਬਿਨਾ ਭਗਤ ਨਹ ਨਿਰਮਲ ਅੰਗ ॥
ਜਦਪ ਸਦ ਮਜਨ ਕਰ ਅੰਗ ॥
ਪ੍ਰੇਮਾ ਨਉਧਾ ਪਰਾ ਪਛਾਨ ॥
ਤਿਨ ਪ੍ਰਕਾਰ ਕੀ ਭਗਤੀ ਮਾਨ ॥ 32 ॥
ਸ੍ਰੀ ਰਾਮੋ ਵਾਚ :- ਤ੍ਰੇਤਾ ਦੁਆਪਰ ਜਬੈ ਬਿਹਾਇ ॥
ਕਲਜੁਗ ਆਦ ਚਰਨ ਜਬ ਪਾਈ ॥
ਗੁਰ ਨਾਨਕ ਮੈ ਹੋਇ ਅਵਤਾਰ ॥
ਭਗਤਿ ਉਪਦੇਸ ਕਰੋ ਸੰਸਾਰ ॥ 33 ॥
ਉਪਾਸਨ ਮੈ ਉਚੋ ਬਾਣੀ ॥
ਭਗਤ ਵਿਰਾਗ ਗਿਆਨ ਜੁਤ ਜਾਣੀ ॥
ਪੰਜਵਾ ਧਾਰ ਕਲੇਵਰ ਤਬਹੀ ॥
ਛਤ੍ਰੀ ਕੁਲ ਸੋਢੀ ਫੁਨ ਜਬ ਹੀ ॥ 34 ॥
ਵੰਸ ਧਾਮ ਤਵ ਤੁਮ ਹੋਇ ਆਈ ॥
ਬੰਨੋ ਨਾਮ ਤੁਮਾਰੋ ਗਾਈ ॥
ਗੁਰ ਅਰਜਨ ਜਾਨੋ ਮੁਝ ਤਾਤ ॥
ਬੰਨੋ ਨਾਮ ਤੁਮੈ ਬਿਖਿਆਤ ॥ 35 ॥
ਉਸੀ ਸਵਾਂਗ ਮੈ ਬਨ ਹੈ ਬਾਤ ॥
ਅਬ ਨਹ ਉਚਤ ਸੁਨੋ ਬਿਖਿਅਤ ॥
ਤਬ ਭਗਤੀ ਕੈ ਬਪੂ ਕੇ ਧਾਰ ॥
ਸਭ ਜਗ ਕੋ ਕਰੀਓ ਤੁਮ ਪਾਰ ॥ 36 ॥
ਤੋਟਕ:— ਅਸ ਬਾਤ ਜਬੈ ਮੁਖ ਰਾਮ ਕਹੀ ॥
ਸੁਨ ਕੇ ਮੁਨਜੀ ਮਨ ਮੈ ਸੁ ਗਹੀ ॥
ਅਪਨੋ ਭੁਮ ਦੇਹ ਪਵਿਤ੍ਰ ਕਰੋ ॥
ਜਗ ਕੀ ਅਪਵਿਤ੍ਰਤਾ ਕੋ ਸੁ ਹਰੋ ॥ 37 ॥
ਭਗਤੀ ਤਰ ਹੋਇਕੈ ਮੂਲ ਤੁਮੈ ॥
ਮਿਟ ਦੇਹ ਸੰਸਾਰ ਕੋ ਸੂਲ ਜਮੈ ॥
ਰਘ ਬੀਰ ਜਬੈ ਅਸ ਬੈਨ ਕਹੇ ॥
ਮਨ ਧਾਰ ਮੁਨੀ ਮੁਖ ਮੋਨ ਰਹੇ ॥ 38 ॥

Digitized by Panjab Digital Library | www.panjabdigilib.org

ਕਛੁ ਆਤਮ ਮਧ ਬੀਚਾਰ ਕੀਆ ॥
ਇਸ ਬਾਤ ਬਿਖੈ ਬਡ ਡੇਰ ਰਿਹਿਆ ॥
ਰਘਬੀਰ ਕੇ ਬਾਕਨ ਮਰੋ ਸਕੋ ॥
ਜਸ ਬਾਤ ਕਹੈ ਸੋ ਭਾਤ ਭਕੋ ॥ 39 ॥

ਤਿਲਕਾ ਛੰਦ :-ਅਸਬਾਤ ਕਹੈ ॥
ਸਨ ਮੌਨ ਰਹੈ ॥
ਤਿਨ ਫੇਰ ਕਹਾ ॥
ਰਿਖ ਮਨ ਲਹਾ ॥ 40 ॥

ਮਨ ਤਿਆ ਵਾਚ:-ਸੁਨੀ ਬਾਤ ਮੁਨ ਕੀ ਜਬ ਤਰਨੀ ॥
ਦੋ ਕਰ ਜੋਰ ਬਚਨ ਅਸ ਬਰਨੀ ॥
ਮੋਹ ਦਾਸੀ ਦੋ ਮਤੁ ਤੁਮ ਤਿਆਗੋ ॥
ਤੁਮਰੇ ਚਰਨ ਸਰਨ ਰਹੋ ਲਾਗੋ ॥ 41 ॥

ਸੇਵਾ ਕਰ ਸਫਲੀ ਹਇ ਦੇਹ ॥
ਬਿਨਾ ਭਗਤਿ ਨਿਹਫਲ ਹੈ ਏਹ ॥
ਇਸਤ੍ਰੀ ਬਪੁ ਅਪਵਿਤ੍ਰ ਮਹਾਨ ॥
ਬਿਨਾ ਭਗਤ ਨਹ ਹੋਇ ਕਲਿਆਨ ॥ 42 ॥

ਦੋਹਰਾ :— ਕਹੇ ਵਾਕ ਅਨੁ ਰੁੰਧਤੀ ਮਨ ਮੈ ਨਿਮ੍ਰਤ ਧਾਰ ॥
ਤਥਾ ਅਸਤ ਮੁਨ ਜੀ ਕਹਾ ਕੀਨੋ ਅੰਗੀ ਕਾਰ ॥ 43 ॥

ਚੌਪਈ :— ਇਸ ਨਮਿਤ ਭਾਈ ਅਵਤਾਰ ॥
ਸਭ ਸੰਸਾਰ ਕੋ ਕੀਨੋ ਪਾਰਾ ॥
ਮੁਨ ਵਸ਼ਿਸ਼ਟ ਜਨਮ ਜਗ ਧਰਾ ॥
ਸਭ ਧਰਨੀ ਕੋ ਭਾਰ ਸੁਹਰਾ ॥ 44 ॥

ਜਾ ਬਿਧ ਪਿਛਲ ਜਨਮ ਕੀ ਕਥਾ ॥
ਬਰਨ ਸੁਨਾਈ ਤੁਮ ਕੋ ਜਥਾ ॥
ਪੜੇ ਸੁਨੇ ਜੇ ਪ੍ਰੇਮ ਬਢਾਇ ॥
ਚਿਤ ਭਰਮ ਮਿਟੈ ਮੁਕਤਿ ਕੋ ਪਾਇ ॥ 45 ॥

ਸਤਿ ਸੰਗਤਿ ਬਾਚ ;—

ਦੋਹਰਾ ; — ਸਤਿ ਸੰਗਤਿ ਪ੍ਰਛਤ ਭਈ ਹਾਥ ਜੋਰ ਸਿਰ ਨਿਆਇ ॥
ਭਾਈ ਜੀ ਕੋ ਸੁਤਨ ਕੋ ਜਨਤ ਕਹੋ ਸਤ ਭਾਇ ॥ 46 ।

Digitized by Panjab Digital Library | www.panjabdigilib.org

ਕੈਸੇ ਭਵ ਮੈ ਭਵ ਲੀਓ ਕਹੀਏ ਕਥਾ ਬਨਾਇ ॥
ਪਿਛਲੇ ਜਨਮ ਸੁ ਕਰਮ ਕੀ ਮੁਝਪ੍ਰਤ ਬਾਤ ਸੁਨਾਇ ॥ 47 ॥

ਕਵਿ ਵਾਚ ;— ਆਨੋ ਸੁਤ ਕੀ ਸੁਨੋ ਕਹਾਨੀ ॥
ਜਹ ਪ੍ਰਕਾਰ ਜਨਮਤ ਭਏ ਗਿਆਨੀ ॥
ਤਿਨਕੀ ਕਛਾ ਕਰੋ ਸੰਛੇਪ ॥
ਧਾਰ ਵਪੁ ਜਗ ਜਗ ਰਹੇ ਅਲੇਪ ॥ 48 ॥

ਆਠੋ ਵਸ਼ੂ (ਦੇਵਤੇ) ਵਪੁ ਧਾਰ ਕੈ ਆਇ ਜਗਤ ਮਝਾਰ ॥
ਸੁਨੋ ਸਭ ਚਿਤ ਦੇ ਸੁ ਤੁਮ ਤਿਨ ਕੋ ਕਹੋ ਵਿਚਾਰ ॥ 49 ॥

ਚੌਪਈ :— ਏਕ ਸਮੈ ਆਠੋ ਵਸੁ ਆਏ ॥
ਪ੍ਰਮ ਮੋਦ ਮਨ· ਮਹ ਬਢਾਇ ॥
ਬਦਲੀ ਖੰਡ ਪਾਵਨ ਜੋ ਥਾਨ ॥
ਦਰਸ਼ਨ ਕਰਨ ਆਏ ਭਗਵਾਨ ॥ 50 ॥

ਮੇਲਾ ਭਇਓ ਥਾਨ ਤਹ ਭਾਰੀ ॥
ਰਿਖ ਮੁਨ ਦੇਵ ਸੁ ਆਏ ਅਪਾਰੀ ॥
ਅਸ਼ਟਾ ਵਕਰ ਤਹਾਂ ਮੁਨ ਗਈ ॥
ਦ੍ਰਿਸ਼ਟ,ਪਰਾ ਤਿਨੋ ਕੋ ਵੋਹ ਜਾਈ ॥ 51 ॥

ਤਿਨ ਕੋ ਦੇਖ ਕਛੁ ਮੁਸਕਾਨੇ ॥
ਆਪਸ ਮੈ ਤਿਨ ਬਚਨ ਬਖਾਨੈ ॥
ਵਿੰਗ ਬਚਨ ਜਬ ਰਿਖ ਸੁਨੇ ਕਾਨੇ ॥
ਕ੍ਰੋਧ ਭਇਓ ਮਨ ਮੈ ਤਿਨ ਆਨੈ ॥ 52 ॥

ਤਿਨ ਉਪ੍ਰ ਮੁਨ ਕੋਪ ਸੁ ਕਰਾ ॥
ਮੁਖ ਤੇ ਐਸ ਸ਼ਾਖ ਉਚਰਾ ॥
ਤੁਮ ਗਿਰ ਮਾਤ ਲੋਕ ਮੇ ਜ਼ਾਵਹੁ ॥
ਮਾਨਸ ਕੇ ਵਪ ਕੋ ਤਹ ਪਾਵਹੁ ॥ 53 ॥

ਦੋਹਰਾ ;— ਹਾਸੀ ਭਲੀ ਨ ਕਿਸੀ ਸਿਉ ਹਾਸੀ ਕਲ ਕਾ ਮੂਲ ॥
ਹਾਸੀ ਤੇ ਕੈਰਵ ਖਪੇ ਜਾਦਵ ਕੁਲ ਨਿਰ ਮੂਲ ॥ 54 ॥

ਮੁਨ ਨਾਰਦ ਕੋ ਹਸਤ ਭੇ ਸ਼ਿਵ ਕੇ ਗਨ ਸੁਜਾਨ ॥
ਰਾਖਸ਼ ਵਪ ਉਨ ਧਰਿਓ ਗਵਨ ਕੀਓ ਕੁੰਭ ਕਾਨ ॥ 55 ॥

Digitized by Panjab Digital Library | www.panjabdigilib.org

ਤੋਟਕ ਛੰਦ ;—ਤਿਨ ਐਸ ਸ੍ਰਾਪ ਸੁਨ ਜਬ ਹੀ ॥
ਮਨ ਮੈ ਭੈ ਮਾਨ ਭਏ ਤਬ ਹੀ ॥
ਕਰ ਜ਼ੋਰ ਸੁ ਸੀਸ ਨਵਾਇ ਰਹੇ ॥
ਮੁਖ ਤੇ ਤਿਨ ਵਾਕ ਲਜਾਇ ਕਹੈ ॥ 56 ॥

ਮੁਨ ਜੀ ਮੁਝ ਕੋ ਪ੍ਰਮਾਦ ਭਇਓ ॥
ਤੁਮਰੋ ਪ੍ਰਭਾਵ ਨ ਯਾਦ ਰਹਿਓ ॥
ਮੁਝ ਕੋ ਤੁਮ ਘੋਰ ਸੁ ਵਾਕ ਕਹੈ ॥
ਸਤ ਜ੍ਞਾਨ ਸੁ ਸੀਸ ਹਾਰ ਰਹੈ ॥ 57 ॥

ਤੁਮ ਮੇਰ ਸਮਾਨ ਮੁਨੀਸ ਅਹੇ ॥
ਅਖਲੇਸ ਅਖੰਡ ਅਵਨੀਸ ਰਹੋ ॥
ਹਮ ਭੂਲਨ ਹਾਰ ਸੁਜੰਤ ਅਹੈ ॥
ਸਰਬਗ ਤੁਮੈ ਸੁ ਬਿਅੰਤ ਕਹੈ ॥ 58 ॥

ਚੌਪਈ :— ਹੋਇ ਕ੍ਰਿਪਾ ਮੁਹਿ ਕ੍ਰਿਪਾ ਕਰੋ ॥
ਕਹੇ ਜੁ ਵਾਕ ਮੁਝ ਕੋ ਸੋ ਹਰੋ ।
ਸਦਾ ਸਦਾ ਭੂਲੇ ਹਮ ਜੰਤ ॥
ਤੁਮਰੋ ਬਿਰਦ ਸਦਾ ਬਖਸੰਤ ॥ 59 ॥

ਹਮ ਨਹੀਂ ਸਮਝਾ ਤੁਮੇ ਮੁਨੀਸਰ ॥
ਸਤਿ ਰੂਪ ਤੁਮਰੋ ਜਗਦੀਸ਼ਰ ॥
ਕੁਠਾਰ ਕਟਤ ਹੈ ਚੰਦਨ ਬਾਵਨ ॥
ਵਹ ਸੁੰਗਧ ਦੇ ਕਰੇ ਸੁਪਾਵਨ ॥ 60 ॥

ਲੋਹਾ ਪਾਰਸ ਪ੍ਰਤ ਪ੍ਰਹਾਰ ॥
ਕੰਚਨ ਕਰਤ ਨ ਲਾਗੈ ਬਾਰ ॥
ਅਸ ਉਸਤਤ ਕਰ ਚਰਨੀ ਪਰੇ ॥
ਹੁਇ ਦਿਆਲ ਮੁਨ ਮੁਖੋ ਉਚਰੇ ॥ 61 ॥

ਸੁਨੇ ਬਚਨ ਕਰਨਾ ਮਨ ਧਾਰੀ ॥
ਐਸੇ ਮੁਖ ਤੇ ਕੀਨ ਉਚਾਰੀ ॥
ਬਚਨ ਨ ਅਨਥਾ ਮੋਰੋ ਹੋਈ ॥
ਕਰ ਵਿਚਾਰ ਸਮਝੋ ਮਨ ਸੋਈ ॥ 62 ॥

ਦੋਹਰਾ :— ਮਾਤ ਲੋਕ ਮੈਂ ਜਨਮ ਲੈ ਭਗਤੀ ਵਪ ਕੋ ਧਾਰ ॥
ਅਰਪ ਕਾਲ ਮੈ ਆਈਓ ਸਭੀ ਕਲੇਵਰ ਡਾਰ ॥ 63 ॥

Digitized by Panjab Digital Library | www.panjabdigilib.org

ਭਗਤ ਦਾਨ ਤੁਮ ਕੋ ਹਮ ਦੇਵੋ ॥
ਜਨਮ ਸਫਲ ਅਪਨੋ ਕਰ ਲੇਵੋ ॥
ਐਸੇ ਵਾਕ ਮੁਖ ਤੇ ਮੁਨ ਕਰੇ ॥
ਫਿਰ ਆਇ ਚਰਨੀ ਮਾਤਾ ਕੀ ਪਰੈ ॥ 71 ॥

ਹੇ ਮਾਤਾ ਜਨਨੀ ਸਖ ਦਾਈ ॥
ਈਤ ਊਤ ਤੁਮ ਹੋਹ ਸਹਾਈ ॥
ਤੁਮ ਭੀ ਮੋ ਪਰ ਕਿਰਪਾ ਕਰੋ ॥
ਤੁਮਰੇ ਉਦਰ ਬਿਖੈ ਬਪੁ ਧਰੋ ॥ 72 ॥

ਸੁਨੀ ਬਾਤ ਦੇਵਨ ਕੀ ਮਾਤ ॥
ਬਿਕਸਤ ਭਈ ਤਬੀ ਬਿਖਿਆਤ ॥
ਅਸ ਧੀਰਜ ਦੇਵਨ ਕੋ ਦੀਨੋ ॥
ਸੋਨੋ ਸੁਰਿਦ ਪਰਮ ਪ੍ਰਬੀਨੋ ॥ 73 ॥

ਜਨਮ ਧਰੋ ਜੋ ਮੇਰੇ ਉਦਰ ॥
ਕਲ ਕਲੇਸ ਤੁਹ ਰਹੇ ਨ ਛਿਦਰ ॥
ਭਗਤ ਗਿਆਨ ਕੀ ਦੇ ਕਰ ਲੋਰੀ ॥
ਸਭ ਆਪਦਾ ਕਾਟੋ ਸੁਰ ਤੋਰੀ ॥ 74 ॥

ਦੋਹਰਾ :- ਸੁਨੇ ਵਾਕ ਮੁਲ ਤ੍ਰਿਆ ਕੇ ਸਭ ਦੇਵਨ ਸੁਖਮਾਨ ॥
ਜਨਮ ਭਇਓ ਤਿਹ ਇਹ ਨਮਿਤ ਪਾਇਓ ਆਤਮ ਗਿਆਨ ॥ 75

ਪੂਰਨ ਭਇਓ ਧਿਆਇ ਇਹ ਆਗੇ ਕਥਾ ਸੁ ਔਰ ॥
ਸਨੋ ਸੰਤ ਚਿਤ ਲਾਇ ਕੈ ਮਨ ਰਾਖੋ ਇਕ ਠੌਰ ॥ 76 ॥

ਏਸੀ ਸੋਬਾ ਨਗਰ ਕੀ ਮੁਝ ਪੈ ਕਹੀ ਨ ਜਾਇ ॥
ਤਾ ਮੇ ਕਛੁ ਵਰਨਨ ਕਰੋ ਜੋ ਮੁਝ ਮਨ ਮੈ ਆਇ ॥ 77 ॥

ਸ੍ਰੀ ਵਾਹਿਗੁਰੂ 'ਮੁਖ ਕਰੋ ਬਖਾਨ ॥
ਹਿਰਦੇ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਕਹੇ ॥ 3 ॥

—0—

Digitized by Panjab Digital Library | www.panjabdigilib.org

ਚੌਥਾ ਧਿਆਵ

ਅਥ ਨਗਰ ਕੀ ਸੋਭਾ ਬਰਨਨੰ

ਦੋਹਰਾ :- ਚਰਨ ਕਮਲ ਗੁਰਦੇਵ ਕੇ ਹੀਏ ਰਾਖ ਕਰ ਭਾਉ ॥
ਅਗਰ ਕਥਾ ਵਰਨਨ ਕਰੋ ਸੁਨੋ ਸਭ ਚਿਤ ਜਾਉ ॥ 1 ॥

ਬਨ ਉਪਬਨ ਜਿਹ ਸਵਰਗ ਸਮ ਸੋਭਾ ਬਨੀ ਅਪਾਰ ॥
ਨਾਂਗ ਨਾਗ ਅਰ ਸਿਰਗ ਜਹਾਂ ਬ੍ਰਿਕ ਅਰ ਛਾਗ ਹਜ਼ਾਰ ॥

ਚੌਪਈ :- ਵੈਨਤੇਯ ਰਦੂ ਸੁਤਿ ਮੋਰ ॥ 2 ॥
ਇਕਠਾ ਰਹੈ ਸਾਧ ਅਰ ਚੋਰ ॥
ਕੋ ਕਿਸ ਹੀ ਦੇਵੇ ਨਹੀਂ ਦੂਖ ॥
ਨਿਸ ਬਾਸਰ ਸਦਹੀ ਤਿਹਸੂਖ ॥ 3 ॥

ਕੀਰ ਕਪੋਤ ਤਿਹ ਬਸੈ ਮਰਾਲਾ ॥
ਕਰੈ ਕੁਲਾ ਹਲ ਸੁਭਰਾ ਰਸਾਲਾ ॥
ਸੀਤਲ ਮੰਦ ਸੁੰਗਧ ਸਮੀਰਾ ॥
ਚਲੈ ਬਸੰਤ ਬਾਗ ਮਧ ਧੀਰਾ ॥ 4 ॥

ਤਾ ਮਹਿ ਗੁਨ ਜਨ ਸੱਤ ਸਮਾਜ ॥
ਚਰਚਾ ਕਰਤ ਗਰੀਬ ਨਿਵਾਜ ॥
ਬਾਪੀ ਕੂਪ ਤਾਲ ਜਲ ਭਰੇ ॥
ਸੁਭਗ ਭੂਮ ਦੂਮ ਫੂਲ ਸੁਫਰੇ ॥ 5 ॥

ਨਗਰ ਬਗਰ ਸੁਭ ਬੀਥ ਬਜਾਰਾ ॥
ਵਿਸ਼ ਕਰਮਾ ਜਨ ਰਚੇ ਸੁਚਾਰਾ ॥

Digitized by Panjab Digital Library | www.panjabdigilib.org

ਚੌਪਈ ;— ਜਾ ਨਿਮਿਤ ਆਠੌ ਸੁਤ ਭਾਈ ॥
ਜਨਮ ਧਰਿਓ ਤਹ ਗ੍ਰਿਹ ਮੇ ਆਈ ॥
ਇੰਦ੍ਰ ਹੁਤਾਸਨ(ਅਗਨ)ਜਮ ਅਲਕੇਸ਼ (ਕਬੇਰ ॥
ਸੂਰਜ ਚੰਦ ਸਮੀਰ (ਪੌਣ) ਜਲੇਸ ॥ 64 ॥

ਇਹ ਆਠੋ ਕੋ ਜਾਨੋ ਨਾਮ ॥
ਜਨਮ ਲੀਓ ਭਾਈ ਕੇ ਧਾਮ ॥
ਆਪਸ ਮੈ ਤਿਨ ਕਰੀ ਸਲਾਹ ॥
ਜਨਮ ਧਰੋ ਕਾਕੇ ਗ੍ਰਿਹ ਮਾਹ ॥ 65 ॥

ਮਿਲ ਗਿਲ ਕੈ ਤਿਨ ਬਾਦ ਉਚਾਰੀ ॥
ਮੁਨ ਵਿਸ਼ਿਸ਼ਟ ਹੋਇ ਕਲ ਅਵਤਾਰੀ ॥
ਤਾਤੇ ਮਿਲੈ ਸਭੀ ਮੁਨ ਰਾਇ ॥
ਬਿਨੌ ਕਰੇ ਤਿਨ ਕੇ ਗਹਿ ਪਾਇ ॥ 66 ॥

ਮਸਲਤ ਕਰ ਆਇ ਮੁਨ ਪਾਸ ॥
ਦੋ ਕਰ ਜੋੜ ਕਰੀ ਅਰਦਾਸ ॥
ਹੇ ਮੁਨ ਸੁਨੀ ਬਾਤ ਹਮ ਏਹੁ ॥
ਮਾਨਸ ਕੀ ਪਾਵਹੁ ਤੁਮ ਦੇਹ ॥ 67 ॥

ਭਗਤੀ ਵ੍ਪੂ ਕਲ ਜੁਗ ਤੁਮ ਧਾਰੋ ॥
ਅਧਮ ਜੀਵ ਕੋ ਕਰੋ ਸੁਖਾਰੋ ॥
ਹਮ ਭੀ ਮਾਤ ਲੋਕ ਮੈ ਜਾਵਹਿ ॥
ਤੁਮਰੇ ਗ੍ਰਿਹ ਜਨਮਨ ਕੋ ਪਾਵਹਿ ॥ 68 ॥

ਜੇ ਕਰ ਮੁਝ ਕੋ ਕਰੋ ਨ ਦੇਸ ॥
ਤੁਮਰੇ ਧਾਮ ਕਰੋ ਪ੍ਵੇਸ ॥
ਦੇਵ ਲੋਕ ਮੁਝ ਪਰ ਤੁਮ ਮਾਇਆ ॥
ਮਾਤ ਲੋਕ ਭੀ ਕਰੋ ਸੁ ਦਇਆ ॥ 69 ॥

ਤਿਨ ਕੇ ਬਚਨ ਸੁਨੇ ਮੁਨ ਬਿਕਸੇ ॥
ਐਸੇ ਬਾਕ ਸੁ ਮੁਖ ਤੇ ਨਿਕਸੇ ॥
ਸੁਨੋ ਦੇਵ ਤੁਮ ਜਨਮ ਸੁ ਧਾਰੋ ॥
ਸਭ ਸੰਕਟ ਤੁਮਰੇ ਹਮ ਟਾਰੋ ॥ 70 ॥

Digitized by Panjab Digital Library | www.panjabdigilib.org

ਊਚ ਭਵਨ ਕਲਸਾ ਤਿਹ ਚਮਕੈ ॥
ਅਭਰਨ ਮਧਿ ਜਿਮ ਦਾਮਨ ਦਮਕੈ ॥ 6 ॥

ਪ੍ਰਾਚੀ ਦਿਸ ਸੋਭੈ ਦਰਬਾਰ ॥
ਉਦਿਓ ਹੰਸ ਜਨ ਮੇਰ ਮਝਾਰ ॥
ਕੀਰਤਨ ਕਥਾ ਬਾਣੀ ਮੁਖਪਾਠ ॥
ਪੰਡਿਤ ਗੁਨ ਜਨ ਕਰੇ ਸੁਨਾਟ ॥
ਭਗਤ ਗਿਆਨ ਜੋਗ ਕਈ ਧਾਰੇ ॥
ਹੋਇ ਵਿਰਕਤ ਕਈ ਵਿਖੈ ਨਿਵਾਰੈ ॥
ਅਸਨ ਬਸਨ ਕੀ ਕਮੀ ਨ ਕੋਈ ॥
ਬਿਨ ਮਾਂਗੇ ਪਾਵੈ ਸਭਿ ਕੋਈ ॥ 8 ॥

ਸਵੈਯਾ ;- ਕਈ ਬੈਠ ਇਕਾਗਰ ਧਿਯਾਨ ਧਰੈ
ਮਧਆਤਮ ਆਪਨ ਆਪ ਬਿਚਾਰੈ ॥
ਕਈ ਜੋਗ ਕੀ ਰੀਤ ਸੋ ਪ੍ਰੀਤ ਧਰੇ
ਬ੍ਰਹਮ ਰੱਧਰ ਫੋਰ ਕੈ ਪ੍ਰਾਨ ਨਿਕਾਰੈ ॥
ਕਈ ਗਰੰਥ ਕੇ ਪਾਠ ਕੋ ਠਾਟ ਠਟੈ
ਨਿਸ ਸੇਸ ਰਹੇ ਜਲ ਅੰਗ ਪਖਾਰੈ ॥
ਇਕ ਸੇਵ ਕਰੈ ਸਿਖ ਸੰਗਤ ਕੀ ਮਨੈ
ਨਿਮਰਤ ਧਾਰ ਸੁ ਨਾਮ ਉਚਾਰੈ ॥ 9 ॥

ਦੋਹਰਾ :- ਅਧਆਤਮ ਅਧਭੂਤ ਜੋ ਅਧਦੇਵਕ ਜੇਵਰ ਆਮ ॥
ਵਿਆਪਕ ਇਤਰ ਜ ਜੀਵ ਹੈ ਤਹਾਂ ਨ ਤਿਨਕੋ ਨਾਮ ॥ 10 ॥

ਸਵੈਯਾ ;- ਨਰ ਨਾਰ ਸੁ ਦੇਵ ਸਰੂ ਦਿਖੈ ਅੰਗ
ਭੂਖਨ ਹੈ ਕਲ ਧੋਤ ਸਵਾਰੇ ॥
ਤਨ ਚੀਰ ਸਵਛ ਸੁਝੀਨ ਧਰੈ ਰੰਗ
ਰੰਗਨ ਕੈ ਨਹ ਜਾਤ ਗਨਾਰੇ ॥
ਸੁੰਦਰ ਗਗਨ ਕੋ ਪੁਰ ਮੇਰ ਕਿ
ਸਵਰਗ ਕੁਮੇਰ ਰਚੀ ਕਰਤਾਰੇ ॥
ਕਿਧੋ ਸਾਤ ਸੁਲੋਕ ਬਿੰਚ ਰਚੇ ਸੁ
ਆਠਮ ਭੂਮ ਮੈ ਅਵਰ ਸੁਧਾਰੇ ॥ 11 ॥

ਦੋਹਰਾ ;- ਤਿਨ ਕੇ ਸੁਖ ਸੁਵਿ ਲੋਕ ਕੈ ਸੁਰ ਮਨ ਰਿਸ ਕੋਧਾਰ ॥
ਮੁਝ ਤੇ ਅਧਿਕ ਪਛਾਨੀਐ ਜੁ ਇਹ ਪੁਰ ਨਰ ਨਾਰ ॥ 12 ॥

Digitized by Panjab Digital Library | www.panjabdigilib.org

ਸਰੋਬਾਚ :- ਰਮ ਪੁਨ ਫਲ ਸਭ ਭੋਗ ਕੈ ਗਿਰੈ ਪਰੈ ਮਹਿ ਲੋਕ ॥
ਇਹ ਤਨ ਤਜ ਕਰ ਆਵਹੀ ਬਿਸਹੈ ਹਰਿ ਕੇ ਉਕ ॥ 13 ॥

ਚੌਪਈ :- ਸਵਰਗ ਬੀਚ ਈਰਖਿ ਮਦ ਮਾਨ ॥
ਨਿੰਦਾ ਕਪਟ ਸੁ ਕਰੈ ਵਖਿਯਾਨ ॥
ਜਬ ਪ੍ਰਾਨੀ ਆਵੈ ਸੁਰ ਧਾਮ ॥
ਨਿਰ ਜਵਰ ਮਿਲ ਅਸ ਕਹੈ ਤਮਾਮ ॥ 14 ॥

ਫੂਲ ਮਾਲ ਗਿਣ ਕਰ ਗਲਿਡਾਰੈ ।
ਜੇਤੇ ਬ੍ਰਖ ਸੁਖ ਸੁਆਓ ਨਿਹਾਰੇ ॥
ਬ੍ਰਖ ਬਤੀਤ ਕੁਸਮ ਕੁਮਲਾਵਿ ਚਿੰਤਾ
ਕਰ ਮਨ ਮੈ ਪਛਤਾਵੈ ॥ 15 ॥

ਇਨ ਕੋ ਕਛੁ ਚਿਤ ਮੋਹਿ ਨ ਸੋਗੁ ॥
ਸਦਾ ਖੁਸੀ ਅਹਿ ਦੇਹ ਅਰੋਗ ॥
ਮਾਤ ਲੋਕ ਮੈ ਕਰਹੈ ਦਾਨ ॥
ਸਵਰਗ ਆਇ ਪਾਵੈ ਸਨ ਮਾਨ ॥ 16 ॥

ਸਵਰਗ ਲੋਕ 'ਤੇ ਅਤਿ ਸੁਖ ਪਾਵੈ ॥
ਨਿਤ ਪ੍ਰਿਤ ਨਾਮ ਰਸਨ ਜੋ ਗਵੈ ॥
ਭੂਰ ਭਾਗ ਇਨ ਭਾਲ ਸੁਭਏ ॥
ਲੋਕ ਪ੍ਰਲੋਕ ਪ੍ਰਮ ਸੁਖ ਲਏ ॥ 17 ॥

ਦੋਹਰਾ :- ਨਿਤ ਪ੍ਰਿਤ ਦੇਵ ਸਲਾਹਿਈ ਮਨ ਮਧਕਰੇ ਬਿਚਾਰ ॥
ਧਨ ਭਾਗ ਹੈ ਇਨੋ ਕੇ ਇਤ ਸੁਰ ਕਰਤਿ ਉਚਾਰ ॥ 18 ॥

ਐਸੇ ਪਰੀ ਪ੍ਰਮ ਸੁਖ ਸਾਗਰ ॥
ਬਸੈ ਜਾਹ ਨਰ ਨਾਰੀ ਨਾਗਰ ॥
ਜੋ ਇਛਾ ਧਰ ਕਰ ਕੋਈ ਸੇਵੈ ॥
ਤਤ ਛਿਨ ਮਨ ਬਾਂਛਤ ਫਲ ਲੇਵੈ ॥ 19 ॥

ਅਕ ਸਮਾਤਰ ਪੁੰਨ ਸੁੰਨ ਯਤ ਤਹਾ ॥
ਰਾਗ ਰੰਗ ਹੋਵਤ ਸਦ ਵਾਹ ॥
ਚਾਰ ਬਰਨ ਆਸ਼੍ਰਮ ਹੈ ਚਾਰ ॥
ਖਟ ਦਰਸ਼ਨ ਬਸ ਹੈ ਸੁਭ ਸਾਰ ॥ 20 ॥

ਸਭ ਸੰਗਤ ਵਾਚ :—

ਦੋਹਰਾ :- ਆਸ੍ਰਮ ਚਾਰ ਜੁ ਬਰਨ ਹੈ ਖਟ ਦਰਸ਼ਨ ਕਾ ਭੇਵ ॥

Digitized by Panjab Digital Library | www.panjabdigilib.org

ਮੁਝ ਪ੍ਰਿਤ ਏਹ ਬਖਾਨੀਐ ਨਾਮ ਜਥਾਰਥ ਦੇਵ ॥ 12 ॥

ਕਵਿ ਵਾਚ ;—

ਦੋਹਰਾ ;- ਗ੍ਰਸਤੀ ਪ੍ਰਥਮ ਉਚਾਰੀਐ ਬਾਨ ਪ੍ਰਸਤੀਆ ਅਵੇਰ ॥
ਜੋਗੀ ਅਵਰ ਸੰਨਿਆਸੀ ਅ ਇਹੁ ਆਸ਼ਮ ਸਿਰਮੋਰ ॥ 22 ॥

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰ ਵਰਨ ਇਹ ਜਾਨ ॥
ਭਜਨ ਕਰੈ ਜੁ ਈਸ ਕਾਸੁ ਉਤਕ ਪਹਿਚਾਨ ॥ 23 ॥

ਚੌਪਈ :- ਜੋਗੀ ਜੰਗਮ ਅੌ ਸਾਨਿਆਸ ॥
ਜੈਨੀ ਬਿਪ ਕਹੈ ਸੁਖ ਰਾਸ ॥
ਮਦਾਰੀ ਹੈ ਖਸਟਸ ਜੋਈ ॥
ਖਟ ਦਰਸ਼ਨ ਮਾਨੋ ਇਹ ਸੋਈ ॥ 24 ॥

ਇਹ ਸਭ ਸੁਖੀ ਬਸੈ ਪਰ ਜਾਨ ॥
ਇਕ ਤੇ ਅਧਿਕ ਅਧਿਕ ਛਬਿ ਵਾਨ ॥
ਸੁੰਦਰ ਸੁਘਰ ਸਰੂਪ ਸਿਆਨੇ ॥
ਨਿਰਖ ਦੇਵ ਤਿਹ ਰੂਪ ਲੁਭਾਨੇ ॥ 25 ॥

ਦੋਹਰਾ :- ਏਸੇ ਸੁਖ ਅਵਲੋਕ ਕੈ ਸੁਰ ਚਾਹਤ ਮਨ ਮਾਹਿ ॥
ਮੁਝ ਤੇ ਏ ਜਨ ਧਨ ਹੈ ਬਸੈ ਸੁਜਾ ਪੁਰ ਮਾਹਿ ॥ 26 ॥

ਪੂਰਨ ਭਇਓ ਪ੍ਰਸੰਗ ਇਹੁ ਆਗੇ ਜਨਮ ਕਥਾਨ ॥
ਜੈਸਕ ਸੁਨੀ ਸੁਭਾਖਿਓ ਧਰੋ ਸੰਤ ਤੁਮ ਕਾਨ ॥ 27 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਯਾਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇਪਾਤਕ ਦਹੈ ॥ 5 ॥

—0—

Digitized by Panjab Digital Library | www.panjabdigilib.org

ਪੰਜਵਾ ਧਿਆਵ

ਵਿਆਹ ਦਾ ਸ਼ਮਾਂ

ਦੋਹਰਾ ;- ਸ੍ਰੀ ਗੁਰ ਪਦ ਰਾਜ ਲਾਇਓ ਦ੍ਰਿਗ ਮਸਤਕ ਅਰ ਸੀਸ ॥
ਉਰ ਮਲੀਨਤਾ ਸਭ ਮਿਟੈ ਜਨਮ ਕਥਾ ਕਹੋ ਈਸ ॥ 1 ॥

ਜਨਮ ਕਥਾ ਵਰਨਨ ਕਰੋ ਗੁਰ ਚਰਨਨ ਉਰਧਾਰ ॥
ਸੁਨੋ ਸੰਤ ਸਿਖ ਸਭ ਕਹੋ ਰੋਚਕ ਬਚਨ ਦਇਆਰ ॥ 2 ॥

ਗੁਰ ਸਿਖ ਗੁਰ ਏਕ ਹੈ ਜਾ ਮਹਿ ਸੰਸੋ ਨਾਹਿ ॥
ਜੈਸੇ ਸਿੰਧ ਤਰੰਗ ਮੈ ਤਰੰਗ ਸਿੰਧ ਕੋ ਮਹਿ ॥ 3 ॥

ਚੌਪਈ :- ਗੁਰ ਸਿਖ ਸਿਖੀ ਈਸ ਪਛਾਨ ॥
ਚੱਤ ਨਾਮ ਬਪ ਏਕੋ ਜਾਨ ॥
ਇਨ ਮਹਿ ਕਛੁ ਰੰਚਕ ਨਹ ਭੇਦ ॥
ਸਿੰਧ ਤਰੰਗ ਨਦ ਜਾਨ ਸੁਰੇਦ ॥ 4 ॥

ਪ੍ਰਮ ਪਵਿਤ੍ਰ ਕਥਾ ਸੁਖ ਕਰਣੀ ॥
ਪਾਪਨ ਕੈ ਕਾਟਨ ਕੋ ਅਰਨੀ ॥
ਗੰਗ ਸਮਾਨ ਅਹੈ ਕਥ ਪਾਵਨ ॥
ਪੜੈ ਸੁਨੇ ਤਿਸ ਪਾਪ ਨਸਾਵਨ ॥ 5 ॥

ਤੋਟਕ ਛੰਦ :- ਪਿਛਲੀ ਕਛੁ ਰੈਨ ਜੁ ਸੇਸ ਰਹੀ ॥
ਘਟਕਾ ਤਿਹ ਆਠ ਬਿਚਾਰ ਅਹੀ ॥
ਤਿਹ ਮਾਤ ਕੋ ਆ ਨਿਕੇ ਨਿੰਦਰ ਗਯੋ ॥
ਬਿਨ ਗੁਰ ਮੁਕਤਿ ਨਹੀਂ ਤ੍ਰੈ ਲੋਈ
ਗੁਰ ਮੁਖਿ ਪਾਈਐ ਨਾਮ ਹਰੀ ॥ 1 ॥

ਰਹਾਉ :- ਬਿਨ ਭਗਤੀ ਨਹੀ ਸਤਿਗੁਰ ਪਾਈਐ
ਕਰਮ ਮਿਲੈ ਹਰਿ ਨਾਮ ਹਰੀ ॥ 2 ॥

ਘਟਿ ਘਟਿ ਗੁਪਤ ਉਪਾਏ ਵੇਖੇ
ਪਰਗਟ ਗੁਰ ਮੁਖ ਸੰਤ ਜਨਾਂ ॥
ਹਰਿ ਹਰਿ ਕਰਹਿ ਸੁ ਹਰਿ ਰੰਗ ਭੀਨੇ
ਹਰਿ ਜਲ ਅੰਮ੍ਰਿਤ ਨਾਮ ਮਨਾ ॥ 3 ॥

ਜਿਨ ਕਉ ਤਖਤ ਮਿਲੈ ਵਡਿਆਈ
ਗੁਰਮੁਖ ਸੇ ਪ੍ਰਧਾਨ ਕੀਏ ॥
ਪਾਰਸ ਭੇਟ ਤਏ ਸੇ ਪਾਰਸ
ਨਾਨਕ ਹਰਿ ਗਰ ਸੋਗ ਥੀਏ ॥ 4 ॥

ਸੁਨ ਕਰ ਸਬਦ ਸ੍ਰੀ ਗੁਰ ਦਇਆਲਾ ॥
ਹੁਇ ਪ੍ਰਸੰਨ ਕਹਾ ਸਿਖ ਨਿਹਾਲਾ ॥

Digitized by Panjab Digital Library | www.panjabdigilib.org

ਕਿਆ ਤੁਮ ਨਾਮ ਬਤਾਵਹੁ ਮੋਹ ॥
ਕਵਨਿ ਜਾਤ ਭਾਖੋ ਸਦ ਸੋਇ ॥ 17 ॥

ਸਿਖ ਬਾਚ :—

ਦੋਹਰਾ :- ਜਾਤ ਕਪੂਰ ਬਖਾਨੀਐ ॥
ਪਰਮਾ ਨੰਦ ਅਹਿ ਨਾਮ ਬਾਇਠ ਵਾਲ ਪਛਾਨੀਐ ॥
ਹਮਰੋ ਨਗਰ ਸੁਧਾਮ ॥
ਪਰਮਾ ਨੰਦ ਅਹਿ ਨਾਮ ॥ 18 ॥

ਚੌਪਈ :- ਸ੍ਰੀ ਸਤਿ ਗੁਰ ਆਗਿਆ ਅਸ ਕੀਨੀ ॥
ਲੈ ਗਾਗਰ ਜਲ ਆਨ ਸੁ ਦੀਨੀ ॥
ਬੀਚ ਕੜਾਹ ਸਿਖ ਬੈਠਾਇਓ ॥
ਭਲੀ ਭਾਂਤ ਜਲ ਉਨ ਸਿਉ ਨਾਇਓ ॥ 19 ॥

ਨਵੀਨ ਪੁਸਾਕ ਤਿਨੇ ਪਹਿਨਵਾਈ ॥
ਜਾ ਬਿਧ ਤਿਸ ਕੋ ਮਿਲੀ ਵਡਾਈ ॥
ਕੰਚਨ ਸਮ ਏਹੀ ਤਿਸ ਭਈ ॥
ਗੁਰ ਕ੍ਰਿਪਾ ਦੁਰਮਤਿ ਤਿਸ ਗਈ ॥ 20 ॥

ਹੈਸੇ ਬਚਨ ਸੁ ਕਹੇ ਹਜੂਰ ॥
ਜਾਤ ਕਪੂਰ ਕਰੋ ਤੁਮ ਦੂਰ ॥
ਚਰਣ ਅੰਮ੍ਰਿਤੀਯੇ ਤੇਰੀ ਜਾਤ ॥
ਸਭਿ ਜਗ ਮੈ ਹੁਇ ਹੈ ਬਿਖਿਯਾਤ ॥ 21 ॥

ਦਿਸ ਕੰਧਾਰੀ ਸੰਗਤਿ ਜੋਇ ॥
ਤਿਨ ਕੋ ਕੀਨ ਰਾਮਦਾਸ ਸੁ ਸੋਇ ॥
ਚਰਨ ਧੋਇ ਅੰਮ੍ਰਿਤ ਤਿਹ ਦੀਨੋ ॥
ਐਸੇ ਬਚਨ ਉਚਾਰਨ ਕੀਨੋ ॥ 22 ॥

ਕੋਈ ਸਿਖ ਬੇਟੀ ਇਸ ਦੇਇ ॥
ਜੋ ਚਾਹ ਸੋਈ ਫਲ ਲੇਇ ॥
ਤਿਸ ਸਿਖ ਪ੍ਰ ਗੁਰ ਕਿਰਪਾ ਧਾਰੀ ॥
ਭਵ ਸਾਗਰ ਤੇ ਕਰ ਹੈ ਪਾਰੀ ॥ 23 ॥

ਅਸ ਬਚ ਸੁਨ ਸੰਗਤਿ ਭਈ ਮੋਨ ॥
ਨੀਚ ਦ੍ਰਿਸਟ ਕਰ ਦੇਖਤ ਔਨ ॥

Digitized by Panjab Digital Library | www.panjabdigilib.org

ਦੂਸਰ ਬਚਨ ਸ੍ਰੀ ਗੁਰ ਕਰਾ ॥
ਸੁਨ ਸੰਗਤਿ ਮੁਨ ਮੌਨ ਸੁ ਕਰਾ ॥ 24 ॥

ਦਹਰਾ :- ਤੀਸਰ ਬੇਰ ਬਖਾਨਿਓ ਸੰਗਤਿ ਪ੍ਰਿਤ ਗੁਰ ਆਪ ॥
ਬੇਟੀ ਦੇਏ ਜੁ ਸਿਖ ਕੌ ਮੇਟੈ ਸਗਲ ਸੰਤਾਪ ॥ 25 ॥

ਚਉਪਈ :- ਏਕ ਸਿਖ ਸੁਨ ਬਚਨ ਸੁ ਬੋਲਾ ॥
ਮੁਝ ਦੇਵਹੁ ਪੁਤ੍ਰੀ ਕਾ ਡੋਲਾ ॥
ਸੁਨ ਕਰ ਸਤਿਗੁਰ ਭਏ ਦਇਆਲਾ ॥
ਅਸੇ ਬਚਨ ਸੁ ਕਹੈ ਰਸਾਲਾ ॥ 26 ॥

ਚਾਰ ਪਦਾਰਥ ਤੁਮ ਕੋ ਦਏ ॥
ਜਨਮ ਜਨਮ ਕੇ ਪਾਤਕ ਗਏ ॥
ਨਾਨਕ ਸਰ ਤਿਹ ਕੀਨ ਨਿਵਾਸ ॥
ਝੰਘ ਮਘਿਆਨੇ ਅਹੇ ਪਾਸ ॥ 28 ॥

ਦੋਹਰਾ :- ਨਾਨਕ ਸਰੀਏ ਜਾਨਿਐ ਪ੍ਰਮਾਨੰਦ ਦੀ ਅੰਸਾ ॥
ਗੁਰੂ ਰਾਮ ਦਾਸ ਕੀ ਮਾਇਆ ਤੇ ਭਏ ਜਗਤਿ ਅਵਤੰਸਾ ॥28॥

ਚੌਪਈ :- ਧਰਮ ਸਾਲ ਗੁਰ ਕੀ ਏਹ ਜਾਨ ॥
ਸਿਖ ਪ੍ਰਿਤ ਐਸੇ ਕਰਾ ਬਖਾਨ ॥
ਹਾਥ ਜੋਰ ਸੰਗਤਿ ਅਸ ਕਹੈ ॥
ਜੋ ਜੋ ਗੁਰ ਅਸਥਾਨ ਇਹ ਅਹੇ ॥ 29 ॥

ਸੋ ਸੋ ਹਮਕੋ ਦਰਸ ਦਿਖਾਵਹੁ ॥
ਗੁਰ ਅਸਥਾਨ ਮਹਿ ਸੀਸ ਨਿਵਾਹੁ ॥
ਸੰਗਤਿ ਬਚਨ ਕਹੈ ਜਬਿ ਭਾਈ ॥
ਐਸੀ ਬਾਤ ਤਬ ਤਿਨ ਪ੍ਰਿਤ ਗਾਈ ॥ 30 ॥

ਗੁਰ ਨਾਨਕ ਕਾ ਆਦਿ ਅਸਥਾਨ ॥
ਸੰਗਤਿ ਪ੍ਰਿਤ ਤਬ ਕੀਨ ਬਖਾਨ ॥
ਚਲ ਦਰਸ਼ਨ ਤਿਸ ਕਾ ਅਬ ਕਰੀਐ ॥
ਕਲ ਮਲ ਪਾਪ ਸਭੇ ਪ੍ਰ ਹਰੀਐ ॥ 31 ॥

ਕਰ ਕੜਾਹ ਭੇਟਾ ਲਈ ਹਾਥ ॥
ਜਾਇ ਟਿਕਾਇਓ ਸੰਗਤਿ ਮਾਥ
ਚਾਰ ਪ੍ਰਕਰਮਾ ਤਿਸਕੀ ਕਰੀ ॥
ਚਰਨ ਧੂਰ ਲੈ ਮਸਤਕ ਧਰੀ ॥

Digitized by Panjab Digital Library | www.panjabdigilib.org

ਦੋਹਰਾ : ਸੰਗਤਿ ਪੂਛਾ ਬਿਨੋ ਕਰ ਮੁਝ ਕਹੀਐ ਏਹ ਬਾਤ
ਗੁਰੂ ਨਾਨਕ ਕੈਸੇ ਅਏ ਸਭਿ ਭਾਖੀਐ ਬਿਖਯਾਤਿ॥ 33 ॥

ਭਾਈ ਬਾਚ ਸੰਗਤਿ ਪ੍ਰਿਤ ॥
ਚੌਪਈ :- ਭਾਈ ਜੀ ਤਬ ਕਰਾਉ ਚਾਰ ॥
ਸਨੋ ਸਿਖ ਸੰਗਤਿ ਨਿਰਧਾਰ ॥
ਗੁਰੂ ਨਾਨਕ ਪੂਰਨ ਕਰ ਤਾਰੂ ॥
ਜਾ ਮੈ ਸੰਸਾ ਨਾਹਿ ਵਿਚਾਰੂ ॥ 34 ॥

ਜਗ ਤਾਰਨ ਪੂਰਨ ਅਬਿਨਾਸੀ ॥
ਮਾਨੁਖ ਬਪ ਧਾਰਾ ਸੁਖ ਰਾਸੀ ॥
ਜਹਾਂ ਕਹਾਂ ਚਲ ਸੰਗਤਿ ਤਾਰੀ ॥
ਪ੍ਰ ਉਪਕਾਰ ਦੇਹੁ ਜਿਨ ਧਾਰੀ ॥ 35 ॥

ਸੋ ਚਲ ਆਈ ਨਗਰ ਲਹੌਰ ॥
ਬਾਲਾ ਮਰਦਾਨਾ ਸਿਰ ਮੌਰ ॥
ਸੁਨ ਪਾਈ ਸੰਗਤਿ ਇਹ ਬਾਤ ॥
ਮਿਲੈ ਜਾਇ ਆਗੈ ਬਿਖਯਾਤ ॥

ਦੋਹਰਾ :- ਸੰਗਤਿ ਕਿਓ ਬਿਚਾਰ ਮਨ ਹੋਤ ਬਡੋ ਇਹ ਪਾਪ ॥
ਗੁਰ ਨਾਨਕ ਦ੍ਰਿਸਟੀ ਪਰੈ ਮਿਟਿਏ ਸਗਲ ਸੰਤਾਪ ॥ 37 ॥

ਚੌਪਈ :- ਗੋ ਬਧਿ ਹੋਤ ਹੈ ਜਹਿ ਥਾਨ ॥
ਗੁਰ ਨਾਨਕ ਕੋ ਲਿਆਇ ਜਾਨ
ਗਰ ਕੀ ਦਿਸਟ ਜਬੈ ਵਹ ਪਰਾ ॥
ਐਸੇ ਬਚਨ ਸੁ ਮੁਖੋ ਉਚਰਾ ॥ 38 ॥

ਮਹਲ 1 ਲਹੌਰ ਸੈਹਰ ਜੈਹਰ ਕੈਹਰ ਸਵਪਹਿਰ ॥
ਸੁਨ ਸੰਗਤਿ ਹੋਇ ਵਿਸਮਾਦ ॥
ਸ੍ਰੀ ਗੁਰ ਕੈ ਬਚ ਅਹੈ ਅਨਾਦਿ ॥
ਹਮ ਚਾਹਿਤ ਥੇ ਵਰ ਛਬਿ ਪੂਰ ॥
ਭਇਓ ਸ੍ਰਾਪ ਨਹਿ ਹੋਇ ਸੁ ਦੂਰ ॥ 39 ॥

ਗੁਰ ਨਾਨਕ ਈਹਾਂ ਹੈ ਖਰੈ ॥
ਸੰਗਤਿ ਆਨ ਚਰਨ ਤਹਿ ਪਰੈ ॥
ਦੋ ਕਰ ਜੋੜ ਸੁਰ ਸੰਗਤਿ ਕਹੈ ॥
ਗੁਰ ਨਾਨਕ ਨਹਿ ਈਹਾਂ ਰਹੈ ॥ 40 ॥

Digitized by Panjab Digital Library | www.panjabdigilib.org

ਸਵੈਯਾ :- ਕਵਿਵਾਚ :-ਰਾਮ ਗਇਕੋ ਜੋ ਅਸਥਾਨ
ਅਹਿਗੁਰ ਨਾਨਕ ਤਾਹ ਟਿਕੈ ਸੁਖਿਦਾਈ ॥
ਤਾਹ ਕੇ ਨਿਕਟ ਕਸਾਇ ਪੁਰੋ ਅਬ
ਦੂਰ ਭਇਓ ਦਇਓ ਧੁਰ ਰੁਲਾਈ ॥
ਜਨਮ ਭਇ ਕੁਲ ਤਹ ਬਿਖੈ ਮੀਂਏ
ਮੀਰ ਕੋ ਸੰਤਮਿਲੈ ਸੁਖ ਦਾਈ ॥
ਪਾਰਸ ਲੋਹ ਮਿਲੈ ਹੋਇ ਕੰਚਨ
ਤੈਸੇ ਹੀ ਹੈ ਗੁਣ ਸੰਗਤਿ ਮਾਈ ॥ 41 ॥

ਗੁਰ ਨਾਨਕ ਕੋ ਸੁਣ ਮਾਇ ਮਿਲਾ ਕਰ
ਗੋਸਟ ਪ੍ਰੀਤ ਕੀ ਰੀਤ ਕਰੀ ॥
ਤਬ ਮੀਰ ਕਹਾ ਕਬ ਹੋਇ ਦਿਦਾਰ
ਸੁ ਮੋਹ ਕਹੋ ਵਹ ਸਫਲ ਘਰੀ ॥
ਕਰਦ ਦਈ ਗੁਰ ਦੀਨ ਦਆਲ
ਕਹਾ ਇਹੁ ਰਾਖ ਸਮਾਲ ਧਰੀ ॥
ਜਬ ਮਾਗੋ ਤੁਮ ਤੇ ਹਮ ਹੀ ਤਬ
ਦਰਸਨ ਕੀ ਤੁਮ ਸਮਝ ਪਰੀ ॥ 42 ॥

ਦੋਹਰਾ : ਕਰਦ ਦਈ ਮੀਏ ਮੀਰ ਕੋ ਹਮਰੀ ਅਹੈ ਅਮਾਨ ॥
ਜਬ ਤੁਮ ਤੇ ਸੰਗ ਲੇਹ ਗੇ ਤਬ ਦੇਦਾਰ ਭਇਓ ਜਾਨ ॥ 43 ॥

ਅੜਿਲ : ਆਇ ਰਾਮ ਜੁ ਗਇ ਤਿਸੀ ਅਸਥਾਨ ਮੈ ॥
ਗੁਰ ਬਾਬਾ ਜਹ ਬੈਸੇ ਉਸੀ ਮਕਾਨ ਮੈ ॥
ਦੀਜੈ ਮੁਝ ਕੋ ਵਸਤ ਰਖੀ ਤੁਮ ਪਾਸ ਹੀ ॥
ਹੋ ਮੀਆਂ ਮੀਰ ਸੁਨ ਬਚਨ ਸੁ ਰਹਾਂ ਹਿਰਸ ਹੀ ॥ 44 ॥

ਰਾਮ ਰਾਇ ਫਿਰ ਕੀਨਾ ਪਤ ਮਿਲਾਇਕੈ ॥
ਰਾਖੀ ਬੀਚ ਕਿਤਾਬ ਨਿਹਾਰੋ ਜਾਇਕੈ ॥
ਗੁਰ ਬਾਬੇ ਤੁਮ ਦਈ ਸੁ ਅਬੀ ਨਿਹਾਰੀ ਐ ॥
ਹੋ ਦਰਸਨ ਕੋ ਤਕਗਾਰ ਸੁ ਹੀਏ ਬਿਚਾਰ ਐ ॥ 45 ॥

ਸਵੈਯਾ : ਕਰਦ ਦਈ ਮੀਏਂ ਮੀਰ ਤਬੈ
ਲੈ ਕਦਮ ਕੀ ਧਰ ਸ ਮਸਤਕ ਲਾਈ ॥
ਜਨਮ ਸੁ ਕਰਮ ਹੈ ਸਫਲ ਭਏ
ਅਜ ਸਫਲ ਭਈ ਹਮਰੀ ਜੁ ਕਮਾਈ

Digitized by Panjab Digital Library | www.panjabdigilib.org

ਸੰਸਾਰ ਸਮੁੰਦ ਮੈ ਬੁਡਤ ਥੇ ਅਬ
ਪਾਰ ਕਨਾਰ ਕਰੇ ਤੁਮ ਆਈ ॥
ਜਾਤ ਭਇਓ ਸੁ ਮਕਾਨ ਬਿਖੈ
ਰਾਮ ਰਾਇ ਕੀ ਤਹਾਂ ਰਜਾਇ ਸੁ ਪਾਈ ॥ 46 ॥

ਦੋਹਰਾ :- ਰਾਮ ਰਾਇ ਅਸਥਾਨ ਜਹ ਅਹੇ ਜ ਬੀਚ ਲਹੌਰ ॥
ਸ੍ਰੀ ਗੁਰ ਨਾਨਕ ਤਹ ਅਏ ਬੈਸੇ ਵਾਈਂ ਠੌਰ ॥ 47 ॥

ਕਥਾ ਸੁ ਬਡੀ ਬਿਸਥਾਰ ਹੈ ਭਾਖੀ ਮੋਹ ਸ ਮਾਸ ॥
ਪੜੇ ਸੁਨੇ ਪਰ ਪ੍ਰੀਤ ਸੁ ਪਾਵੈ ਹਰਿ ਪੁਰ ਬਾਸ ॥ 48 ॥

ਚੌਪਈ :- ਆਦਿ ਆਦਿ ਅਸਥਾਨ ਗੁਰੂ ਕਾ ਏਹੁ ॥
ਬ੍ਰਿਨ ਸੁਨਾਇਓ ਤੁਮ ਕੋ ਭੇਉ ॥
ਗੁਰ ਅਮਰਦਾਸ ਜਬ ਭਏ ਦਇਆਲਾ ॥
ਸੰਗਤਿ ਮਿਲੀ ਜਾਇ ਕਰ ਭਾਲਾ ॥
ਹਾਥ ਜੋਰ ਸੰਗਤਿ ਅਸ ਕਹੀ ॥
ਨਗਰ ਲਹੌਰ ਚਲ ਗੁਰ ਸਹੀ ॥
ਬਾਰ ਬਾਰ ਸਿਖਨ ਜਬ ਕਹਾ ॥
ਸ੍ਰੀ ਗੁਰ ਭਾਵ ਸੁ ਤਿਨਕਾ ਲਹਾ ॥ 50 ॥

ਲਵ ਪੁਰ ਮੈ ਆਏ ਗੁਰ ਪਾਵਨ ॥
ਕਰੀ ਟਹਲ ਸੰਗਤਿ ਮਨ ਭਾਵਨ ॥
ਕਰ ਸੇਵਾ ਸਤਿ ਪੁਰਖ ਰਿਝਾਇਓ ॥
ਦੋ ਕਰ ਜੋਰ ਸੁ ਬਚਨ ਸੁਨਾਇਓ ॥ 51 ॥

ਦੋਹਰਾ :- ਗੁਰ ਨਾਨਕ ਲਵ ਪੁਰ ਅਏ ਸੰਗਤਿ ਕਿਓ ਬਿਚਾਰ ॥
ਲੈ ਅਕੋਰ ਚਰਨੀ ਪਰੈ ਮਿਲੈ ਪ੍ਰਮ ਹਿਤਧਾਰ ॥ 52 ॥

ਚੌਪਈ :- ਗੁਰ ਨਾਨਕ ਕੋ ਨਗਰ ਲੇ ਆਇ ॥
ਕਸਾਇ ਪੁਰੇ ਕੇ ਪੈਂਡ ਸਿਧਾਇ ॥
ਸ੍ਰੀ ਗੁਰ ਮਨ ਧਰ ਕੈ ਸੰਤਾਪ ॥
ਦੇਤ ਭਏ ਨਗਰ ਕੋ ਸ੍ਰਾਪ ॥ 53 ॥

ਸੋ ਮੇਟਨ ਕੋ ਤੁਮ ਸਮ੍ਰਥ ॥
ਸਕਲ ਕਲਾ ਹੈ ਤੁਮਰੈ ਹਥ ॥
ਸੰਗਤਿ ਕੇ ਬਚਨਨ ਸੁਨ ਬਿਗੋਸੇ ॥
ਐਸੇ ਵਾਕ ਸੁ ਮੁਖਤੇ ਨਿਕਸੇ ॥ 54 ॥

Digitized by Panjab Digital Library | www.panjabdigilib.org

ਮਹਲਾ 3 ਲਹੋਰ ਸ਼ੈਹਰ ਅੰਮ੍ਰਿਤਸ੍ ਸਿਫਤੀ ਕਾ ਘਰ ॥

ਚੌਪਈ :- ਸੈਹਰ ਲਹੋਰ ਭਇਓ ਇਹੁ ਜਾਨ ॥
ਅੰਮ੍ਰਿਤਸ੍ ਸਿਫਤੀ ਘਰ ਮਾਨ ॥
ਸੁਧਾ ਸਰੋਵਰ ਤੀਰਥ ਸਾਗਰ ॥
ਗੁਰੂ ਰਾਮ ਦਾਸ ਤਿਹ ਕਰੇ ਉਜਾਗਰ ॥ 55 ॥

ਛਿਅ ; ਜੋਜਨ ਈਹਾਂ ਤੇ ਜਾਨ ॥
ਤਿਸ ਸਮ ਕਲ ਮੈ ਅਵਰ ਨਾ ਮਾਨ ॥
ਲਵ ਪੁਰ ਤਲਕ ਸੁ ਤਾਸ ਬਜਾਰ ॥
ਸਬਦ ਪਾਠ ਸਿਖ ਕਰੇ ਸੁਧਾਰ ॥ 56 ॥

ਸੋ ਧਨ ਪੂਰ ਸਬਦਿ ਕੀ ਰਹੈ
ਕਰੈ ਪਵਿਤ੍ ਨਗਰ ਕੋ ਵਹਿ ॥
ਐਸੇ ਸਤਿ ਗੁਰ ਕਿਓ ਬਿਲਾਸ ॥
ਗੋਇੰਦ ਵਾਲ ਗਏ ਸੁਖ ਰਾਸ ॥ 57 ॥

ਭਾਈ ਜੀ ਸੰਗਤਿ ਪ੍ਰਿੱਤ ਭਾਖੀ ॥
ਸ੍ਰੀ ਸਤਿ ਗੁਰ ਨਾਨਕ ਕੀ ਸਾਖੀ ॥
ਸੁਨ ਸੰਗਤਿ ਸਭਿ ਭਈ ਪ੍ਰਸੰਨਾ ॥
ਕਹਤ ਭਏ ਮੁਖ ਤੇ ਧੰਨ ਧੰਨ ॥ 58 ॥

ਦੋਹਰਾ :- ਸਭਿ ਸੰਗਤਿ ਕੋ ਸੰਗ ਲੈ ਗਵਣ ਕਰਾ ਸੁਖ ਰਾਸਾ ॥
ਜਿਹ ਅਸਥਾਨ ਸ੍ਰੀ ਚੰਦ ਕੋ ਆਇ ਤਿਸ ਕੇ ਪਾਸਾ ॥ 59 ॥

ਅੜਿਲ :- ਸ੍ਰੀ ਚੰਦ ਕੀ ਟਾਹਲੀ ਤਹਾਂ ਬਖਾਨੀਐ ॥
ਦਰਸ ਪਰਸ ਜਾ ਕਰ ਭੇਟ ਤਹ ਠਾਨੀਐ ॥
ਜਥਾ ਜੋਗ ਪ੍ਰਸਾਦਿ ਤਹਾ ਜਾ ਰਾਖਿਓ ॥
ਹੋ ਮਿਲਤ ਭਇਓ ਸੁ ਮਹੰਤ ਖੁਸ਼ੀ ਮੁਖ ਭਾਖਿਓ ॥ 60 ॥

ਦੋਹਰਾ :- ਜੋ ਜੋ ਭਗਤ ਅਸਥਾਨ ਹੈ ਦੇਖੇ ਸਭਿ ਨਿਰਧਾਰ ॥
ਅਲਪ ਦਿਵਸ ਕਛੁ ਤਹ ਰਹੇ ਭਏ ਜਿਲਤ ਤਿਹ ਤਿਯਾਰ ॥ 61 ॥

ਕਰੀ ਗੁਰ ਗ੍ਰੰਥ ਕੀ ਦੋਨੋ ਏਕ ਸਮਾਨ ॥
ਸੋਧਾ ਸਰੋਵਰ ਕੋ ਤੁਰੇ ਗੁਰ ਚਰਨਨ ਧਰ ਧਿਆਨ ॥ 62 ॥

ਚਪਈ :- ਸ੍ਰੀ ਸਤਿਗੁਰ ਆਰਾਮ ਸੁਨ ਪਾਵਾ ॥
ਭਾਈ ਬੰਨੋ ਹੈ ਅਬਿ ਆਵਾ ॥

Digitized by Panjab Digital Library | www.panjabdigilib.org

ਢਾਢੀ ਰਬਾਬੀ ਹੈ ਜੇਤੇ ॥
ਭੇਜ ਦਏ ਆਗੇ ਮਗ ਤੇਤੇ ॥ 63 ॥

ਹੋਤ ਕੁਲਾ ਹਲ ਮਾਰਗ ਭਾਰੀ ॥
ਕਰੇ ਨਛਾਵਰ ਸਭ ਨਰ ਨਾਰੀ ॥
ਆਰਤੀ ਧੂਪ ਦੀਪ ਪੁਹਪਾਦਿ ॥
ਪਜਾ ਕੀ ਜੋ ਜੋ ਮਿਰਜਾਦਿ ॥ 64 ॥

ਛਪੈ ਕਿ ਧੋ ਧਰਮ ਬਪੁ ਧਾਰ ਆਇਓ ਕਲ ਕਾਲ ਬਿਚਾਰੀ ॥
ਕਿਧੋ ਸੇਤੇ ਰਘਬੀਰ ਰਚਾ ਸਾਗਰ ਮਧ ਭਾਈ ॥
ਕਿਧੋ ਬੇਦ ਧਰ ਰੂਪ ਜਗਤਿ ਨਿਸਤਾਰਨ ਆਏ ॥
ਖਟ ਸ਼ਾਸਤ੍ਰ ਪੁਰਾਨ ਕਿਧੋ ਬਪ ਧਰ ਜਗ ਛਾਏ ॥
ਕਿਧੋ ਵਿਸਨ ਅਵਤਾਰ ਹੈ ਬੋਧ ਦੇਹ ਧਰ ਆਇਓ ॥
ਕਲ ਜੁਗ ਤਾਰਨ ਜੀਵ ਹਿਤ ਗੁਰ ਗ੍ਰੰਥ ਲਖ ਪਾਇਓ ॥ 65 ॥

ਮਾਰਤੰਡ ਭਇਓ ਉਦੈ ਕਿਧੋ ਸਤ ਸਾਗਰ ਜਾਨੋ ॥
ਜਗ ਮੈ ਕਰਾ ਪ੍ਰਕਾਸ ਤਿਮਰ ਤਿਹ ਧੁੰਦ ਮਿਟਾਨੋ ॥
ਦਾਵਾ ਨਲ ਪ੍ਰਜੁਲਤਿ ਪਾਪ ਬਨ ਦਾਹਨ ਆਈ ॥
ਰਘੁਪਤਿ ਬਪਿ ਜਨ ਧਰਾ ਕਿਧੋ ਬਿਧ ਸੰਕਰ ਗਾਈ ॥
ਗੁਰ ਨਾਨਕ ਗੁਰ ਅਰਜਨ ਜਗ ਤਾਰਨ ਕੋ ਆਇਓ ॥
ਨਿਰਨੋ ਕਰਾ ਬਿਚਾਰ ਜਬ ਗੁਰ ਗ੍ਰੰਥ ਜਸ ਛਾਇਓ ॥ 66 ॥

ਚੌਪਈ :- ਐਸੇ ਹੀ ਅੰਮ੍ਰਿਤਸਰ ਆਏ ॥
ਭਏ ਮਨੋਰਥ ਮਨ ਕੇ ਭਾਏ ॥
ਸੀ ਸਤਿ ਗਰ ਲਾਇਓ ਦਿਵਾਨ ॥
ਭਾਈ ਜੀ ਤਹ ਮਿਲੇ ਸੁ ਆਨ ॥ 67 ॥

ਅਥ ਮਿਲਾਪ ਕਥਨੰ ਕਬਿਤ ॥
ਕਿਧੋ ਰਘਪਤਿ ਸੰਗ ਲਉ ਹੈ
ਚਰਨ ਪਰੋ ਕਿਧੋ ਬਿਧ ॥
ਸੁ ਬਿਸਾਸ ਰਿਖ ਆਇਓ ਹੈ ॥

ਕਿਧੋ ਰਾਵਿ ਪਾਸ ਪਰਮਤਾਤ ਪ੍ਰਵੇਸ ਕਰਾ
ਮਾਨਸਰ ਮੈ ਸ ਹੰਸ ਆਨ ਛਾਇਓ ਹੈ ॥
ਕਿਸੋ ਚੰਦ ਮੰਡਲ ਮੈ ਮੰਗਲ ਨਿਵਾਸ ਕਿਸੋ
ਕਿਧੋ ਸਿਵ ਸੰਗ ਸੁ ਗਨੇਸ ਜੀ ਸੁਹਾਇਓ ਹੈ ॥

Digitized by Panjab Digital Library | www.panjabdigilib.org

ਦੇਖਿਓ ਵਿਚਾਰ ਸੁ ਸੁਧਾਰ ਨਿਰਾ ਧਾਰ ਕਰ
ਭਾਈ ਜੀ ਗ੍ਰੰਥ ਲੈ ਸੁ ਚਰਨ ਲਪਟਾਇਓ ਹੈ ॥

ਚੌਪਈ :- ਹਾਥ ਜੋਰ ਚਰਨਨ ਤੇ ਪਰਾ ॥
ਘਰੀ ਦੋਇ ਲਗ ਮਾਥ ਰਗਰਾ ॥
ਜਥਾ ਜੋਗ ਭੇਟਾ ਧਰ ਆਗੇ ॥
ਗੁਰ ਮੂਰਤ ਕੇ ਧਿਆਨ ਸੁ ਪਾਗੇ ॥ 69 ॥

ਸ੍ਰੀ ਸਤਿਗੁਰ ਭੁਜ ਪਕਰ ਉਠਾਇਆ ॥
ਕਰ ਪਿਆਰ ਛਾਤੀ ਸਿਉ ਲਾਇਆ ॥
ਅਰਧ ਮਹੂਰਤ ਲੌ ਗੁਰਦੇਵਾ ॥
ਭਏ ਤੂਸਨੀ ਅਲਖ ਅਭੇਵਾ ॥
ਕੁਸਲ ਖੇਮ ਪੁਛੈ ਗੁਰ ਦਿਆਲੇ ॥
ਸੁਖ ਸੰਜੁਗਤਿ ਪਹੁਤੇ ਤੁਮ ਆਲੇ ॥
ਭਾਈ ਬੰਨੋ ਜੀ ਸਭ ਭਾਖੀ ॥
ਆਦਿ ਅੰਤ ਲੌ ਮਾਰਗ ਸਾਖੀ ॥ 71 ॥

ਦੋਹਰਾ :- ਬੀੜ ਦਿਖਾਈ ਗ੍ਰੰਥ ਕੀ ਜੋ ਕੀਨੀ ਤਈਆਰ ॥
ਤਬ ਸਤਿਗੁਰ ਅਸ ਭਾਖਿਆ ਸੁਨੋ ਸਿਖ ਧਰ ਪਿਆਰ ॥ 72 ॥

ਚੌਪਈ :- ਏਕ ਗ੍ਰੰਥ ਜੇਕਰ ਜਗ ਹੋਈ ॥
ਦਰਸ਼ਨ ਕਰ ਉਧਰੇ ਤ੍ਰੈ ਲੋਈ ॥
ਅਵਰ ਜਤਨ ਕੋ ਨਹਿ ਸੰਸਾਰ ॥
ਦਰਸਨ ਕਰ ਉਤਰੇ ਸਭਿ ਪਾਰ ॥ 73 ॥

ਬਹੁਤ ਗ੍ਰੰਥ ਜੇ ਜਗ ਮੈ ਹੋਇ ॥
ਅਦਬ ਨ ਰਹਿਸੀ ਭਾਖੋ ਤੁਹਿ ॥
ਪੜੇ ਸੁਨੈ ਜੁ ਹਿਰਦੈ ਧਾਰੈ ॥
ਸੁ ਸੰਸਾਰ ਉਤਰ ਸੁ ਪਾਰੈ ॥ 74 ॥

ਗੁਰੂ ਗ੍ਰੰਥ ਹੈ ਮੇਰੋ ਰੂਪ ॥
ਬ੍ਰਨ ਸੁਨਾਵਹੁ ਤੁਮੈ ਅਨੂਪੇ ॥
ਜੋ ਗੁਰ ਸਿਖ ਚਹੇ ਮੁਹ ਦਰਸਨ ॥
ਸੋ ਗੁਰ ਗ੍ਰੰਥ ਕਾ ਕਰ ਹੈ ਸਿਖ ਪ੍ਰਸਨ ॥ 75 ॥

ਜੋ ਸਿਖ ਮੁਹ ਸੰਗ ਚਾਹੇ ਬਾਤ ॥
ਪਾਠ ਗ੍ਰੰਥ ਕਾ ਕਰੇ ਵਖਿਜਾਤ ॥

Digitized by Panjab Digital Library | www.panjabdigilib.org

ਜੇ ਬਾਤਾ ਸੁਣਨੇ ਕੀ ਚਾਹਾ ॥
ਸੁਨੇ ਪਾਠ ਗੁਰ ਗ੍ਰੰਥ ਉਛਾਹਾ ॥ 76 ॥

ਦੋਹਰਾ :- ਅਸ ਬਚਰ ਭਾਖੇ ਸਤਿ ਗੁਰੂ ਸੁਨ ਭਾਈ ਕਹੁ ਤਾਸ ॥
ਤੁਮਰੋ ਕਹਿਓ ਪ੍ਰਮਾਨ ਮੁਹੁ ਭੂ ਸਤਿਗੁਰ ਕਾ ਦਾਸਾ ॥ 77 ॥

ਤਬ ਭਾਈ ਕਰ ਜੋਰ ਕੈ ਬਿਨੈ ਕਰੀ ਹੋਇ ਦੀਨ ॥
ਸਪਤ ਦੀਪ ਨਵ ਖੰਡ ਮਹਿਗੁਰ ਸਿਖੀ ਰਸਿ ਭੀਨ ॥ 78 ॥

ਗੀਆ ਮਾਲਤੀ ਛੰਦ :—

ਕਰ ਜੋਰ ਕੈ ਤਹਿ ਭਇਓ ਠਾਢੋ ਚਰਨ ਸੀਸ ਨਿਵਾਇ ਕੈ ॥
ਤਵ ਆਗਿਆ ਤੇ ਬੀੜ ਕੀਨੀ ਦੂਸਰੀ ਮਨ ਭਾਇਕੈ ॥
ਜੋ ਪੜੇ ਮਨ ਧਰ ਪ੍ਰੀਤ ਕੋ ਜੁ ਸੁ ਚਿਤ ਕਰ ਪ੍ਰੇਮ ਹੀ ॥
ਤਜ ਸੰਸ ਵਹਿ ਨਿਰ ਸੰਸ ਜਾਵੈ ਮੁਕਤ ਕੋ ਅਸ ਨੇਮ ਹੀ ॥ 79 ॥

ਬਨ ਪ੍ਰਬਤ ਸਤ ਦੀਪ ਮੈ ਨਵ ਖੰਡ ਸਗਰ ਪਾਰ ਹੈ ॥
ਕਵਲਾਸ ਪ੍ਰਮਬ ਸਮੇਰ ਮੈ ਅਕਾਸ ਅਵਰ ਪੈ ਆਰ ਹੈ ॥
ਦਿਵ ਦੈਤ ਭੂਤ ਪ੍ਰੇਤ ਜਿਤੇ ਜਵਰ ਗੰਧਰਬ ਜਾਨੀਐ ॥
ਗੁਪਤ ਪ੍ਰਗਟ ਸੁ ਜੀਵ ਜੇਤੇ ਥੂਲ ਸੂਖਮ ਮਾਨੀਐ ॥ 80 ॥

ਕਿਸੇ ਆਵਨੇ ਕੀ ਸਕਤ ਹੈ ਅਸਕਤ ਕੇਤੇ ਦੇਖੀਐ ॥
ਕਲ ਕਾਲ ਬੁਧ ਬਿਕਰਾਲ ਤਹ ਧਨ ਹੀਨ ਕੇਤੇ ਪੇਖੀਐ ॥
ਜਿਸ ਨਗਰ ਮੈ ਗੁਰ ਗ੍ਰੰਥ ਹੋਵੈ ਕਰੇ ਜੁ ਦੀਦਾਰ ਹੀ ॥
ਭਵ ਤਰੈ ਸਿੰਧ ਸੰਸਾਰ ਕੋ ਵਹਿ ਪਰੈ ਤਤਿ ਛਿਨ ਪਾਰ ਹੀ ॥ 81 ॥

ਚੌਪਈ :- ਸੁਨ ਕਰ ਅਸਬਚ ਸਤਿਗੁਰ ਬਿਗਸਸ
ਮੁਖਾਰ ਬਿੰਦ ਤੇ ਬਚ ਅਸ ਨਿਕਸੇ ॥
ਸੁਨ ਭਾਈ ਬੰਨੋ ਪਰਬੀਨ ॥
ਗੁਰ ਸਿਖ ਕੇ ਹਮ ਅਹੇ ਅਧੀਨ ॥ 82 ॥

ਲੇ ਆਵਹੁ ਦੋਨੋ ਤੁਮ ਬੀੜ ॥
ਦਰਸ਼ਨ ਕਰੀਏ ਮਤਿ ਧੀਰ ॥
ਬਚਨ ਮਾਨ ਸਤਿਗੁਰ ਕਾ ਭਾਈ ॥
ਦੋਨੋ ਬੀੜ ਸੁ ਆਨਿ ਦਖਾਈ ॥ 83 ॥

ਆਦਿ ਅੰਤ ਲੋ ਦਰਸ ਸੁ ਕਰਾ ॥
ਐਸੇ ਬਚਨ ਸੁ ਰਸਨ ਉਚਰਾ ॥

Digitized by Panjab Digital Library | www.panjabdigilib.org

ਆਦਿ ਬੀੜ ਭਾਖੀ ਰਤ ਨਾਗਰ ॥
ਦੂਸਰ ਲਾਲ ਭਈ ਉਜਾਗਰ ॥ 84 ॥

ਆਦਿ ਬੀੜ ਦੀਨੀ ਗੁਰਦਾਸ ॥
ਦੂਸਰ ਭਾਈ ਕੋ ਕਈ ਤਾਸ ॥
ਦਸਤਖਤ ਅਪਨੇ ਲਿਖ ਦੀਨੇ ॥
ਮੁਖ ਤੇ ਐਸੇ ਬਚਨ ਸੁ ਕੀਨੇ ॥ 85 ॥

ਆਗੇ ਤੇ ਜੋ ਹੋਇ ਅਵਤਾਰ ॥
ਤਿਨ ਕੀ ਸਹੀ ਪਵਾਵਹੁ ਸਾਰ ॥
ਐਸੇ ਕਹ ਦੀਨੋ ਉਪਦੇਸ ॥
ਜਾਹਿ ਸਿਖ ਤੁਮ ਅਪਨੇ ਦੇਸ ॥ 86 ॥

ਸੇਵਾ ਟਹਿਲ ਕਰੋ ਗੁਰ ਸਿਖ ॥
ਗੁਰ ਮੁਕਤਿ ਧਾਰੋ ਉਰ ਲਿਖ ॥
ਤੁਮਰੀ ਵੰਸ ਵਿਖੇ ਹੋਇ ਭਗਤ ॥
ਭੁਗਤ ਮੁਕਤ ਦੀਨੀ ਅਨਰ ਤ ॥ 87 ॥

ਗੀਆ ਮਾਲਤੀ ਛੰਦ :—

ਨਿਜ ਦੇਸ ਮੈ ਤੁਮ ਜਾਇਕੈ ਕਰ ਭਗਤਿ ਕੋ ਉਪਦੇਸ ਹੀ ॥
ਸਭੇ ਸਿਖ ਸੰਗਤ ਆਹਾ ਜੇਤੀ ਸਹੇ ਨਹੀਂ ਜਮ ਲੇਸ ਹੀ ॥
ਕਲੂ ਕਾਲ ਘਰੋ ਅਘੋਰ ਸਾਗਰ ਪਰੈ ਜੀਵ ਸੁ ਪਾਰ ਹੈ ॥
ਤਿਨ ਤਾਪ ਮਿਟ ਸੰਤਪ ਤਿਨ ਕੋ ਹੋਇ ਤਹਿ ਨਿਸਤਾਰ ਹੈ ॥ 88 ॥

ਕਰ ਭਜਨ ਪਿਛਲੀ ਰੈਨ ਜਾਗੈ ਕਰੈ ਪ੍ਰਾਤ ਇਸਨਾਨ ਹੀ ॥
ਕਰ ਦਇਆ ਦੀਨ ਅਨਾਥ ਸਾਧੂ ਦਏ ਤਿਨ ਪ੍ਰਿਤ ਦਾਨ ਹੀ ॥
ਗੁਰ ਬਚਨ ਕੀ ਪ੍ਰਤੀਤ ਜੇਤਕ ਕਰੈ ਸਿਖ ਜੁ ਨੇਮ ਹੈ ॥
ਤਹਿ ਮੁਕਤ ਕੋ ਕਛੁ ਸੰਸਨਾਹੀ ਜਪਜ ਜਪੈ ਜੋ ਧਰ ਪ੍ਰੇਮ ਹੈ ॥ 89 ॥

ਦੋਹਰਾ :- ਸਤਿਗੁਰ ਅਸ ਉਪਦੇਸ ਦੇ ਬਿਦਾ ਕਰਾ ਨਿਜ ਦੇਸ ॥
ਭਾਈ ਜੀ ਚਰਨੀ ਪਰੇ ਖੁਸੀ ਕਰੀ ਅਭਨੇਸ ॥ 90 ॥

ਚੌਪਈ :- ਇਸ ਬਿਧ ਗ੍ਰੰਥ ਸਾਹਿਬ ਆਇਓ ॥
ਧਾਰੇ ਸੁਨੋ ਸਿਖ ਸਰਵਣ ਧਰ ਸਾਰੇ ॥
ਮਾਰਗ ਕਾ ਕਿਆ ਕਥੋ ਬਿਚਾਰ ॥
ਬਿਧਨ ਗਨੇ ਨ ਪਾਵੈ ਪਾਰ ॥ 91 ॥

Digitized by Panjab Digital Library | www.panjabdigilib.org

ਸਵੈਯਾ :- ਸ੍ਰੀ ਗੁਰ ਗ੍ਰੰਥ ਕੀ ਬਾਤ ਕਹੀ
ਸਤਿ ਸੰਗਤ ਤੇ ਜੈਸੇ ਸੁਨ ਪਾਈ ॥
ਭੂਲ ਪਰੀ ਜੋਈ ਮੋਹ ਤੇ ਜੇਤਕ ਤੇ
ਤਕ ਆਪ ਸੁ ਲੇਹੁ ਬਨਾਈ ॥
ਅਲਪ ਬੁਧੀ ਮਮ ਤੁਛ ਵਿਚਾਰ ਹੈ
ਤੁਮ ਸਮਰਥ ਸੁ ਹੋਇ ਸਹਾਈ ॥
ਜੈਸੈ ਪੰਖੀ ਅਕਾਸ ਉਡੇ ਵਹਿ
ਪਾਰਨ ਪਾਵਤ ਭੂਮ ਸੁ ਪਾਈ ॥ 92 ॥

ਸੁਨ ਲੇਹੁ ਮਹਾਤਮ ਏਸ ਕਥਾ ਬਰਨੈ
ਮਖ ਸੇਸ ਕਹੀ ਨਹੀ ਜਾਈ ॥
ਚਾਤਰਨ ਔਰ ਖਟਾਨ ਨਹਿ ਨਹ
ਸਕਤਿ ਨਿਹਾਰਤ ਤਹਾ ਸੁਗਈ ॥
ਪਵਨ ਗਨੇਸ ਲਿਖੇ ਨਿਸ ਬਾਸਰ
ਸਾਰ ਸੁਤੀ ਬਕਤਾ ਮੁਖ ਗਾਈ ॥
ਸਾਤ ਸਮੁੰਦ ਕਰੇ ਮਸ ਕੇ ਕਟ
ਕਾਸਟ ਕਲਮ ਕਰੇ ਬਨਰਾਈ ॥ 93 ॥

ਦੋਹਰਾ :- ਸਪਤੇ ਦੀ ਪਬ ਸਧਾ ਜਿਤੀ ਕਾਗਦ ਕਰੇ
ਬਨਾਇਤ ਦਪ ਪਈਅਤ ਪਾਰ ਨਹ
ਕਲਪ ਸੁ ਕਿਤੇ ਬਿਹਾਇ ॥ 94 ॥

ਸਵੈਯਾ :- ਭੂਤ ਸੁ ਪ੍ਰੇਤ ਪਰੀ ਜਿਨ ਜੇਤਕ
ਦੇਵ ਅੰਦਨਜ ਚੂੜੇਲ ਹੈ ਜੇਤੀ ॥
ਡਾਇਨ ਡਾਕਨ ਝਾਕਨ ਕਾਕਨ
ਬੀਰ ਬਵੰਜ ਸੁ ਜੋਗਨ ਤੇਤੀ ॥
ਵਿਸੂਚਕ ਆਦ ਸੁ ਆਧ ਉਪਾਧ
ਬਿਆਧ ਮਿਟੈ ਸੁਣ ਲੈ ਗੁਣ ਏਤੀ ॥
ਏਸ ਕਥਾ ਸੁਣਿਐ ਫਲ ਪਾਵਤ
ਜਨਮ ਸੁ ਮਰਣ ਨਿਵਾਰਣ ਹੇਤੀ ॥ 95 ॥

ਦੋਹਰਾ :- ਪੂਰਨ ਭਇਓ ਪ੍ਰਸੰਗ ਏਹ ਆਗੇ ਕਥਾ ਸੁ ਅਵੋਰ ॥
ਸਨੋ ਸਿਖ ਮਨ ਲਾਇਕੈ ਚਿਤ ਰਾਖੋ ਇਕ ਠੌਰ ॥ 96 ॥

ਚੌਪਈ :- ਭਾਈ ਜੀ ਆਏ ਜਬ ਧਾਮ ॥

Digitized by Panjab Digital Library | www.panjabdigilib.org

ਨਿਸ ਦਿਨ ਜਪੈ ਸ੍ਰੀ ਗੁਰ ਨਾਮ ॥
ਸਾਧ ਸੰਗਤਿ ਨਿਰਧਨ ਜੋ ਪੇਖੇ ॥
ਗੁਰ ਮੂਰਤ ਕਰ ਤਿਨ ਕੋ ਲੇਖੇ ॥ 97 ॥

ਬੈਠ ਇਕਾਗਰ ਕਰ ਹੈ ਪਾਠ ॥
ਕਥਾ ਕੀਰਤ ਹੋਵੈ ਬਡ ਥਾਟ ॥
ਚੰਦਰ ਭਾਲ ਕੇ ਪੁਰ ਸਮ ਪੁਰੀ ॥
ਪ੍ਰਗਟ ਭਈ ਨਾਹ ਕਛੁ ਦੂਰੀ ॥ 98 ॥

ਦੋਹਰਾ :- ਖੋੜ ਸਧਿਆਇ ਬਖਾਨਿਓ ਪੂਰਨ ਭਇਓ ਸੋ ਜਾਨ ॥
ਆਗੈ ਸਿਧ ਜਸਸਿ ਲੈਗੇ ਸੁ ਕਥ ਕਰੋ ਬਖਾਨ ॥ 99 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 100 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਦੂਸਰੀ ਬੀੜ ਤਯਾਰ ਕਰ ਖਾਰ
ਆਇ ਬੋਖੋੜਸ ਧਿਆਇ ਕਥਨੰ, ਮਸਤ ਸ਼ੁਭ ਮਸਤ ॥ 16 ॥

—0—

Digitized by Panjab Digital Library | www.panjabdigilib.org

ਸਤਾਰਵਾਂ ਧਿਆਵ

ਦੋਹਰਾ :- ਸ੍ਰੀ ਗੁਰ ਅੰਗਦ ਪਦਮ ਪਦ ਲੇ ਪਿਰਾਗ ਦ੍ਰਿਗਪਾਇ ॥
ਬਰਨੋ ਕਥਾ ਪ੍ਰਸੰਗ ਕੋ ਮਨ ਮਧਧਰ ਬਡ ਚਾਇ ॥ 1 ॥

ਸਵੈਯਾ :- ਸਿਧ ਫਿਰੈ ਸਭ ਦੇਸ ਸਿੰਤਰ ਸੇਲ ਕਰੈ
ਜਿਤੇ ਸਭ ਭੂਮ ਮਝਾਰੀ ॥
ਨਗਨ ਨਗਰ ਨਦੀ ਨਵ ਖੰਡ ਜਿਤੇ
ਸਤ ਸਾਗਰ ਕੇ ਵਹ ਵਾਰ ਸੁਪਾਰੀ ॥
ਸੋ ਮਰੇ ਕੋ ਲਾਸ ਹਿਮਾਚਲ ਮੇ ਉ
ਦਿਆਚਲ ਧਰਨ ਫਿਰੈ ਵਹ ਸਾਰੀ ॥
ਗੁਪਤ ਕਹੂ ਕਹੂ ਪਰਗਟ ਹੈ
ਕਹੂੰ ਬਤੁਤੇ ਬਪ ਧਾਰੀ ॥ 2 ॥

ਗੁਰ ਪੀਰ ਸੁ ਸੰਤ ਸੁਨੇ ਜਿਸ ਠੈਰ ਮੇ
ਜਹਾਂ ਤਹਾਂ ਚਰਚਾ ਕਰ ਜੀਤੇ ॥
ਕਿਧੋ ਹਾਰ ਪਰੈ ਕਿਧੋ ਹੋਇ ਬਰੋਧ੍
ਈਰਖ ਮਾਨ ਨਹੀ ਭਇਓ ਰੀਤੇ ॥
ਰਿਧੋ ਔ ਸਿਧ ਨਿਵ ਨਿਧ ਕੇ ਗਰਬ
ਮੈ ਦਰਬ ਗਵਾਇ ਵਿਚਾਰ ਹੀ ਐਤੇ ॥
ਬਿਨਾ ਸਤਿਸੰਗ ਬਬੇਕ ਕਰੰਗ ਲਗੇ
ਨਹੀਂ ਅੰਗ ਅਨੰਗ ਕੋ ਜੀਤੇ ॥ 3 ॥

ਦਹਰਾ :- ਕਰੈ ਸੈਲ ਸਭ ਧਰਨ ਕੋ ਜਹ ਕਰ ਤੀਰਥ ਜਾਨ ॥
ਭਾਈ ਬਨੋ ਕੋ ਸੁਨਾਆਵਤ ਤਹ ਅਸਥਾਨ ॥ 4 ॥

Digitized by Panjab Digital Library | www.panjabdigilib.org

ਇਨ ਕੋ ਗੁਰ ਬਖਸਸ ਕਰੀ ਚਲ ਕਰ ਮਿਲੀਐ ਸੰਗ ॥
ਚਰਚਾ ਕਰਇਨ ਜੀਤੀਐ ਉਤ੍ਰ ਪ੍ਰਿਸਨ ਨਿਸੰਗ ॥ 5 ॥

ਚੌਪਈ :- ਅਵਸਰ ਜਾਨ ਸਿਧ ਤਹਿ ਆਏ ॥
ਦੋ ਕਰ ਜੋਰ ਸੁ ਸੀਸ ਨਿਵਾਏ ॥
ਆਦੇਸ ਆਦੇਸ ਕਹੀ ਰੇ ਬਾਲੇ ॥
ਹੁਕਮ ਮਾਨ ਤੁਮ ਰਹੋ ਸੁਖਾਲੇ ॥ 6 ॥

ਭਾਈ ਜੀ ਆਗੇ ਅਸ ਕਹੀ ॥
ਆਦ ਪੂਰਖਿ ਪੂਰਨ ਜੋ ਅਹੀ ॥
ਤਿਸਕੋ ਹਮਰੀ ਅਹੇ ਅਦੇਸ ॥
ਜੁਗ ਜੁਗ ਮੈ ਏਕੋ ਜਿਸ ਵੇਸ ॥ 7 ॥

ਬਡਿ ਆਦਰ ਤਿਨਕਾ ਹੈ ਕਰਾ ॥
ਮਖ ਤੇ ਕੋਮਲ ਬਚਨ ਉਚਰਾ ॥
ਬੈਠਤ ਭਏ ਆਗਿਆ ਪਾਇ ॥
ਕੁਸਲ ਖੇਮ ਪੂਛੀ ਤਹਿ ਆਇ ॥ 8 ॥

ਦੋਹਰਾ :- ਸਿਧ ਨਸਿਉ ਪੂਛਤ ਭਏ ਕੈਸੇ ਆਵਨ ਹੋਇ ॥
ਕਹੁ ਬਾਤ ਸਮਝਾਇਕੈ ਸੰਕਾ ਕਰਹੁ ਨ ਕੋਇ ॥ 9 ॥

ਸਿਧੋ ਵਾਚ :—

ਚੌਪਈ :- ਇਹੁ ਸੰਸਾ ਹਮਰਾ ਤੁਮ ਹਰੋ ॥
ਦਾਸ ਜਾਨ ਕਰ ਕਿਰਪਾ ਕਰੋ ॥
ਜੀਵਤ ਹੈ ਜਗ ਮੁਇਉ ਸੁ ਕਵਨ ॥
ਕੌਨ ਸੁ ਸੁਖੀਆ ਦੁਖਨ ਭਵਨ ॥ 10 ॥

ਕਵਨ ਸੁ ਤ੍ਰਿਪਤਾ ਭੂਖਾ ਜਾਨ ॥
ਕਵਨ ਸੁ ਸੂਤਾ ਜਾਗਾ ਮਾਨ ॥
ਕਵਨ ਪਾਪ ਜਗਤ ਮੈ ਭਾਈ ॥
ਤੀਰਥ ਕੀਏ ਨ ਹਤਿਆ ਜਾਈ ॥ 11 ॥

ਕਵਨ ਸੁਖਾਲੀ ਪੁਰਨ ਕੈਸੇ ॥
ਸੁਕੰਰ ਕਰਨ ਕਰੂਪ ਕੋ ਕੈਸੇ ॥
ਕਵਨ ਸੁ ਤੀਰਥ ਗ੍ਰਹ ਮਹ ਅਹੈ ॥
ਜਨਮ ਜਨਮ ਕੇ ਪਾਤਕ ਦਹੈ ॥ 12 ॥

Digitized by Panjab Digital Library | www.panjabdigilib.org

ਕਵਨ ਸੁ ਮੁਕਤਾ ਅਹੈ ਸੰਸਾਰ ॥
ਭਵ ਸਾਗਰ ਜੋ ਉਤਰਾ ਪਾਰ ॥
ਕਰਿ ਕ੍ਰਿਪਾ ਉਤ੍ਰ ਮੁਖ ਰਰੋ ॥
ਏਹੁ ਸੰਸਾ ਹਮਰਾ ਤੁਮ ਹਰੋ ॥ 13 ॥

ਉੱਤਰ :—

ਜੀਵਤ ਜਗ ਮੇ ਜਸ ਜਿਸ ਹੋਇ ॥
ਮੂਆ ਅਪਜਸ ਨਰ ਜਗ ਸੋਇ ॥
ਸੁਖੀਆ ਸੁ ਨਰ ਜਾਨੋ ਪਿਆਰੇ ॥
ਜਿਸ ਨਿਹ ਰਿਦੈ ਸੁ ਕਲ ਪਨ ਧਾਰੇ ॥ 14 ॥

ਨਿਸ ਬਾਸ੍ ਕਲਪਨ ਜਿਹ ਧਾਮ ॥
ਸੋ ਦੁਖੀਆ ਮਾਨੋ ਅਭਿਰਾਮ ॥
ਜਾਕੇ ਰਿਦੈ ਸੁ ਅਹੈ ਸੰਤੋਖ ॥
ਸੁ ਤ੍ਰਿਪਤਾ ਜਾਨੋ ਨਿਰਦੋਖ ॥ 15 ॥

ਤ੍ਰਿਸਨਾ ਜਿਹ ਘਟ ਭੂਖਾ ਸੋਈ ॥
ਤੀਨ ਲੋਕ ਮਿਲੈ ਤ੍ਰਿਪਤੀ ਨ ਹੋਈ ॥
ਆਗਿਆਨੀ ਸੂਤਾ ਲਖ ਲੇਹੁ ॥
ਗਿਆਨੀ ਜਾਗਾ ਨਹੀ ਸੰਦੇਹੁ ॥ 16 ॥

ਰਿਣ ਸਮਾਨ ਬਡ ਪਾਪ ਨ ਕੋਇ ॥
ਤੀਰਥ ਨਾ ਇਨ ਹਤਿਆ ਖੋਇ ॥
ਬਿਨ ਬਿਚਾਰ ਖਾਲੀ ਰਿਦ ਜਾਨ ॥
ਗਿਆਨੀ ਪੂਰਨ ਸਿੰਧ ਸਮਾਨ ॥ 17 ॥

ਦੋਹਰਾ :- ਭਜਨ ਵਾਨ ਸੁੰਦਰ ਸਦਾ ਬਿਨ ਹਰਿ ਭਜਨ ਕਰੂਪ ॥
ਜੈਸੇ ਜੋਬਨ ਕੁਲ ਧਨੀ ਕੁਸਟੀ ਕੁਬਜ ਕਰੂਪ ॥ 18 ॥

ਚੌਪਈ :- ਤਾਤ ਮਾਤ ਬਿਰਧ ਜਹਿ ਧਾਮ ॥
ਸੇਵਾ ਤਿਨ ਕੀ ਕਰੈ ਨਿਹਕਾਮ ॥
ਅਠ ਸਠ ਤੀਰਥ ਕੋ ਫਲ ਸਾਰ ॥
ਬਿਨਾ ਜਤਨ ਪਾਵੈ ਨਿਰਧਾਰ ॥ 19 ॥

ਤ੍ਰਿਸਨ ਤਿਆਗ ਵਵੇਕੀ ਜੋਈ ॥
ਰਿਦੈ ਸੰਤੋਖ ਸ਼ਾਤ ਉਰ ਹੋਈ ॥

Digitized by Panjab Digital Library | www.panjabdigilib.org

ਜੀਵਨ ਮੁਕਤਿ ਲਖੋ ਤੁਮ ਸੰਤ ॥
ਸ਼ਾਸਤਰ ਸਿਮਰਤਿ ਕਹੈ ਮ ਤੰਤ ॥ 20 ॥

ਦੋਹਰਾ : ਜਬ ਐਸੇ ਉਤ੍ ਦਇਓ ਭਾਈ ਜੀ ਤਿਨ ਸੰਤ
ਚਰਨ ਰਾਹੇ ਜੁਗ ਜੋਰ ਕਰ ਉਸਤਤ ਕਰੇ ਬਿਅੰਤ ॥ 21 ॥

ਧੰਨ ਧੰਨ ਮੁਖ ਭਾਖਈ ਚਲਤ ਭਏ ਨਿਜਥਾਨ ॥
ਜੈਸੇ ਸੁਨੇ ਸੁ ਤਸ ਲੇਖ ਮੁਖ ਤੇ ਕਰੇ ਬਖਾਨ ॥ 22 ॥

ਸਵੈਯਾ : ਸਿਧ ਅਦੇਸ ਬੁਲਾਇ ਤਬ ਨਿਜ
ਦੇ ਸੁ ਜਾਨ ਕੀ ਕੀਨ ਤਿਆਰੀ ॥
ਜੈਸ ਸੁਨੇ ਫੁਨ ਤੈਸ ਲਖੇ ਸਭ
ਆਪਸ ਬੀਚ ਸੁ ਕਹਤਿ ਬਿਚਾਰੀ ॥
ਦੋ ਕਰ ਜੋਰ ਜੁਹਾਰ ਕਰੇ ਇਤ
ਭਾਈ ਉਤੇ ਵਹ ਸਿਧ ਨਿਹਾਰੀ ॥
ਗੋਰਖ ਆਦ ਮੱਛ ਦਰ ਹੈ ਨਵ
ਨਾਥ ਜਤੀ ਖਟ ਸਿਧ ਸੁਮਾਰੀ ॥ 23 ॥

ਜਹ ਆਹਾ ਦਰਬਾਰ ਜੰਡੋਰ ਬਨਾ
ਤਹ ਸਿਧਨ ਆਨ ਕੈ ਧੋਨ ਜਗਾਈ ॥
ਏਕ ਸਮਾਧ ਬਿਖੈ ਭਏ ਇਸਥਿਤ
ਏਕਤ ਪਉਨ ਕਪਾਲ ਚੜਾਈ ॥
ਏਕ ਅਭਿਆਸ ਸੁ ਵਾਸ ਕਰੈ
ਇਕ ਅੰਤਰ ਧਿਆਨ ਰਹੇਲਿਵ ਲਾਈ ॥
ਏਕ ਸਰੂਪ ਮਹ ਲੀਨ ਭਏ ਨਿਰੰਕਰ
ਨਿਰਲੰਭ ਲਖਾ ਉਰ ਮਾਈ ॥ 24 ॥

ਇਕ ਨਾਭ ਬਿਖੈ ਪਵਨ ਉਠੈ ਚਲ
ਨਾਸਕਾ ਅਗਰ ਸੁ ਲੀਨ ਨਿਹਾਰੇ ॥
ਇਕ ਭਵਹਨ ਦ੍ਰਿਸਟ ਕੋ ਜੋੜ ਭਲੀ
ਬਿਧ ਸੁਰਤਿ ਕੋ ਤਾਕ ਕੈ ਤੀਰ ਸੁ ਮਾਰੇ ॥
ਖਟ ਚਕਰ ਕੋ ਭੇਦ ਕੇ ਛੇਦ ਕੇ
ਬਜਰ ਕੋ ਮਰੇ ਕੇ ਡੰਡਕੋ ਸੀਸ ਪਧਾਰੇ
ਜਾਂ ਬਿਧ ਜੋ ਕਲਾ ਮਧਿ ਪੂਰਨ
ਸਿਧ ਸਮੂਹ ਅਏ ਜਿਤ ਸਾਰੇ ॥ 25 ॥

Digitized by Panjab Digital Library | www.panjabdigilib.org

ਇਕ ਪਵਨ ਭਲੇ ਨਿਸ ਬਾਸਰ ਮੈ
ਇਕ ਪਾਨ ਕਰੇ ਜਲ ਪ੍ਰਾਨ ਅਧਾਰੀ ॥
ਫਲ ਫੂਲ ਅਚੈ ਇਕ ਕਾਸ਼ਟਕੀ
ਛਿਲ ਬਾਰੂਕੀ ਮੂਠ ਸੁਰਾਖ ਆਹਾਰੀ ॥
ਇਕ ਭਾਗ ਭਖੈ ਮਦ ਪਾਨ ਸਦਾ ਰਹੈ
ਤਾਹ ਕੀ ਮਸਤ ਮੈ ਮਤਿ ਖੁਮਾਰੀ ॥
ਜਾਂ ਬਿਧ ਸਿਧ ਕੀ ਬ੍ਰਿਧ ਕੱਥਾ ਕਛ
ਅੰਤ ਨ ਆਵਤ ਵਾਰ ਨ ਪਾਰੀ ॥ 26 ॥

ਇਕ ਆਸਨ ਧਾਰ ਕਪਾਲ ਰਹੈ ਸਿਰ
ਅਰਧ ਸੁ ਊਰਧ ਪਾਵ ਕੋ ਧਾਰੈ ॥
ਮ੍ਰਿਗ ਆਸਨ ਜੋਗ ਆਸਨ ਹੈ ਇਸ ਭਾਂਤ
ਮ੍ਰਿਗ ਆਸਨ ਹੰਸ ਸੁ ਏਕ ਕਰੇ
ਭੁਜ ਊਚ ਕਈ ਮੁਖਨੀ ਜਨ ਹਾਰੇ ॥
ਜੋ ਕਰੋਚ ਸ ਆਸਨ ਸਾਰੈ ॥
ਜੈਤਕ ਸਿਧ ਤੇ ਸੁ ਆਸਨ ਤੇਤਕ
ਆਹ ਪ੍ਰਸਿਧ ਚਉਰਾਸ ਨਿਆਰੇ ॥ 27 ॥

ਚੌਪਈ :- ਸਿਧ ਗੋਸ਼ਟ ਆਪਸ ਮੈ ਕੀਨੀ ॥
ਜੈਸਕ ਸੁਨੀ ਤੈਸ ਲਖ ਲੀਨੀ ॥
ਪੜੇ ਸੁਨੈ ਜਾ ਕੋ ਸਿਖ ਕੋਈ ॥
ਆਤਮ ਦਰਸੀ ਹੋਵੈ ਸੋਈ ॥ 28 ॥

ਦੋਹਰਾ :- ਸਿਧ ਕਥਾ ਬ੍ਰਨਨ ਕਰੀ ਜਥਾ ਬੁਧ ਅਨੁਸਾਰ ॥
ਭੂਲ ਚੂਕ ਤੁਮ ਬਖਸੀਓ ਬਖਸ਼ਨ ਜੋਗ ਦਇਆਰ ॥ 29 ॥

ਏਕ ਪਹੁੜੀ ਟਕਾਇਕ ਤਿਸ ਧ੍ਰੂਹਣੀ ਅਸਥਾਨ ॥
ਅਬ ਲੈ ਇਸਥਿਤ ਹੈ ਤਹਾਂ ਨਿਸਚੈ ਕਰ ਕੈ ਜਾਨ ॥ 30 ॥

ਸਵੈਯਾ :- ਵਹਿ ਥਾਨ ਪਵਿਤ੍ਰ ਸੁਨਾਤਨ ਹੈ
ਤਿਨ ਜੋਜਨ ਕੇ ਵਹਿ ਬੀਚ ਪਛਾਨੋ ॥
ਇਖਵਾਕ ਨਿਰਪਾਲ ਭਇਓ ਜੁਗ ਆਦਿ
ਮੈ ਜਗ ਕਰੈ ਤਿਸ ਨੋਰ ਸੁ ਜਾਨੋ ॥
ਤ੍ਰੈਤੈ ਰਘੁਬੀਰ ਕੇ ਨੰਦਨ ਜੋ ਮੁਖ
ਸਾਲ ਰਚੀ ਇਸ ਭੂਮ ਸੁ ਆਨੋ ॥

Digitized by Panjab Digital Library | www.panjabdigilib.org

ਵਸਿਸ਼ਟ ਮੁਨੀ ਤਪ ਸਾਧ ਇਹਾਂ ਰਹਿਓ
ਲਾਇ ਸਮਾ ਰਹਾ ਉਲ ਮਨੋ ॥ 30 ॥

ਪਾਂਡਵ ਪੰਚ ਦੁਆਪਰ ਮੈ ਵਹਿ
ਆਇਓ ਦੁਰੇ ਇਸ ਭੂਮ ਮਝਾਰੀ ॥
ਕਲ ਕਾਲ ਕੋ ਅਵਸਰ ਆਇ ਬਨਾ
ਖੰਖਾਰ ਨਿਰਪਾਲ ਭਇਓ ਭੁਜ ਭਾਰੀ ॥
ਜਗ ਕਰੇ ਬਡੇ ਸੌਤ ਬਿਪਰਾਨ ਕੋ
ਭੋਜਨ ਦੇਤ ਸੁ ਪਾਤ ਖਖਾਰੀ ॥
ਗੁਰ ਨਾਨਕ ਅਰਜਨ ਦੇਵ ਭਏ ਅਬ
ਗ੍ਰਿੰਥ ਅਸਥਾਨ ਭਇਓ ਜਗ ਤਾਰੀ ॥ 31 ॥

ਗੰਗ ਗੁਦਾਵਰ ਤੀਰਥ ਜੇਤਕ
ਕਾਂਸੀ ਪ੍ਰਾਗ ਗਇਆ ਉਠ ਮਾਨੋ ॥
ਸਾਰ ਸੁਤੀ ਜਮਨਾ ਕਰਛੇਤ
ਪੁਹਕਰ ਆਦ ਸੁ ਤੀਰਥ ਜਾਨੋ ॥
ਮਥਰਾ ਸੁ ਮਇਆ ਅਹਿ ਸਾਗਰ ਸੇਤ
ਸੁ ਗੌਮਤ ਨਰ ਬਦ ਜੇਤਕ ਥਾਨੰ ॥
ਅਵਧ ਪੁਰੀ ਸਰਜੂ ਜਗ ਭੀਤਰ
ਸੁ ਬਦਰ ਕਿਆ ਸ੍ਰਮ ਭਾਨੋ ॥ 32 ॥

ਦੋਹਰਾ :- ਇਤ ਆਦਕ ਤੀਰਥ ਜਿਤੇ ਛੇਤ੍ਰ ਜਗ ਕੇ ਮਹਿ ॥
ਪੜੇ ਸੁਨੋ ਇਤਹਾਸ ਇਹੁ ਸੁ ਫਲ ਪਾਵੈ ਤਹਿ ॥ 33 ॥

ਸਤਾਰ ਸਧਿ ਆਇ ਪੂਰਨ ਭਇਉ ਆਗੈ ਅਵਰ ਸੁ ਹੋਇ ॥
ਗੁਰ ਕਿਰਪਾ ਤੇ ਵਰਨਿਹਉ ਪੂਰਨ ਕਰ ਹੈ ਸੋਇ ॥ 34 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 35 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼ ਵਰਨਨੰ ਸਿਧ ਗੌਸਟ ਨਾਮ ਸਤਾਰ ਸਮੋ ਧਿਆਇ ਸਮਾਪਤ ਮਸਤ ਸੁਭ ਮਸਤਿ ॥ 17 ॥

—0—

Digitized by Panjab Digital Library | www.panjabdigilib.org

ਅਠਾਰਵਾਂ ਧਿਆਇ

ਕੱਥਾ ਭਾਈ ਬੀਰ ਬਲ ਦੀ

ਦੋਹਰਾ :- ਚਰਨ ਕਮਲ ਗੁਰਦੇਵ ਕੇ ਰਿਦੈ ਧਾਰ ਕਰ ਭਾਵ ॥
ਅਮਰ ਦਾਸ ਗੁਰ ਮਾਇਆ ਤੇ ਬੂਠੇ ਅਠ ਦਾਸ ਧਿਆਵ ॥ 1 ॥
ਬੀਰ ਬਲ ਕੀ ਕਥਾ ਅਬ ਸੁਨੋ ਸੰਤ ਚਿਤ ਧਾਰ ॥
ਸੁਖ ਸੰਪਤ ਕੋ ਦਾਇਨੀ ਪ੍ਰਮ ਪੁਨੀਤ ਬਿਚਾਰ ॥ 2 ॥

ਚੌਪਈ :- ਬੀਰ ਬਲ ਕੀ ਕਥਾ ਉਚਾਰੋ ॥
ਤੁਮਰੇ ਮਨ ਕੋ ਭਰਮ ਨਿਵਾਰੋ ॥
ਅਰੋੜ ਬੰਸ ਬਗਾ ਤਹਿ ਜਾਤਿ ॥
ਸਿਖ ਭਇਓ ਪੂਰਨ ਵਿਖਿਆਤ ॥ 3 ॥
ਭਾਈ ਕੀ ਚਰਨੀ ਆ ਲਾਗਾ ॥
ਪਰਾ ਪੁਰਬ ਲੋ ਭਾਗ ਸੁ ਜਾਗਾ ॥
ਤਾਤ ਮਾਤ ਬੱਧਵ ਨਹਿ ਕੋਈ ॥
ਨਿਰਧਨ ਕਰਾ ਬਿਧਾਤਾ ਸੋਈ ॥ 4 ॥

ਮਨ ਮੈ ਕੀਨੋ ਤਿਨੈ ਬਿਚਾਰ ॥
ਬਿਨ ਸਤਿ ਸੰਗ ਨਹੀਂ ਕੁਈ ਜਾਰ ॥
ਤਾਤੇ ਸਤਿ ਸੰਗਤ ਕੋ ਕਰੋ ॥
ਜਨਮ ਜਨਮ ਕੇ ਪਾਤਕ ਹਰੋ ॥ 5 ॥
ਸੇਵਾ ਕੀ ਧਾਰੀ ਮਨ ਆਸ ॥
ਭਾਈ ਕੇ ਗ੍ਰਿਹ ਕਰਾ ਨਿਵਾਸ ॥

Digitized by Panjab Digital Library | www.panjabdigilib.org

ਭਾਈ ਕੀ ਚਰਨੀ ਆਪਰਾ ॥
ਘਰ ਏਕ ਲਗ ਮਾਥ ਰਗਰਾ ॥ 6 ॥

ਸਵੈਯਾ :- ਗਰੀਵ ਨਿਵਾਇ ਕੈ ਚਰਨ ਪਰੋ ਮੁਖ ਤੇ
ਅਤ ਦੀਨ ਹੋਇ ਬੈਨ ਉਚਾਰੇ ॥
ਤਾਤ ਅੌ ਮਾਤ ਨਹੀਂ ਸੁਤ ਭ੍ਰਾਤ ਨ
ਜਾਤ ਅੌ ਪਾਤ ਨ ਬੰਧਪ ਪਿਆਰੇ ॥
ਧਨ ਹੀਨ ਮਲੀਨ ਸੁ ਦੀਨ ਦਸਾ ਤੰਨ
ਖੀਨ ਭਇਓ ਜਗ ਤੇ ਹੋਇ ਨਿਆਰੇ ॥
ਸਾਕ ਸਨਬੰਧ ਨ ਮਾਨ ਰਹੇ
ਅਪਮਾਨ ਹਰੇ ਹਟ ਜਾਹੁ ਕਨਾਰੇ ॥ 7 ॥

ਕਬ ਵਾਚ :—

ਸਵੈਯਾ :- ਏਹ ਰੀਤ ਸੰਸਾਰ ਕੀ ਜਾਨਤ ਹੈ
ਸਭ ਸੁਆਰਥ ਕੇ ਜਗ ਸਾਕ ਪਛਾਨੋ ॥
ਸੰਪਤ ਹੈ ਜਹ ਧਾਮ ਬਿਖੈ ਸਰੈ ਕਾਮ
ਤਹਾਂ ਸੰਗ ਜਾਇ ਮਿਲਾਨੋ ॥
ਸੂਰਜ ਚੰਦ ਉਦੈ ਭੈ ਨੰਦ ਕੇ
ਪਕਦੀਪਾ ਤੁਹੀ ਕਾਲ ਮਾਨੋ ॥
ਇਕ ਆਵਤ ਹੈ ਇਕ ਜਾਇ ਚਲੈ
ਇਕ ਬੈਠ ਰਹੈ ਮੁਖ ਤੇ ਗੁਨ ਗਾਨੋ ॥ 8 ॥

ਧਨ ਖੀਨ ਭਏ ਸਭ ਹੀ ਤਜ ਜਾਵਤ
ਆਵਤ ਨਾਰ ਕੋਉ ਤਹ ਨੇਰੇ ॥
ਜਿਤ ਜਾਇ ਨਿਰਾਦਰ ਪਾਵਤ ਹੈ
ਕਟ ਵਾਕ ਉਚਾਰਤ ਹੀ ਮੁਖ ਫੇਰੇ ॥
ਏਹ ਮੂਰਖ ਮਗਧ ਨਿਲਾਇਕ ਹੈ ਬੁਧ
ਹੀਨ ਮਲੀਨ ਹੈ ਦੀਨ ਸੁ ਹੇਰੇ ॥
ਕੇਤਕ ਬਰਖ ਕਾ ਤਿਆਗ ਦਯੋ ਕਬਹੁ
ਗ੍ਰਿਹ ਜਾਇ ਨਹੀਂ ਇਨ ਕੇਰੇ ॥ 9 ॥

ਦੋਹਰਾ :- ਮਾਤ ਤਾਤ ਸੁਤ ਭ੍ਰਾਤ ਜੋ ਜੁ ਵਤੀ ਆਦ ਸੁ ਬੰਧ ॥
ਸੰਪਤ ਗਏ ਸੁ ਗਏ ਸਭ ਅਏ ਅਏ ਸਨ ਬੰਧ ॥ 10 ॥

Digitized by Panjab Digital Library | www.panjabdigilib.org

ਚੌਪਈ :- ਪੂਰਬ ਜਨਮ ਅੰਕਰ ਹੋਇ ਹਰੇ ॥
ਸੋ ਚਲ ਸਤਿ ਸੰਗਤ ਕੋ ਕਰੇ ॥
ਟਹਿਲ ਕਰਤ ਬੀਤੇ ਬਹੁ ਸਾਲ ॥
ਐਸੇ ਇਕ ਦਿਨ ਬਨਾ ਖਿਆਲ ॥ 11 ॥

ਦੋਹਰਾ :- ਅਜਾ ਟਹਲ ਨਿਸ ਦਿਨ ਕਰੇ ਰਸਨ ਜਪੈ ਗੁਰ ਨਾਮ ॥
ਜਾਗਤ ਸੋਵਤ ਬੈਠਤੇ ਅਵਰ ਨ ਤੀਸਰ ਕਾਮ ॥ 12 ॥

ਤੋਟਕ ਛੰਦ :- ਗ੍ਰਿਹ ਮੈ ਅਜ ਦੋਇ ਰਹੇ ਤਿਨ ਹੀ
ਨਿਤ ਪਾਲ ਕਰੇ ਬਲਬੀਰ ਸਹੀ ॥
ਇਕ ਔਸਰ ਆਇ ਬਨਾ ਦਿਨ ਮੈ ॥
ਅਜ ਚੋਨ ਲਗਾ ਗਹਿਕੇ ਤਿਨ ਮੈ ॥ 13 ॥

ਤਬ ਮੇਖ ਦਯੋ ਤਿਹ ਮੁਤ ਸਿਰੰ ॥
ਪਗ ਭੀਗ ਗਈ ਮੁਖ ਮੂੰਛ ਗਿਰੰ ॥
ਮਨ ਮੈ ਕਛੁ ਸਾਕਤ ਵਾਨ ਭਯੋ ॥
ਤਬ ਡੀਠ ਤਲੈ ਸੁ ਨਿਹਾਰ ਰਹਿਯੋ ॥ 14 ॥

ਅਸ ਦੇਖ ਦਸਾ ਬਲ ਬੀਰਨ ਕੀ ॥
ਸਭ ਲੋਕ ਨਿਹਾਰਤ ਚੀਰਨ ਕੀ ॥
ਤਹ ਹਾਸ ਬਿਲਾਸ ਭਇਓ ਅਤਹੀ ॥
ਇਕ ਕੌਤਕ ਆਨ ਬਨਾ ਤਿਤ ਹੀ ॥ 15 ॥

ਦੋਹਰਾ :- ਇਹ ਬਿਧ ਕੌਤਕ ਤਹ ਬਨਾ ਸਭ ਮਿਲ ਆਏ ਲੋਗ ॥
ਭਇਓ ਅਖਾਰੋ ਠੌਰ ਤਹ ਕਰੇ ਹਾਸ ਤਜ ਸੋਗ ॥ 16 ॥

ਭੁਜੰਗ ਛੰਦ ਉਹਾ ਆਵਤੇ ਜਾਤ ਹੈ ਲੋਗ ਸਾਰੇ
ਭਇਓ ਆਨ ਬਿਲਾਸ ਹੁ ਲਾਸ ਭਰੇ ॥
ਜਬੈ ਬੀਰ ਕੀ ਦੇਖ ਹੈ ਚਾਲ ਐਸੀ
ਹਸੈ ਆਪ ਮੈ ਵੇਖ ਕੇ ਭਾਤ ਵੈਸੀ ॥ 17 ॥

ਸਭੀ ਗਾਉ ਕੇ ਬਾਲ ਥੇ ਬ੍ਰਿਧ ਜੇਤੇ ਤ੍ਰਿਆ ਆਦ ਲੇ ਉਚ ਔ ਨੀਚ ਤੇਤੇ ॥
ਸਭੀ ਬੀਰ ਕੋ ਦੇਖਨੇ ਤਹਾ ਆਇ ਹਸੇ ਆਪ ਮੈ ਮਨੇ ਕੀ ਮੌਜ ਛਾਏ ॥ 18 ॥

ਦੋਹਰਾ :- ਭਾਈ ਬੰਨੋ ਸਦਨ ਮੈ ਸੁਨਾ ਸ਼ੋਰ ਅਤਿ ਭਾਰ ॥
ਬਾਹਰ ਆਇ ਧਾਮ ਤੇ ਪੂਛਤ ਭਏ ਬਿਚਾਰ ॥ 19 ॥

Digitized by Panjab Digital Library | www.panjabdigilib.org

ਚਪਈ : ਤਬ ਲੋਗਨ ਸਭ ਬਾਤ ਸੁ ਭਾਖੀ ॥
ਜੋ ਜੋ ਬੀਤੀ ਸੋ ਸੋ ਆਖੀ ॥
ਬੀਰਬਲ ਕੋ ਨਿਰਖਾ ਭਾਈ ॥
ਐਸ ਬਾਤ ਮੁਖ ਭਾਖ ਸੁਨਾਈ ॥ 20 ॥

ਛਾਂਗ ਮਤ ਨਹ ਬੀਰ ਸ ਜਾਨ ॥
ਇਹ ਕੁੰਗੂ ਕਟੋਰੀ ਮਾਨ ॥
ਮਨ ਮੈ ਲਜਾ ਨਹ ਤੂ ਧਾਰ ॥
ਕੇਸ੍ ਜਾਨ ਬੀਰ ਸੁਖ ਮਾਰ ॥ 21 ॥

ਤੁਮਰੀ ਭਈ ਸੁਜਾਨ ਸਗਾਈ ॥
ਸੰਕਾ ਮਨ ਮਹ ਕਰ ਨਹ ਗਾਈ ॥
ਸਹਿਜ ਸੁ ਭ੍ਰਾਇ ਸਾਧ ਜੋ ਬੋਲੇ ॥
ਤਿਨ ਕੇ ਬਚਨ ਸੁ ਜਾਨ ਅਮੋਲੇ ॥

ਚੌਹਰਾ :- ਸੂਰਜ ਚੰਦ ਨ ਰਹਿ ਗੋ ਧਰਤੀ ਅਰ ਆਕਾਸ ॥
ਸਾਧ੍ ਬਚਨ ਅਟਲ ਹੈ ਸੋ ਨਹਿ ਹੋਇ ਬਿਨਾਸ ॥ 23 ॥

ਸਵੈਯਾ :- ਨਿਸਗਟ ਚੜੇ ਤਹ ਦਿਵਸ ਬਿਖੈ
ਦਿਨ ਨਾਉ ਦੈ ਭਇਓ ਰੈਨ ਪਛਾਨੋ॥
ਸੀਤ ਸਮੈ ਹੋਇ ਉਸਨ ਪ੍ਰਕਾਸ ਸੁ
ਉਸਨ ਕੇ ਮਧ ਸੁ ਸੀਤ ਪਛਾਨੋ ॥
ਸੁ ਮੇਰ ਉਡੇ ਧਰ ਪੰਖ ਨੋ ਕੋ ਜਰ
ਛਾਰ ਉਡੈ ਜਲ ਸਾਜਰ ਮਾਨੋ ॥
ਸੰਤਨ ਵਾਕ ਅਚਲ ਸਦਾ
ਨਿਸਚੈ ਕਰ ਸਤਿ ਹੀਏ ਪ੍ਰਮਾਨੋ ॥ 24 ॥

ਚੌਪਈ :- ਕਛੁ ਕੀਨੇ ਬੀਤੇ ਹੈ ਦੋਇ ਚਾਰ ॥
ਇਕ ਸਿਖ ਆਇਓ ਮਤਿ ਸਾਰ ॥
ਭਾਈ ਕੀ ਚਰਨੀ ਆ ਲਾਗਾ ॥
ਐਸੇ ਬਚਨ ਸੁ ਕਹੈ ਸੁ ਭਾਗਾ ॥ 25 ॥

ਦੋਹਰਾ :- ਹਾਥ ਜੋਰ ਸਿਰ ਨਿਆਇਕੈ ਐਸੇ ਕਰਤ ਬਖਿਆਨ ॥
ਕਹੂੰ ਸੀ ਗਾਈ ਕੀਜੀਐ ਸਮ ਪੁਤਰੀ ਗ੍ਰਿਹ ਜਵਾਨ ॥ 26 ॥

ਚੌਪਈ :- ਤਬ ਭਾਈ ਬੀਰਨ ਦਿਖਲਾਇਓ ॥
ਮੁਖ ਤੇ ਐਸੇ ਬਚਨ ਅਲਾਇਓ ॥

Digitized by Panjab Digital Library | www.panjabdigilib.org

ਇਠਕੇ ਸੰਗ ਸਗਾਈ ਕਰੋ ਕਿਛ
ਚਿੰਤਾ ਚਿਤ ਮਹ ਨਹ ਧਰੋ ॥ 27 ॥

ਸੁਨ ਕਰ ਸਤਿ ਬਚਨ ਉਰ ਆਨਾ ॥
ਜੋ ਤੁਮ ਕਹਾ ਸੁ ਮੁਹ ਪ੍ਰਵਾਨਾ ॥
ਤਬਾ ਬਿਪ ਲੀਨੋ ਤਹਾਂ ਬੁਲਾਈ ॥
ਪੁਤਕ ਸੋਧ ਸੁ ਘਰੀ ਸੁਧਾਈ ॥ 28 ॥

ਦੋਹਰਾ :- ਭਈ ਸੰਗਾਈ ਬੀਰ ਕੀ ਅਤਿਸੈ ਭਇਉ ਉਤਸ਼ਾਹਾ ॥
ਅਲਪ ਦਿਵਸ ਬੀਤਤ ਭਏ ਤਬ ਹੀ ਭਇਉ ਬਿਆਹਾ ॥ 29 ॥

ਸਵੈਯਾ :- ਜੋ ਬਿਧਨਾ ਨਹ ਲੇਖ ਲਿਖੇ
ਬਿਧਮਾਤ ਤੇ ਅਛਰ ਜਾਤ ਭੁਲਾਈ ॥
ਬਿਆਸ ਪਰਾਸਰ ਨਾਰਤ ਸਾਂਰਦ
ਸੰਕਰ ਤੇ ਨਹਿ ਜੇ ਲਿਖ ਪਾਈ ॥
ਵੇਕ ਕਤੇਬ ਔ ਸਾਸਤ ਸਿਮ੍ਰਤ
ਪੁਰਾਨ ਅਠਾਰਨ ਮੈ ਨਹਿ ਗਾਈ ॥
ਸੰਤਨ ਹਾਥ ਦਈ ਲਿਖਨੀ ਪ੍ਰਭ ਪੂਰਨ
ਰਸ ਨਾਗਰ ਭਾਗ ਧਰੀ ਰੁਸਨਾਈ ॥ 30 ॥

ਬਿਸਨ ਕਿਸ਼ਨ ਬਿਧ ਸਿਵ ਸ਼ਿਵਾ ਨਾਰਦ ਸਾਰਦ ਜਾਨ ॥
ਇਨ ਤੇ ਥਕੀ ਜੁ ਬਾਰਤਾ ਸੋ ਸੰਤਨ ਪ੍ਰਮਾਨ ॥ 31 ॥

ਸਵੈਯਾ :- ਚੰਦਰ ਹਾਸ ਕੀ ਬਾਤ ਪ੍ਰਸਿਧ ਅਹੈ
ਮਿਲ ਸੰਤਨ ਰਾਜ ਦਇਉ ਸੁਖਦਾਈ ॥
ਦਰੁਪਤ ਸੁਤਾ ਦਯੋ ਚੀਰ ਰਖੀਸਰ
ਬਚਨ ਕਹੈ ਸੁਨ ਲੇਹੁ ਸੁ ਭਾਈ ॥
ਮੋਹ ਕੁਪੀਨ ਸੁ ਤੋਹ ਦਈ ਦਯੁ
ਤੁਹਿ ਕੋ ਨਗਨ ਨ ਹੋਵਤ ਪਾਈ ॥
ਬੀਚ ਸਭਾ ਭਏ ਕੋਟਕ ਅੰਬਰ
ਅੰਬਰ ਟੰਬਰ ਜੇਤਕ ਆਈ ॥ 32 ॥

ਦੋਹਰਾ :- ਸਤ ਸਤ ਸਤ ਸਤ ਹੈ ਸਤਬਚਨ ਤਹ ਜਾਨ ॥
ਜੋ ਚਾਹੈ ਸੋਈ ਕਰੈ ਜਾ ਮੈ ਸੰਕ ਆਨ ॥ 33 ॥

ਚੌਪਈ :- ਕਥਾ ਜੋਗ ਦੀਨੋ ਤਹ ਜਾਜ ॥
ਜੋ ਜੋ ਗ੍ਰਿਹ ਮਹ ਆਹਾ ਸਮਾਜ ॥

Digitized by Panjab Digital Library | www.panjabdigilib.org

ਕਰ ਬਿਹਾ ਅਪਨੇ ਗ੍ਰਿਹ ਆਇਓ ॥
ਜਥਾ ਜੋਗ ਤਹ ਦਾਨ ਕਰਾਇਓ ॥

ਦੋਹਰਾ :- ਲੈ ਭਾਜੀ ਥਾਲੀ ਧਰੀ ਬੇਵਰ ਲੀਨੋ ਹਾਥ ॥
ਸਵਾ ਰੁਪਯਾ ਲੇ ਤੁਰਾ ਤ੍ਰਿਯ ਸੁ ਕੀਨੀ ਸਾਥ ॥ 35 ॥

ਭਾਈ ਜੀ ਬੈਠੇ ਜਹਾਂ ਆਨ ਨਿਵਾਇਓ ਸੀਸ ॥
ਹਾਥ ਜੋਰ ਬਚ ਕਹੇ ਮਸ ਗੁਰ ਤੁਮ ਜਗਦੀਸ਼ ॥ 36 ॥

ਤੁਮਰੀ ਕਿਰਪਾ ਤੇ ਭਏ ਹਮਰੇ ਕਾਰਜ ਸਿਧ ॥
ਨਹ ਸਨ ਬੰਧੀ ਸੰਪਤਾ ਬੈਸ ਭਈ ਸੀ ਬ੍ਰਿਧ ॥ 37 ॥

ਚੌਪਈ :- ਹੁਇ ਪ੍ਰਸੰਨ ਤਾ ਪ੍ਰਤਬ ਭਾਈ ॥
ਏਸ ਬਾਤ ਤਬ ਭਾਖ ਸੁ ਨਾਈ ॥
ਹਾਥ ਧਰਯੁ ਜੋ ਤਾਕੇ ਤਬ ਸੀਸ ॥
ਚਰੰਜੀਵ ਜੋਰੀ ਜੁਗ ਬੀਸ ॥ 38 ॥

ਪੁਤਰ ਪੰਤਰੇ ਸਭਿ ਪ੍ਰਵਾਰ ॥
ਸੁਖਿ ਸੰਪਤ ਭੋਗੇ ਸਿਖ ਸਾਰ ॥
ਸਿਖੀ ਤੁਮਰੀ ਕੁਲ ਮੈ ਹੋਈ ॥
ਪ੍ਰਗਟ ਬਾਤ ਜਾਨਤ ਸਭ ਕੋਈ ॥ 39 ॥

ਜਬਿ ਤਕ ਇਸ ਘਰ ਰਹੈ ਜੋ ਸਾਬਤ
ਤਬਿ ਤਕ ਤੁਮਕੋ ਪਰੈ ਨਾ ਆਫਤ ॥
ਬੇਮੁਖ ਜਬ ਤਹ ਹੁਇ ਸੰਤਾਨ ॥
ਸੰਪ੍ਰਤਿ ਨਾਸ ਬਿਪਤਿ ਤਿਹ ਜਾਨ ॥ 40 ॥

ਸਵੈਯਾ :- ਬਚਨ ਉਚਾਰ ਕਰੇ ਮੁਖਤੇ ਸੁਨ
ਬੀਰ ਕਹੋ ਤਮ ਪੈ ਇਕ ਸਾਖੀ ॥
ਸਨ ਮੁਖ ਸਿਖ ਅਹੇ ਗੁਰ ਕੇ
ਗੁਰ ਪੂਰਨ ਤਾਹ ਕਰੇ ਸਦ ਰਾਖੀ ॥
ਬੇਮੁਖ ਜੋ ਮੁਖ ਫੇਰ ਰਹੈ ਨਹ
ਦੀਨ ਰਹਾ ਦੁਨੀਆਂ ਨਹ ਲਾਖੀ ॥
ਲੋਕ ਪ੍ਰਲੋਕ ਗਵਾਇ ਗਏ ਲਗ
ਲਾਲਚ ਲਾਲ ਗਵਾਇ ਸੁ ਕਾਖੀ ॥ 41 ॥

ਦੋਹਰਾ :- ਬੀਰਨ ਜਬ ਅਸ ਬਚ ਜਬਿ ਸੁਨੇ ਚਰਨਨ ਸੀਸ ਨਿਵਾਇ ॥
ਸਿਖੀ ਸਿਦਕ ਸੁ ਦੀਜੀਐ ਇਤ ਉਤ ਹੋਇ ਸਹਾਇ ॥ 42 ॥

Digitized by Panjab Digital Library | www.panjabdigilib.org

ਚੌਪਈ :- ਤਾ ਦਿਨ ਤੇ ਬੇਵਰ ਕੀ ਰੀਤ ॥
ਦੇਤ ਸਿਖ ਧਰ ਮਨ ਮੈ ਪਰੀਤ ॥
ਬੀਰਬਲ ਇਹੁ ਰੀਤ ਚਲਾਈ ॥
ਅਬਲੌ ਚਲੀ ਜਗਤਿ ਮੈ ਆਈ ॥ 34 ॥

ਦੋਹਰਾ :- ਇਹ ਕਥਾ ਪੂਰਨ ਭਈ ਸੁਨੋ ਬਾਤਿ ਤੁਮ ਮੌਰ ॥
ਰਿਖੀਅਨ ਸਕਲ ਸੰਕੋਚ ਚਿਤ ਰਾਖੋ ਇਕ ਠੌਰ ॥ 44 ॥

ਚੌਪਈ :- ਏਸ ਕਥਾ ਕਹਿ ਇਹੁ ਫਲੁ ਜਾਨ ॥
ਪੜੇ ਸੁਨੇ ਗੁਰ ਪਦ ਧਰ ਧਿਯਾਨ ॥
ਨਿਸਚਾ ਧਾਰ ਨੇ ਮਜੋ ਕਰੈ ॥
ਬ੍ਰਸ ਬਿਖੈ ਸੁੰਦਰ ਤ੍ਰਿਯ ਬਰੈ ॥ 45 ॥

ਅਤਿ ਸੁ ਸੀਲ ਸਤਿ ਵੰਤੀ ਨਾਰ ॥
ਭਰਤ ਕੀ ਸੇਵਾ ਸੁਖ ਕਾਰ ॥
ਸੁਤ ਵੰਤੀ ਪਤਿ ਬ੍ਰਤਾ ਸੁ ਜਾਨੋ ॥
ਤਾ ਸਮ ਔਰਨ ਜਗ ਮੈ ਮਾਨੋ ॥
ਸਤਿ ਸੰਗਤਿ ਸੇਵਾ ਮੈ ਆਵੈ ॥
ਮਨ ਬਾਂਛਤ ਸਭ ਹੀ ਫਲ ਪਾਵੈ ॥
ਚਿੰਤਾ ਮਨ ਬਨ ਨੰਦਨ ਜਾਨੋ ॥
ਕਾਮਧਨ ਸਮ ਤਿਹ ਪ੍ਰਮਾਨੋ ॥ 47 ॥

ਦੋਹਰਾ :- ਸਤਿ ਸੰਗਤਿ ਹੈ ਕਲਪ ਤਰ ਮਨੋ ਕਾਮਨਾ ਦੇਤ ॥
ਕਰੇ ਮੁਕਤਿ ਹੋਤ ਨਹ ਬਾਰ ॥
ਰਿੱਧ ਸਿਧ ਨਵ ਨਿਧ ਨਿਤ ਕਰ ਹੈ ਬਾਰਬੁਹਾਰ ॥ 49 ॥

ਚੌਪਈ :- ਰੁਤਿ ਬਸੰਤ ਬੀਤੀ ਸੁਖਿਦਾਈ ॥
ਗ੍ਰੀਖਮ ਰਿਤ ਆਗੈ ਤੇ ਆਈ ॥
ਭਾਈ ਜੀ ਕੀ ਕਥਾ ਅਗਾਧ ॥
ਜਥਾ ਮਤਿ ਭਾਖੋ ਤੁਮ ਸਾਧ ॥ 50 ॥

ਸਵਾ ਜਾਨ ਰਹਿ ਹੈ ਜਬ ਰੈਨ ॥
ਤਬ ਜਾਗੈ ਭਾਈ ਮਨਚੈਨ ॥
ਹੁਇ ਸੁ ਚੇਤ ਕਰ ਕੈ ਇਸਨਾਨ ॥
ਜਪੁ ਮੁਖ ਪਾਠ ਪੜੇ ਧਰ ਧਿਯਾਨ ॥ 51 ॥
ਸੁਖ ਮਨ ਆਦਿ ਅਵਰ ਜੋ ਬਾਣੀ ॥

Digitized by Panjab Digital Library | www.panjabdigilib.org

ਇਹ ਬਿਧ ਰੈਨ ਸੁ ਤਾਹ ਬਿਹਾਣੀ ।।
ਭਗਤ ਜੋਗ ਹੁਇ ਦ੍ਰਿੜ ਚਿਤ ਕਰੇ ।।
ਸਕਲ ਕਾਮਨਾ ਜਨ ਪਰ ਹਰੈ ।। 52 ।।

ਚੜੇ ਦਿਵਸ ਗੁਰ ਗ੍ਰੰਥ ਸੁ ਪਾਠ ।।
ਬਿਨ ਗੁਰ ਭਜਨ ਅਵਰ ਨਹ ਥਾਟ ।।
ਪੜੇ ਸੁਨੈ ਬਾਣੀ ਗੁਰ ਪ੍ਰੀਤ ।।
ਅਰਧ ਦਿਵਸ ਬੀਤਤ ਇਹੁ ਰੀਤਿ ।। 53 ।।

ਦੋਹਰਾ :- ਭੋਜਨ ਸਾਲ ਮੈ ਜਾਇ ਕੈ ਸਤਿ ਸੰਗਤਿ ਛਕਾਵਾਇ ।।
ਪੀਛੇ ਤੇ ਕਛੁ ਪਾਵਈ ਜੇਤੀ ਮਨ ਰੁਚ ਆਇ ।। 54 ।।

ਚੌਪਈ :- ਚਾਰ ਘਰੀ ਕਰਿ ਹੈ ਤਬ ਸੈਨ ।।
ਫਿਰ ਜਾਗਤਿ ਸਭ ਸੁਖ ਜਗ ਦੈਨ ।।
ਹੁਇ ਸਚੇਤ ਕਰੈ ਕਥਾ ਰਸਾਲ ।।
ਪਾਛੇ ਕੀਰਤਨ ਹੋਇ ਬਿਸਾਲ ।। 55 ।।

ਸੰਧਿਆ ਸਮੈ ਪੜੈ ਰਹੁ ਰਾਸਿ ।
ਆਰਤ ਕਰ ਹੋਵੈ ਅਰਦਾਸ ।।
ਭੋਜਨ ਕਰਿ ਜੇਤੀ ਰੁਚਿ ਹੋਈ ।।
ਧਰਮ ਸਾਲ ਆਵੈ ਫੁਨ ਸੋਈ ।। 56 ।।

ਕਥਾ ਕੀਰਤਨ ਹੋਵੈ ਸਤਿ ਸੰਗ ।।
ਪ੍ਰੇਮੀ ਸੁਨ ਕਰ ਹੋਇ ਉਮੰਗ ।।
ਜੈਸੇ ਕਮਲ ਕੁਸਮ ਪਰ ਭੋਵਰ ।।
ਧਾਰ ਪ੍ਰੇਮ ਸਿਖ ਆਵੈ ਦੌਰ ।। 57 ।।

ਦੋਹਰਾ : ਗ੍ਰੀਖਮ ਰੁਤਿ ਅਤਿ ਸੈ ਭਈ ਜਲ ਕੀ ਸਭਿਕੋ ਪਿਆਸ ।।
ਬੀਰ ਬਲਿ ਘਟ ਲੇ ਤੁਰਾ ਸੀਤਲ ਜਲ ਧਰ ਆਸ ।। 58 ।।

ਚੌਪਈ : ਤੀਨ ਕੋਸ ਤੇ ਨੀਰ ਲੈ ਆਵੈ ।।
ਸਤਿ ਸੰਗਤਿ ਕੋ ਆਨ ਪਿਲਾਵੈ ।।
ਖਾਰੇ ਕਾ ਜਲੁ ਹੈ ਅਤਿ ਖਾਰਾ ।।
ਨਹ ਸੀਤਲ ਅਤਿ ਸੈ ਵਹਿ ਭਾਰਾ ।। 59 ।।

ਗੀਆ ਮਾਲਤੀ ਛੰਦ :-

ਧਰ ਸੀਸ ਗਾਗਰਲੇ ਚਲਾ ਜਲ ਸੀਤ ਲੇਨੇ ਆਇਓ ।।

Digitized by Panjab Digital Library | www.panjabdigilib.org

ਤਿਹ ਪੁਰ ਕਲਸਾ ਪਾਨੀਓ ਫਿਰ ਪਾਛਲੇ ਮਗ ਧਾਇਉ ॥
ਜਬ ਬੀਤ ਜਾਵੈ ਜਾਮ ਜਾਮਨ ਪੂਜੈ ਲੇ ਕਰ ਬੀਰ ਹੀ ਸਭ
ਅਚੈ ਮਨ ਮਹਿ ਮੋਦ ਪਾਵੈ ਤ੍ਰਿਖਾ ਦੇਵ ਨਿਵਾਰ ਹੀ ॥ 60 ॥

ਬਹੁ ਬ੍ਰਿਖ ਬੀਤੇ ਭਾਤ ਐਸੀ
ਕਰੇ ਨਿਤ ਪ੍ਰਿਤਿ ਨਮ ਹੀ ॥
ਚਲਿ ਜਾਤਿ ਹੈ ਤਿਨ ਕੇ ਸਮੇ ਫਿਰ
ਆਇ ਹੈ ਧਰ ਪ੍ਰੇਮ ਹੀ ॥
ਇਕ ਨਿਸਾ ਮੈ ਅਸ ਭਇਉ
ਕੌਤਕ ਈਸ ਕਾ ਹੁਇ ਖਿਯਾਲ ਹੈ ॥
ਬਹੁ ਰੈਨ ਹੈ ਬਤੀਤ ਹੋਈ
ਪੂਜਾ ਨਹ ਧਰਮ ਸਾਲ ਹੈ ॥ 61 ॥

ਚੌਪਈ:- ਏਕ ਸਮੇ ਬਹੁ ਰੇਨ ਬਿਹਾਨੀ ॥
ਸਬੇ ਉਡੀਕਤ ਸੀਤਲ ਪਾਨੀ ॥
ਆਗੇ ਤੇ ਬਹੁ ਬੀਤਿਉ ਕਾਲ ॥
ਨਹ ਆਇਓ ਬੀਰਮ ਸੁਖ ਸਾਲ ॥ 62 ॥

ਤੋਟਕ ਛੰਦ : ਰਵ ਕੇ ਸੁਤ ਤਾਤ ਤਿਨੇ ਜੁ ਗ੍ਰਸਾ ॥
ਮਧ ਮਾਰਗ ਮੇ ਤਬ ਬੀਰ ਖਸਾ ॥
ਨਹ ਆਵਨਿ ਕੀ ਤਹ ਸਕਤਿ ਰਹੀ ॥
ਅਤਿ ਸੇ ਤਿਹ ਦੇਹ ਸੁ ਛੀਨ ਭਈ ॥ 63 ॥

ਬਹੁ ਰੈਨ ਬਤੀਤ ਭਈ ਜਬ ਹੀ ॥
ਸਭ ਸੰਗਤਿ ਬੈਸ ਰਹੀ ਤਬ ਹੀ ॥
ਕੋਹ ਕੌਨਸੁ ਕਾਰਨ ਹੈ ਸੁ ਭਯਾ ॥
ਬਹੁ ਰੈਨ ਬਿਤੀ ਨਹ ਬੀਰ ਅਯਾ ॥ 64 ॥

ਦੋਹਰਾ :- ਚਰਨ ਕਮਲ ਕਾ ਆਸਰਾ ਸਤਿ ਸੰਗਤਿ ਕਾ ਧਾਰ ॥
ਲੀਨੋ ਸੀਸ ਉਠਾਇ ਘਟ ਆਇਓ ਛਿਨਕ ਮਝਾਰ ॥ 65 ॥

ਚੌਪਈ :- ਜਿਵ ਕਿਵ ਪੁਜਾ ਸੁ ਹੋਇ ਬਿਹਾਲ ॥
ਇਹ ਬਿਧ ਬੀਤਤ ਭਇਉ ਖਿਆਲ ॥
ਤਬ ਭਾਈ ਪਛੀ ਸਭ ਬਾਤ ॥
ਸਾਚ ਬਤਾਵਹੁ ਮੁਝ ਕੌ ਤਾਤ ॥ 66 ॥

ਦੋਹਰਾ :- ਆਗੇ ਤੇ ਬਹੁ ਚਿਰ ਭਇਉ ਕਿਆ ਬੀਤੀ ਤਵ ਸੰਗ ॥
ਭਈ ਡੇਰ ਬਹੁ ਮਰਾ ਬਿਖੈ ਕਿਆ ਕਛੁ ਭਇਉ ਕੁ ਢੰਗ ॥ 67 ॥

Digitized by Panjab Digital Library | www.panjabdigilib.org

ਬੀਰਬਲ ਬਾਚ :-

ਚੌਪਈ :- ਬੀਰਬਲ ਅਸ ਬਾਤ ਬਖਾਨੀ ॥
ਜਬਿ ਮੈ ਲੈ ਕਰ ਤੁਰਾ ਸੁ ਪਾਨੀ ॥
ਮਾਰਗ ਮੇ ਹੋਵਤ ਭਇਉ ਤੇਟਾ ॥
ਰਵਿ ਸੁਤ ਸ ਤਾਤ ਸੰਗ ਭਈ ਭੇਟਾ ॥ 68 ॥

ਜਬ ਮੋਕੇ ਚੜਿਉ ਤਿਪਿ ਭਾਰੀ ॥
ਨਹ ਕਛੁ ਹੀ ਦੇਹੁ ਸੰਭਾਰੀ ॥
ਮਾਰਗ ਮੇ ਲਾਗੀ ਤਬਿ ਡੇਰ ॥
ਧੂਮ ਰਾਇ ਸੁਤ ਲੀਨ ਸੁ ਘੇਰ ॥ 69 ॥

ਤਵ ਚਰਨਨ ਕੋ ਧਰਮ ਨ ਧਿਆਨ ॥
ਆਇਉ ਤੁਮਰੇ ਪਾਸ ਪਛਾਨ ॥
ਤੁਮਰੀ ਕ੍ਰਿਪਾ ਕਾ ਬਲੁ ਪਾਇ ॥
ਤਤ ਛਿਨ ਪੂਜਾ ਸੁ ਜਲ ਕੋ ਲਿਆਇ ॥ 70 ॥

ਸੁਨ ਕਰ ਬਚਨ ਕਰਨਾ ਰਸ ਭੀਨੋ ॥
ਬੀਰਬਲ ਕੋ ਉਤ੍ਰ ਸੁ ਦੀਨੋ ॥
ਪੂਰਨ ਭਈ ਸੁ ਤੇਰੀ ਘਾਲ ॥
ਐਸੇ ਬਚਨ ਬਖਾਨੇ ਦਿਆਲ ॥ 71 ॥

ਬਹੁਤਾ ਕਰਾ ਹੈ ਤਸਕਾ ਆਦਰ ॥
ਕਰ ਬਖਸੀਸ ਕਈ ਤਨ ਚਾਦਰ ॥
ਜਬ ਲਗ ਜੀਵੇ ਕਸਟ ਨ ਹੋਈ ॥
ਅੰਤ ਸਮੇ ਜੁਰ ਆਵੇ ਸੋਈ ॥ 72 ॥

ਦੋਹਰਾ :- ਏਹ ਚਾਦਰ ਲੈ ਪੌਢੀਉ ਅੰਤ ਸਮੇ ਤੁਮ ਬੀਰ ॥
ਗੁਰ ਪੁਰ ਮੈ ਬਾਸਾ ਕਰੋ ਨਹ ਖਾਵਹੁ ਜੀਮ ਭੀਰ ॥ 73 ॥

ਭਗਤਿ ਖਜਾਨੇ ਪੁਰ ਹੈ ਸੰਤਨ ਕੇ ਆਗਾਰ ॥
ਏਕ ਜਲੰਘ ਦਹੈ ਦਯਾ ਪਾਈ ਮੁਕਤਿ ਅਪਾਰ ॥ 74 ॥

ਗੀਆ ਛੰਦ :- ਜਪ ਤਪ ਤੀਰਥ ਬਰਤ ਜੇਤੇ ਪਰੇ ਸਭ ਤੇ ਟਹਲ ਹੈ ॥
ਜਗ ਹੋਮ ਨੇਮ ਸੁ ਪੁਨ ਧਰਮਾ ਉਪਰੇ ਵਹ ਮੈਹਲ ਹੈ ॥
ਜੋ ਕਰੈ ਭਗਤੀ ਸਾਧ ਸੰਗ ਤਿ ਤਜੈ ਮਨ ਕਾ ਗਰਬ ਹੀ ॥
ਵਹ ਪਾਇ ਮੁਕਤੀ ਅੰਤ ਔਸਰ ਤਾ ਰਹੈ ਕੁਲ ਸ੍ਰਬ ਹੀ ॥ 75 ॥

Digitized by Panjab Digital Library | www.panjabdigilib.org

ਅੜਿਲ : ਜਾ ਬਿਧ ਭਈ ਸੁਖ਼ਬੀਰ ਕੋ ਜਾਨਿਐ ॥
ਸਭ ਜਗ ਮੈ ਮਸ਼ਹੂਰ ਬਾਤ ਨਹਿ ਛਾਨਿਐ ॥
ਭਈ ਟਹਲ ਪ੍ਰਵਾਣ ਜਗਤ ਕੇ ਬੀਚ ਹੀ ॥
ਹੋ ਜਾਨਤ ਹੈ ਸਭ ਲੋਗ ਊਚ ਅਰ ਨੀਚ ਹੀ ॥ 76 ॥

ਦੋਹਰਾ :- ਭਇਓ ਸ਼ਮੋ ਜਬ ਅੰਤ ਕੋ ਅਲਪ ਸੁ ਰਹਿਓ ਆਨ ॥
ਉਛੀ ਚਾਦਰ ਅੰਗ ਮੇ ਬੀਰਨ ਲਇਉ ਪਛਾਨ ॥ 77 ॥

ਪੰਚ ਭੂਤਕ ਦੇਹ ਤਆਗ ਕੈ ਗੁਰ ਪੁਰ ਦਿਉ ਨਿਵਾਸ ॥
ਪੂਰਨ ਭਇਉ ਇਤਿਹਾਸ ਇਹੁ ਆਗੇ ਸੁਨੋ ਬਿਲਾਸ ॥ 78 ॥

ਅਠਾਰ ਸਮੋ ਧਿਆਉ ਇਹ ਸੁਨੋ ਸੰਤ ਭਇਉ ਬੀਤ ॥
ਉਨੀ ਸਮ ਆਗੇ ਵਰਨ ਹੋ ਸ੍ਰਵਣ ਕਰੋ ਸੁਭ ਰੀਤਿ ॥ 79 ॥

ਸ੍ਰੀ ਵਾਹਗੁਰੂ ਮੁਖ ਕਰੋ ਬਖਾਨ ॥
ਹਿਰਦੇ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 80 ॥

ਇਤਿ ਸ੍ਰੀ ਭਾਈ ਬੰਨੋ ਪ੍ਰਕਾਸ ਬੀਰਬਲ ਕੀ ਕਥਾ ਬਰਨਨੰ
ਨਾਮ ਅਠਾਰ ਸਮੋ ਧਿਆਇ ਸਮਾਪਤ ਮਸਤ ਸੁਭ ਮਸਤ ॥ 18 ॥

—0—

Digitized by Panjab Digital Library | www.panjabdigilib.org

ਜਿੰਨਾਂ ਦੀ ਸਾਖੀ
ਉਨਵਾਂ ਧਿਆਇ

ਦੋਹਰਾ :- ਰਾਮ ਦਾਸ ਗੁਰ ਪਗ ਪ੍ਰਾਗ ਦ੍ਰਿਗ ਮਹ ਅੰਜਨ ਪਾਇ ॥
ਭੂਤ ਭਵਿਖ ਭਵਾਨ ਜੋ ਨਿਰਖੋ ਸਭੀ ਬਨਾਇ ॥ 1 ॥
ਏਕ ਸਮੈ ਬਨ ਮਧ ਮੈ ਭਾਈ ਬੈਠੇ ਧਿਯਾਨ ॥
ਚਿਤ੍ਰ ਗੁਪਤ ਆਵਤ ਭਏ ਦੇਖੇ ਤਿਸ ਅਸਧਾਨ ॥ 2 ॥

ਦੋਧਕ ਛੰਦ : ਬੈਠਤ ਹੈ ਬਨ ਬੀਚ ਤਬੈ ਨਿਤ ॥
ਹੋਇ ਇਕਾਂਤ ਸੁ ਰੋਕਰ ਹੈ ਬ੍ਰਿਤ ॥
ਆਪਨ ਆਪ ਜਿਤੈ ਮਹਿ ਦੇਖਤ ॥
ਝੂਠ ਸੁ ਐਸ ਬਿਹਾਰ ਸੁ ਪੇਖਤ ॥ 3 ॥

ਚੌਪਈ :- ਪ੍ਰਿਥ ਸੁਰਾਜ ਰਥ ਕੀ ਅਸਵਾਰੀ ॥
ਅਸਵ ਪਾਲ ਕੀ ਚੜੇ ਸੁਧਾਰੀ ॥
ਪਸ਼ਮ ਪਟੰਬਰ ਤਿਨ ਹੈ ਧਾਰੈ ॥
ਚਾਮੀ ਕਰ ਭੂਖਨ ਹੈ ਭਾਰੇ ॥ 4 ॥

ਜਾ ਬਿਧ ਦੇਖੇ ਸਭਿ ਚਾਲਿ ਜਾਵਦਿ ॥
ਪੀਛੇ ਅਵਰ ਸੁ ਹੇਰੇ ਆਵਤ ॥
ਦੁਰਬਲ ਤਨ ਪੁਰਾਤਨ ਚੀਰ ॥
ਪਗ ਉਪਤ੍ਰਾਨਸੁ ਦੇਖੇ ਬੀਰ ॥ 5 ॥

ਹਾਥ ਜੋਰ ਜੁਗ ਨੇਨ ਮਿਲਾਇ ॥
ਚਰਨੀ ਪਰੇ ਪਾਈ ਕੀ ਜਾਇ ॥
ਤਿਨ ਕੋ ਪੂਛਤ ਭਏ ਸੁ ਭਾਈ ॥
ਕਵਨ ਤੁਮੇ ਆਵਤ ਕਤ ਜਾਈ ॥ 6 ॥

Digitized by Panjab Digital Library | www.panjabdigilib.org

ਤਿਨ ਕਰ ਜੋਰ ਕਰੀ ਅਰਦਾਸ ॥
ਸੁਨ ਮਹਾਰਾਜ ਕਹੋ ਤੁਮ ਪਾਸ
ਸ਼ਹੀਦ ਸੰਝਿਆ ਹਮਰੀ ਜਾਨ ॥
ਚਿਤ੍ਰ ਗੁਪਤਿ ਕਈ ਕਰੈ ਬਖਿਆਨ ॥ 7 ॥

ਜਗਤਿ ਬੀਚ ਜੁ ਅਹੈ ਅਗਿਯਾਨੀ ॥
ਜਿਨ ਭੂਤ ਵਹਿ ਕਰੇ ਬਧਯਾਨੀ ॥
ਚੜੀ ਜਨੇਤ ਹਮਾਰੀ ਆਜ ॥
ਰੈਨ ਮਧ ਕਰਨਾ ਹੈ ਕਾਜ ॥ 8 ॥

ਤਬ ਭਾਈ ਤਿਨ ਕੋ ਕਹਾ ਸੁਨੋ ਬਾਤ ਪ੍ਰਬੀਨ ॥
ਉਨ ਕੋ ਤਨ ਅਤਿ ਪੁਸਟ ਹੈ ਤੁਮ ਦੁਰਬਲ ਅਤਿ ਦੀਨ ॥ 9 ॥

ਚੌਪਈ :- ਚਿਤ੍ਰ ਗੁਪਤਿ ਤਬ ਬਾਤ ਉਚਾਰੇ ॥
ਕਰੋ ਅਰਜ ਸੁਨੀਐ ਚਿਤ ਧਾਰੇ ॥
ਤੁਮ ਭਾਈ ਜੀ ਪ੍ਰਉਪਕਾਰੀ ॥
ਸੁਨੋ ਬੇਨਤੀ ਏਹ ਹਮਾਰੀ ॥ 10 ॥

ਗੀਯਾ ਮਾਲਤੀ ਛੰਦ :-

ਨਵ ਖੰਡ ਸਪਤ ਸੁ ਦੀਪ ਜੇਤੇ ਸਪਤਿ ਸਾਗਰ ਜਾਨਿਐ ॥
ਸਭਿ ਦੇਸ ਅੰ ਪ੍ਰਦੇਸ ਫਿਰ ਹੈ ਮਾਤ ਲੋਕ ਪ੍ਰਮਾਨਿਐ ॥
ਨਗਰ ਨਦੀ ਨਗ ਨਰੰਦ ਨਾਗਰ ਪੀਰਪੁਰ ਮੁਲਤਾਨਹੀ ॥
ਸਭ ਠੌਰ ਮੈ ਮੁਝ ਗੰਮਤਾ ਜੁ ਅਹੈ ਜਗ ਸੁਲਤਾਨ ਹੀ ॥ 11 ॥

ਧਨ ਧਰਾ ਧਰਨੀ ਮਾਹ ਜੇਤੋ ਆਹ ਸਭਿ ਮਮ ਦਿਸਟਸੈ ॥
ਕੁਛ ਬਾਤ ਮੁਝ ਤੇ ਨਾਹ ਛਾਨੀ ਵਰਤ ਹੈ ਜੁ ਸ੍ਰਿਸਟ ਮੈ ॥
ਬਿਨ ਹੁਕਮ ਨਹ ਕਛੁ ਸਕਤ ਮੋਰੀ ਲੇਹ ਸੰਪਤਿ ਧਾਮ ਹੀ ॥
ਇਸ ਕਾਰਨੇ ਹਮ ਰਹੇ ਰੀਤੋ ਸਰੇ ਨਹ ਕਛੁ ਕਾਮ ਹੀ ॥ 12 ॥

ਦੋਹਰਾ :- ਨਹੀਂ ਭਗਤਿ ਭਗਵੰਤ ਕੀ ਨਾਹ ਭਜਨ ਜਿਹ ਧਾਮ ॥
ਤਿਹ ਪ੍ਰਵੇਸ ਹਮਾ ਹੈ ਕਰੈ ਸਰੈ ਹਮਾਰੋ ਕਾਮ ॥ 13 ॥

ਅੜਿਲ : ਔਰ ਦੇਸ ਸਭ ਗ੍ਰਾਮ ਤਿਨੈ ਲਏ ਜਾਨ ਕੈ ॥
ਤੁਮਰੋ ਦੀਨੋ ਧਾਮ ਮਝੇ ਪਹਿਚਾਨ ਕੈ ॥
ਜੋ ਕਬਹੂੰ ਘਰ ਜਾਵੇ ਤੁਮਰੋ ਆਸ ਕਰਾ ॥
ਹੋ ਹੋਇ ਨਿਰਾ ਸੈ ਆਵੈ ਮਨਹਿ ਉਦਾਸ ਧਰਾ ॥ 14 ॥

Digitized by Panjab Digital Library | www.panjabdigilib.org

ਨਿਸ ਬਾਸਰ ਸਦ ਨਾਮ ਗੁਰੂ ਕਾ ਜਾਪੀਐ ॥
ਅਵਰ ਨਾ ਕੋਈ ਬਾਤ ਸੁ ਮੁਖੋ ਅਲਾਪੀਐ ॥
ਜਾ ਕਾਰਨ ਹਮ ਭੂਖ ਪਿਆਸੇ ਰਹਤ ਹੈ ॥
ਹੋ ਦੁਰਬਲ ਤਨ ਅਤਿ ਦੀਨ ਛੀਨ ਸੁਖ ਸਹਤ ਹੈ ॥ 15 ॥

ਚੌਪਈ :-

ਜੋ ਕਾਰਜ ਕਰ ਹੈ ਗ੍ਰਿਹ ਮਾਈ ॥
ਜਪੈ ਨਾਮ ਗੁਰ ਕੋ ਸੁਖਦਾਈ ॥
ਬਿਨ ਸਤਿਨਾਮ ਨ ਅਵਰ ਉਚਾਰੈ ॥
ਇਸ ਕਰ ਹਮ ਰੀਤੇ ਰਹੇ ਦੁਵਾਰੈ ॥ 16 ॥

ਸੁਨੈ ਵਾਕ ਤਿਨ ਕੈ ਤਬ ਐਸੇ ॥
ਕਛੁ ਕਰਣਾ ਨਿਪ ਜੀ ਮਨ ਮੈਸੇ ॥
ਤਿਨ ਕੀ ਬਾਤ ਚਿਤ ਮੈ ਧਾਰੀ ॥
ਐਸੇ ਉਨ ਸੋ ਕਰਾ ਉਚਾਰੀ ॥ 17 ॥

ਅਬ ਤੁਮ ਜਾਹੂ ਬਿਜਾਹੁ ਰਰ ਲੇਹੁ ॥
ਫਿਰ ਹਮ ਕੋ ਦਰਸਨ ਆ ਦੇਹੁ ॥
ਜਬ ਆਵਤ ਤੁਮ ਹਮਰੇ ਪਾਸ ॥
ਭੋਜਨ ਕੀ ਪੂਰੋ ਤਵ ਆਸ ॥ 18 ॥

ਕਛੁ ਚਿੰਤਾ ਮਨ ਮੈ ਨਹ ਕਰੋ ॥
ਜੋ ਚਿਤ ਵੋ ਸੋਈ ਅਨ ਸਰੋ ॥
ਮਨ ਬਾਂਛਤ ਮਿਲ ਹੈ ਤੁਮ ਭੋਜਨ ॥
ਸਭਿ ਹੀ ਹੋਇ ਸੁ ਸਿਧ ਪ੍ਰਜੋਜਨ ॥ 19 ॥

ਦੋਹਰਾ :

ਸੁਨ ਕਰ ਐਸੇ ਵਚਨ ਕੋ ਮਿਲੇ ਜਾਇ ਕਰ ਮੇਲਾ ॥
ਸਮਾ ਪਾਇ ਆਵਤਿ ਭਏ ਸੁਨੋ ਸੰਤ ਇਹ ਖੇਲਾ ॥ 20 ॥

ਭਾਈ ਜੀ ਕੇ ਚਰਨ ਪਰ ਆਨ ਨਿਵਾਇਓ ਸੀਸ ॥
ਹਾਥ ਜੋਰ ਬੰਧਨ ਕਰੀ ਤੁਮ ਪੂਰਨ ਜਗਦੀਸ ॥ 27 ॥

ਚੌਪਈ :

ਭਾਈ ਜੀ ਕਾ ਕਰਾ ਦਿਦਾਰ ॥
ਮਿਲੈ ਆਨ ਕੈ ਅਤਿ ਹਿਤ ਧਾਰ ॥
ਹਮਰੀ ਤਮ ਪਰਨ ਕਰੋ ਆਸ ॥
ਬਹੁ ਖੁਧਿਆ ਲਾਗੀ ਹੈ ਪਿਆਸ ॥ 22 ॥
ਭਾਈ ਜੀ ਭਾਖੈ ਤਿਨ ਬੈਨ ॥

Digitized by Panjab Digital Library | www.panjabdigilib.org

ਅਚੋ ਆਨ ਅਜ ਕੀ ਤੁਮ ਰੈਨ ॥
ਮਨ ਅਭਿਲਾਖ ਪੂਰਨ ਤੁਮ ਕਰੋ ॥
ਕਛੁ ਚਿੰਤਾ ਮਨਮਹਿ ਨਹ ਧਰੋ ॥ 23 ॥

ਦੋਹਰਾ:- ਐਸੇ ਤਿਨੈ ਸਮੋਧ ਕੈ ਢੂਨ ਆਇ ਚਲ ਧਾਮ ॥
ਭਜਨ ਸਮੋ ਵਿਚਾਰ ਕੈ ਖਿਝਤ ਭਏ ਨਿਜ ਬਾਮ ॥ 24 ॥

ਚੌਪਈ:- ਭੋਜਨ ਕੀ ਕੀਨੀ ਕਿਵ ਡੇਰ ॥
ਪਾਰਖ ਬਚਨ ਬਦਨ ਤੇ ਟੇਰ ॥
ਸੁਨ ਬਚ ਬਿਸਮ ਭਈ ਜਗਮਾਤ ॥
ਦੋ ਕਰ ਜੋਰ ਕਹੀ ਤਿਨ ਬਾਤ ॥ 25 ॥

ਸ੍ਰੀ ਵਾਹਿਗੁਰੂ ਮੁਖ ਤੇ ਹਰੈ ॥
ਤਿਵ ਤਿਵ ਭਾਈ ਤਿਨ ਸੰਗ ਲਗੈ ॥
ਭੋਜਨ ਕਰਨ ਸਮੈ ਤਬ ਭਾਈ ॥
ਆਦਿ ਅੰਤਿ ਲਗ ਕਰੀ ਲਰਾਈ ॥ 26 ॥
ਸ੍ਰੀ ਵਾਹਿਗੁਰੂ ਮੁਖ ਮਾਤਾ ਟੇਰੇ ॥
ਚਿਤ੍ ਗੁਪਤਿ ਸੁਨ ਜਾਹੇ ਨ ਨੇਰੇ ॥
ਬਹੁਤ ਉਪਾਧ ਭਾਈ ਕਰ ਹਰਿਓ ॥
ਗੁਰ ਕੋ ਨਾਮ ਨ ਮਾਤਾ ਟਾਰਿਓ ॥ 27 ॥

ਕੁਛ ਭੋਜਨ ਨਾ ਤਿਨ ਕਰ ਆਇਓ ॥
ਖੁਧਿਆ ਮਿਟੀ ਨ ਤਿਨ ਸੁਖ ਪਾਇਓ
ਜਬਿ ਭਾਈ ਭੀਤਰ ਤੇ ਆਏ ॥
ਚਿਤ੍ ਗੁਪਤਿ ਲਾਗਤਿ ਭਏ ਪਾਇ ॥ 28 ॥

ਚਿਤ ਗੁਪਤ ਬਾਚ :—

ਭਾਈ ਜੀ ਪ੍ਰਤਿ :—

ਦੋਹਰਾ :- ਬਚਨ ਬਖਾਨੇ ਬਦਨ ਤੇ ਹਾਥ ਜੋਰ ਸਿਰ ਨਿਆਇ ॥
ਆਛੋ ਭਜਨ ਹਮ ਦਇਓ ਰਹੀ ਭੂਖ ਕਛ ਨਾਹਾ ॥ 29 ॥
ਤਿਨ ਪ੍ਰਿਤ ਭਾਈ ਭਾਖਿਆ ਸੁਨੋ ਬਾਤ ਤੁਮ ਕਾਨ ॥
ਕਲਹਿ ਕਰੀ ਹਮ ਤੁਮ ਨਿਮਿਤ ਭੋਜਨ ਪਾਵੈ ਆਨ ॥ 30 ॥

ਚੌਪਈ :- ਤਿਨ ਪ੍ਰਿਤ ਕ੍ਰਿਪਾ ਭਾਈ ਕੀਨੀ ॥
ਠੌਰ ਬਤਾਇ ਰਹਿਨ ਕੋ ਦੀਨੀ ॥

Digitized by Panjab Digital Library | www.panjabdigilib.org

ਚੋਕੀ ਤੁਮਰੀ ਰਹੈ ਦਰਬਾਰ ॥
ਸ੍ਰਵਣ ਸ਼ਬਦ ਸੁਨੋ ਨਿਰਧਾਰ ॥ 31 ॥

ਗੀਆ ਮਾਲੀਤੀ ਛੰਦ :-

ਜਬਿ ਵਰਤਿ ਹੈ ਪ੍ਰਸਾਦਿ ਈਹਾਂ
ਕਰ ਅਸ ਮਿਰ ਜਾਦ ਹੀ ॥
ਤੁਮ ਨਿਰਖੀਓ ਸੁ ਭਾਵ ਤਿਨੋ ਕੋ
ਕਰੋ ਗੁਰ ਕੋ ਜਾਦਿ ਹੀ ॥
ਜਬ ਪਰੈ ਰਉਲਾ ਤਾਹ ਮੈ
ਤਬ ਲੂਟ ਲੀਜੋ ਜਾਇਕੈ ॥
ਨਹ ਸੰਕ ਮਨ ਮਹ ਆਨੀਐ
ਨਿਸੰਕ ਪਰੀਐ ਧਾਇਕੈ ॥ 32 ॥

ਪ੍ਰਸਾਦਿ ਕੀ ਇਹੁ ਰੀਤ ਭਾਖੀ ਲੀਜੀਐ ਧਰ ਭਾਵ ਕੋ ॥
ਲੋਭ ਲਾਲਚ ਕਪਟ ਛਾਡੇ ਝੂਠ ਕੇ ਉਪਾਵ ਕੋ ॥
ਧਰ ਸਿਦਕ ਸਾਬਤ ਵੰਡ ਦੇਵੇ ਏਕ ਜੈਸੋ ਜਾਨ ਕੈ ॥
ਧਨਵਾਨ ਕਿਆ ਧਨ ਹੀਨ ਹੋਵੇ ਬਾਲ ਬਿਰਧਾ ਮਾਨਕੈ ॥ 33 ॥

ਕਰ ਈਰਖਾ ਪ੍ਰਸਾਦਿ ਵਡੇ ਧਰੇ ਮਨ ਮੈ ਲੋਭ ਹੀ ॥
ਸਦ ਕੈ ਕਰਤਾ ਸੀਸ ਤਾਕੈ ਸਹੈ ਜਮ ਕੀ ਚੋਭ ਹੀ ॥
ਵਹ ਗਾਲਿ ਹੈ ਪ੍ਰਸਾਦਿ ਤਾ ਕੋ ਰੋਗ ਦੇਖੇ ਜਾਨਿਐ ॥
ਧਨ ਨਾਸ ਹੈ ਗ੍ਰਹ ਤਾਕੈ ਹੁਇ ਖੁਵਾਰ ਕਰ ਕਰ ਮਾਨਿਐ ॥ 34 ॥

ਇਹੁ ਬਚਨ ਗੁਰ ਕੈ ਜਾਨ ਲੀਜੈ ਸਤਿ ਹਿਰਦੈ ਧਾਰ ਕੈ ॥
ਆਦਿ ਗੁਰ ਹੈ ਭਾਖਿਓ ਸਭ ਸੰਗਤਿ ਪੁਕਾਰ ਕੈ ॥
ਧਨ ਭਾਵਨਾ ਗੁਰ ਦੇਵ ਕੀ ਸੁਖੈ ਸੁਖਨਾ ਜਾ ਨਿਹੀ ॥
ਸਭਿ ਕਾਜ ਤਿਸਕੇ ਪੂਰਨ ਹੈ ਨਹ ਰੰਚ ਸੰਕਾ ਲਾਨਿ ਹੀ ॥ 35 ॥

ਦੋਹਰਾ : ਚਿਤ੍ ਗੁਪਤਿ ਪ੍ਰਤਿ ਭਾਖਿਓ ਭਾਈ ਜੀ ਅਸ ਬੈਨ ॥
ਰਹੀਓ ਤੁਮ ਦਰਬਾਰ ਮੈ ਕਰੋ ਸੁ ਮਨ ਮਹਿ ਚੈਨ ॥ 36 ॥

ਚੌਪਈ : ਮਨਤ ਮਨੋਤ ਸਿਖ ਜੋ ਮਾਨੈ ॥
ਬਰਖ ਬਤੀਤ ਹੋਇ ਨਹਿ ਆਨੈ ॥
ਤਿਨ ਕੈ ਸਦਨ ਕਰੋ ਪ੍ਰਵੇਸ ॥
ਧਰੋ ਅਨੰਦ ਬਿਲਾਸ ਵਿਸੇਸ ॥ 37 ॥

ਜੋ ਬਿਅਦਬੀ ਕਰੈ ਅਸਥਾਨ ॥

Digitized by Panjab Digital Library | www.panjabdigilib.org

ਤਿਨ ਕੋ ਦੰਡ ਦੇਨ ਪ੍ਰਵਾਨ ॥
ਆਗਿਆ ਜਾ ਬਿਧ ਭਈ ਸੁ ਭਾਈ ॥
ਚੌਕੀ ਕਰੈ ਸ਼ਹੀਦ ਬਨਾਈ ॥ 38 ॥

ਸਮਾ ਪਾਇ ਕੈ ਹੈਵ ਹੈ ਮੁਕਤਿ ॥
ਏਸ ਬਤਾਈ ਤਿਨ ਕੋ ਜੁਗਤਿ ॥
ਚਿਤ੍ਰ ਗੁਪਤਿ ਕੀ ਕਥ ਭਈ ਪੂਰੀ ॥
ਪੜੇ ਸੁਨੈ ਤਿਸ ਦੁਖ ਹੈਵ ਦੂਰੀ ॥ 39 ॥

ਸਵੈਯਾ : ਸੰਤ ਸੁ ਭਾਵ ਦਇਆਲ ਸਦਾ
ਦੁਖ ਦੂਰ ਸੁ ਦੀਨਨ ਕੇ ਕਰਿ ਹੈ ॥
ਕਰ ਪਾਵਨਿ ਤਾਹ ਅਵਾ ਅਪਾਵਨ ਕੋ
ਨਿੰਮ ਚੰਦਨ ਕੇ ਗੁਣ ਜਿਉ ਧਰ ਹੈ ॥
ਹੋਇ ਲੋਹ ਮਨੂਰ ਸੁ ਕੰਚਨ ਤੇ
ਜਬ ਪਾਰਸ ਪਰਸ ਸੁਤੇ ਸੁਤਹ ਹੈ ॥
ਕਰ ਕਾਂਕ ਤੇ ਹੰਸ ਛਿਨੇਕ ਬਿਖੈ
ਮੁਕਤਾ ਚੁਗ ਚੋਗ ਸੁਵਾ ਨਰ ਹੈ ॥ 40 ॥

ਇਹ ਕਥਾ ਪੜੈ ਸੁਨੈ ਨਰ ਨਾਰ ॥
ਭੂਤ ਪ੍ਰੇਤ ਸਾਯਾ ਮਿਟੈ ਪਾਵੈ ਸੁਖ ਅਪਾਰ ॥ 41 ॥

ਦੋਹਰਾ :- ਉਨੀਸ ਧਿਯਾਇ ਪੂਰਨ ਭਇਓ ਆਗੇ ਚਲਾ ਸੁ ਬੀਸ ॥
ਭਾਈ ਜੀ ਕੇ ਸੁਤਨ ਕੀ ਕਥਾ ਕਹੈ ਬਰਦੀਸ ॥ 42 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਯਾਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 43 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼ ਬਰਨਨ ਨਾਮ ਉਨੀਸ ਸੋਧਿ
ਆਇ ਸਮਾਪਤ ਮਸਤ ਸੁਭ ਚਿਤ੍ਰ ਗੁਰ ਕਥਾ ਮਸਤਿ ॥ 19 ॥

—0—

Digitized by Panjab Digital Library | www.panjabdigilib.org

ਬੀਸਵਾਂ ਧਿਆਇ

ਪੁਤਰਾਂ ਵਲੋਂ ਸੰਪਤੀ ਦੀ ਮੰਗ

ਦੋਹਰਾ :- ਸ੍ਰੀ ਗੁਰ ਅਰਜਨ ਦੇਵ ਕੇ ਚਰਨ ਕਮਲ ਮਨ ਧਿਆਇ ॥
ਪੂਰਨ ਕਰ ਮਨ ਭਾਵਨਾ ਜੋ ਚਿਤਵੈ ਚਿਤ ਲਾਇ ॥ 1 ॥

ਭਾਈ ਜੀ ਕੇ ਸੁਤਨ ਕੀ ਕਥਾ ਸਨੋ ਕਹੋ ਮੀਤ ॥
ਰਿਧ ਸਿਧ ਸੁਖਿਦਾਇਨੀ ਮਨਮਹਿ ਧਾਰੋ ਪ੍ਰੀਤਿ ॥ 2 ॥

ਈਸ਼ਰ ਮਾਇਆ ਪ੍ਰਬਲ ਹੈ ਨਿਰਬਲ ਇਹੁ ਜੀਵ ਜਾਨ ॥
ਜਿਵ ਚਾਹੈ ਤਿਵ ਹੀ ਕਰੈ ਬਚੇ ਬਚਾਵੈ ਗਿਆਨ ॥ 3 ॥

ਏਕ ਸਮੈ ਕੀ ਬਾਰਤਾ ਸੁਨੋ ਸੰਤ ਸਿਖ ਰਾਸ ॥
ਆਠੋ ਸੁਤ ਆਵਤ ਭਏ ਭਾਈ ਜੀ ਕੇ ਪਾਸ ॥ 4 ॥

ਚੌਪਈ :- ਆਪਸ ਮੈ ਮਿਲ ਮਸਲਤ ਕੀਨੀ ॥
ਧਨ ਲਾਲਸ ਉਰ ਮੈ ਧਰ ਲੀਨੀ ॥
ਆਠੋ ਸੁਤ ਜੁਗ ਹਾਥ ਮਿਲਾਇ ॥
ਆਵਤ ਭਏ ਸੈ ਬੈਸੇ ਜਹ ਭਾਇ ॥ 5 ॥

ਕਰੈ ਬੈਨਤੀ ਸੀਸ ਨਿਵਾਇ ॥
ਪਰੈ ਚਰਨ ਮਨ ਮੈ ਸੁ ਕੁ ਚਾਇ ॥
ਸਭਿ ਜਗ ਕੇ ਕਾਰਜ ਤੁਮ ਕਰੋ ॥
ਪਰੇ ਸਿਖ ਆਪਦ ਤਿਸ ਹਰੋ ॥ 6 ॥

ਜਾਹ ਅਰਾਧੇ ਤਿਹ ਤੁਮ ਜਾਈ ॥
ਜਹ ਕਹ ਸਿਖਨ ਹੋਇ ਸਹਾਈ ॥ 7 ॥

Digitized by Panjab Digital Library | www.panjabdigilib.org

ਜੋਇ ਭਰੋਸਾ ਤੁਮਰੋ ਕਰੈ ॥
ਤਿਨੇ ਸਭ ਸੰਕਟ ਪਰ ਹਰੇ ॥
ਸਿਧ ਮਨੋਰਥ ਤਿਸਕੋ ਕੋਈ ॥
ਜੋ ਚਿਤਵਨ ਹੈ ਮਨ ਕਰ ਕੋਈ ॥ 8 ॥

ਦੋਹਰਾ :- ਭਾਈ ਪੂਛਤ ਭਏ ਤੁਮ ਆਇ ਕਿਹ ਕਾਮ ॥
ਹਮ ਕੋ ਸੋਇ ਬਤਾਈਐ ਲੀਜੈ ਤਿਸਕਾ ਨਾਮ ॥ 9 ॥

ਚੌਪਈ :- ਹਾਥ ਜੋਰ ਕਰ ਪੂਤਨ ਆਖੀ ॥
ਸੁਨੋ ਸਿਖ ਅਬ ਤਿਨਕੀ ਸਾਖੀ ॥
ਹਮ ਆਏ ਕਛੁ ਮਨ ਧਰ ਇਛਾ ॥
ਪੂਰਨ ਕਰਨ ਜੋਗ ਤੁਮ ਸਿਛਾ ॥
ਸੰਪਤਿ ਬਿਨਾ ਜਗਤਿ ਵਿਵਹਾਰ ॥
ਨਹ ਪੂਰਨ ਹੋਵਤ ਸਤਿ ਸਾਰ ॥
ਹਮ ਪਰ ਕਛੁ ਕਰਣਾ ਤੁਮ ਕਰੋ ॥
ਮੁਖਾਰ ਬਿੰਦ ਤੇ ਬਚਨ ਉਚਰੋ ॥ 11 ॥

ਬਿਨ ਸੰਪਤਿ ਗ੍ਰਸਤੀ ਅਤਿ ਦੀਨ ॥
ਪ੍ਰਮ ਕਸ਼ਟ ਜਾਨੋ ਪ੍ਰਬੀਨ ॥
ਸਿਖ ਸਾਧ ਕੋ ਦਿਖ ਮੁਖ ਫੇਰੇ ॥
ਸਾਕ ਬੰਧ ਕੁਇ ਆਇਨ ਨੇਰੇ ॥ 12 ॥

ਜਗਤਿ ਬਿਖੈ ਪਾਵੈ ਨਹ ਆਦਰ ॥
ਜਹ ਕਹ ਤਿਸਕਾ ਹੋਇ ਨਿਰਾਦਰ ॥
ਸਭ ਕੋ ਕਰੈ ਤਿਸੀ ਕੋ ਹਾਸੀ ॥
ਬਚਨ ਬਖਾਨ ਤਾਸ ਜਮ ਗਾਸੀ ॥ 13 ॥

ਦੋਹਰਾ :- ਗ੍ਰਸਤੀ ਕੋ ਧਨ ਚਾਹੀਏ ਸਾਧੂ ਸੰਪਤਿ ਹੀਨ ॥
ਸਾਧੂ ਸੰਚੈ ਸੰਪਤਾ ਜਾਨੋ ਤਹ ਮਤਿ ਦੀਨ ॥ 14 ॥

ਚੌਪਈ :- ਜਾਕਰ ਤੁਰੇ ਜਗਤ ਕਾ ਕਾਰਜ ॥
ਸੋ ਕ੍ਰਿਪਾ ਕੀਜੈ ਜਗ ਆਰਜ ॥
ਅਵਰਨ ਇਛਾ ਹੈ ਮਨ ਮਾਹਿ ॥
ਸਾਚ ਕਹਤਿ ਤਵ ਚਰਨਨ ਪਾਹਿ ॥ 15 ॥

ਗੀਆ ਮਾਲਤੀ ਛੰਦ :-
ਬਚ ਕਹੇ ਪੂਤਨ ਸੁਨੇ ਜਬ ਹੀ ਕਿਆ ਮਨ ਬਿਚਾਰ ਹੀ ॥

Digitized by Panjab Digital Library | www.panjabdigilib.org

ਇਹੁ ਸੰਪਤਾ ਹੈ ਮਾਂਗਤੇ ਤਿਸ ਮਹ ਬਹੁਤ ਬਿਕਾਰ ਹੀ ॥
ਇਹ ਸੰਪਤਾ ਬਡ ਅਪਿਦਾ ਇਸ ਚਹੈ ਸਗਲ ਜਹਾਨ ਹੈ ॥
ਜਿਸ ਧਾਮ ਮੈ ਪ੍ਰਵੇਸ ਕਰਿ ਹੈ ਹੋਇ ਵਹ ਵੈਰਾਨ ਹੈ ॥ 16 ॥

ਜਪ ਤਪ ਤੀਰਥ ਪੱਜ ਧਰਮਾਂ ਦੇਤ ਹੈ ਭਲਾਇਕੈ ॥
ਭਜਨ ਤੇ ਬੇਮੁਖਿ ਕਰ ਹੈ ਅਪਨੇ ਮਗ ਲਾਇਕੈ ॥
ਵਹ ਗਰਬ ਸਿਉ ਬਚ ਬੋਲਹੀ ਨਹ ਕਰੇ ਕਿਸਕਾ ਭਾਵ ਹੈ ।
ਮਗ ਮਾਰ ਹੈ ਇਸ ਲੋਕ ਕਾ ਪ੍ਰਲੋਕ ਨਹ ਟਿਕ ਪਾਵ ਹੈ ॥ 17 ॥

ਇਹੁ ਆਹ ਨਾਗਨ ਕਾਰੀਆ ਮੁਖ ਦੋਇ ਰਸਨਾ ਚਾਹ ਹੀ
ਵਹ ਅੰਗ ਜਿਸ ਕੇ ਛੋਅ ਜਾਵੈ ਦਏ ਪ੍ਰਾਨ ਨਿਕਾਰ ਹੀ ॥
ਉਰ ਆਇ ਕੈ ਪ੍ਰਵੇਸ ਕੀਨੋ ਮਤਿ ਦਈ ਤਿਨ ਕੀ ਫੇਰ ਕੈ
ਧਨ ਮਾਂਗਨੇ ਕੀ ਚਾਹ ਜਾਗੀ ਕੀਓ ਮਨ ਤਿਨ ਪ੍ਰੇਰ ਕੋ ॥ 18 ॥

ਸਭ ਦੇਵ ਹੋ ਜਬਾਬ ਇਨ ਕੋ ਹੋਇ ਅਨ ਮਨ ਚਿਤ ਹੀ ॥
ਵਹ ਚਿੰਤ ਮਹ ਗਲਤਾਨ ਤਾਨਹ ਮਿਲਾ ਮੁਝ ਕੋ ਬਿਤ ਹੀ
ਇਹ ਈਸ ਕੀ ਹੈ ਮਾਇਆ ਜਿਨ ਕਰੇ ਸੁਨ ਨਰ ਦੀਨ ਹੈ ॥
ਸਿਧ ਜਤੀ ਜੋਗੀ ਦਿਗੁੰਬਾ ਸਭ ਤਾਸ ਕੇ ਅਧੀਨ ਹੈ ॥ 19 ॥

ਜਿਸਨ ਬਿਸਨ ਅਵਤਾਰ ਜੇਤਕ ਬ੍ਰਹਮ ਸੰਕਰ ਜਾਨਿਐ ॥
ਦਿਵ ਦੈਤ ਭੂਤ ਪਿਸਾਚ ਪ੍ਰੇਤੰ ਪਸੂ ਪੰਛੀ ਮਾਨਿਐ ॥
ਸਵਰਗ ਮਿਰਤ ਪੈਆਲ ਜਤਕ ਚੰਦ ਸੂਰਜ ਜੇਤ ਹੀ ॥
ਸਭ ਮੋਹ ਲੀਨੇ ਮੋਹਨੀ ਵਸ ਕਰੇ ਜੀਵ ਸਤੇਤ ਹੀ ॥ 20 ॥

ਅਬਿ ਆਨ ਕੈ ਪ੍ਰਵੇਸ ਕੀਨੋ ਰਿਦੈ ਇਨ ਕੈ ਜਾਨਿਐ ॥
ਜਿਮ ਬਚੈ ਲਾਠੀ ਸਾਪ ਮਰ ਹੈ ਜਤਨ ਸੋ ਪ੍ਰਮਾਨਿਐ ॥
ਲਾਇਓ ਨਿਕਟ ਤਾਹ ਬੁਲਾਇਕੈ ਬੈਣਾਲ ਆਦਰ ਕੀਨਿ ਹੀ
ਮਾਨ ਬਚਨ ਹਮਰੋ ਸੁਖ ਪਾਵੋ ਹੋਸੁਨ ਲੇਹ ਤੁਮ ਪ੍ਰਵੀਨ ਹੀ ॥ 21 ॥

ਬਨ ਬੀਚ ਹਮ ਕੇ ਸਾਥ ਚਾਲੋ ਕਹੀ ਸੂਪ ਸੁਲੀਜਿਐ ॥
ਨਹਿ ਬਾਤ ਇਹੁ ਕਿਸ ਪਾਸ ਭਾਖੰ ਗੁਪਤ ਰਾਖਨ ਕੀਜਿਐ
ਧਨ ਚਹੋ ਜਿਤ ਨੋਂ ਲੀਜਿਐ ਨ ਕਹੋ ਕਿਸ ਪਰ ਬਾਤ ਹੀ ॥
ਇਹ ਨੀਤ ਮੈ ਬੁਧਵੰਤ ਭਾਖੋ ਕਰੋ ਨਹ ਬਿਖਿਯਾਤ ਹੀ ॥ 22 ॥

ਦੋਹਰਾ :- ਬਚਨ ਬਖਾਨੇ ਪਿਤਾ ਨੇ ਸੁਨੋ ਪੂਤ ਤੁਮ ਕਾਨ ॥
ਸੰਪਤ ਜੇਤੀ ਚਾਹੀਐ ਤੇਤੀ ਵਿਚ ਉਦਿਆਨ ॥ 23 ॥

ਚੌਪਈ :- ਹਮਰੇ ਸੰਗ ਆਵਹੁ ਤੁਮ ਤਾਤ ॥

Digitized by Panjab Digital Library | www.panjabdigilib.org

ਕਾਹੂ ਸਿਉ ਕਹੀਓ ਨਹੀ ਬਾਤ ॥
ਇਹ ਚਾਰੋ ਚਹੀ ਅਤਿ ਹੈ ਗੁਪਤਿ ॥
ਇਨ ਕੇ ਰਾਖੈ ਜਿਵ ਕਿਵ ਲੁਪਤਿ ॥ 24 ॥

ਪਰ ਧਨ ਅਰ ਸੇਜਾ ਪਰ ਤ੍ਰਿਯਾ ॥
ਪਰ ਨਖਿਸਾਨ ਖਲ ਪਰ ਕਿਆ ॥
ਇਨ ਕੋ ਪ੍ਰਗਟ ਕਬਹੂੰ ਨ ਕਰੈ ॥
ਰਾਜ ਨੀਤ ਅਸ ਬਚਨ ਉਚਰੈ ॥ 25 ॥

ਦੋਹਰਾ :- ਮਾਨ ਅਪਿਮਾਨ ਸੋ ਅਪਨੋ ਤਰਨੀ ਉਪਮ ਉਚਾਰ ॥
ਆਪਨ ਮੁਖੋ ਨ ਸੋਭਈ ਹੀ ਇਨ ਤੀਨੋ ਨਿਰਧਾਰ ॥ 26 ॥

ਚੌਪਈ :- ਗੁਪਤਿ ਰਾਖਨਾ ਇਨ ਕਾ ਧਰਮ ॥
ਨਾਹ ਬਤਾਈਏ ਕਿਸ ਪਰ ਮਰਮ ॥
ਸੁਨ ਕਰ ਮਨ ਮਹਿ ਆਛੀ ਆਨੀ ॥
ਸਭਨ ਸੁਹਾਵਤ ਭੀ ਇਹ ਬਾਨੀ ॥ 27 ॥

ਸਵੈਯਾ :- ਜਾਤ ਭਏ ਬਨ ਨਿਰਜਨ ਮੈ
ਮਨ ਧਾਰ ਅਨੰਦ ਖੁਸ਼ੀ ਬਡ ਧਾਰੀ ॥
ਕਰ ਧਾਰ ਕਹੀ ਕਿਨ ਸੂਪ ਸੁ ਹਾਥਨ
ਸੰਪਤਿ ਕੀ ਚਿਤ ਮੈ ਹੁਸ਼ਆਰੀ ॥
ਬਟ ਪੀਪਰ ਸੇਮਰ ਆਹ ਖਜੂਰ ਸੁ
ਪੂਰ ਰਹੇ ਮਗ ਸੂਰਜ ਸਾਰੀ ॥
ਖਿਰਨੀ ਅਰ ਖਾਰਕ ਆਹ ਬਡ ਰਸ
ਸਾਥ ਰਸਾਲ ਭਰੇ ਦੁਰਮ ਭਾਰੀ ॥ 28 ॥

ਸ੍ਰੀ ਫਲ ਦਾਰਮ ਕੇ ਦਰੁ ਸੋਹਤ
ਕਟਲੀ ਔਬਦਰੀ ਫਲ ਜਾਨੋ ॥
ਤਾਲ ਤਮਾਲ ਬਿਸਾਲ ਅਹਿ ਬਾਂਸ
ਸੁ ਚੰਦਨ ਵਾਸ ਹਰੀ ਉਨ ਮਾਨੋ ॥
ਨਿੰਮ ਅਸ਼ੋਕ ਸੁ ਭੂਤ ਸੁ ਬਾਸ ਹੈ
ਧਾਤਰੀ ਕੇ ਦਰੁਮ ਆਹ ਪੁਰਾਨੋ ॥
ਸੇਵ ਬਿੰਟਕ ਬਿਦਾਮ ਘਨੇ ਖਟ
ਮੀਠ ਨਿੰਬੂ ਕਰੀ ਛੱਕਰ ਭਾਨੋ ॥ 29 ॥

ਦੋਹਰਾ :- ਅਨਿਕ ਭਾਤਿ ਕੇ ਦਰੁਮ ਤਹਾ ਫੁਲੇ ਫਲੇ ਨਿਹਾਰ ॥
ਅਪਨੀ ਸੁਫਲਤ ਕਰਨ ਹਿਤ ਨਿਰਗੰਧ ਗੰਧਾ ਲੇ ਸਾਰ ॥ 30 ॥

Digitized by Panjab Digital Library | www.panjabdigilib.org

ਭੁਜੰਗ ਪਿਯਾਤ ਛੰਦ :-

ਤਹ ਭੂਤ ਅੰ ਪ੍ਰੇਤ ਕੀ ਨਾਰ ਸੋ ਹੈ ॥
ਫਿਰੈ ਭੀਲ ਕਰਾਤਿ ਬਨ ਮਧ ਉਹੈ ॥
ਬਨ੍ ਮਾਨਸ ਦੇਖ ਕੈ ਚਿਤ ਫੋਲੇ ॥
ਕੋਰੇ ਕੋਲ ਖੇਲੰ ਬਿਸਾਲੰ ਅਮੋਲੇ ॥ 31 ॥

ਤਹਾ ਸਿੰਘ ਬੈਰਾਹ ਹੈ ਬ੍ਰਿਕ ਭਾਰੀ ॥
ਕਰੀ ਔਰ ਗੈਂਡਾ ਅਨੰਨਾ ਸੁ ਡਾਰੀ ॥
ਕੰਪ ਭਾਲ ਕੰਤਾਹ ਲੰਗੂਰ ਆਹੈ ॥
ਮ੍ਰਿਗ ਰੋਝ ਝੰਖਾਰ ਸਿਯਾਲ ਸਾਹੈ ॥ 32 ॥

ਅੜਿਲ :- ਏਲਾ ਪਾਨ ਸਪਾਰੀ ਦਾਖ ਪਛਾਨੀਐ ॥
ਗਲਾਬ ਕੇਵੜਾ ਮਰਆ ਚੰਬਾ ਮਾਨੀਐ ॥
ਹਾਰ ਸ਼ਿੰਗਾਰ ਬਧੂਪ ਸਰੂ ਅਪਾਰ ਹੈ ॥
ਹੋਸ਼ਿਤਿ ਵਰਗ ਗੁਲ਼ਾਲ ਕੁਕਮ ਨਰਗਸ ਨਾਰ ਹੈ ॥ 33 ॥

ਤੋਟਕ ਛੰਦ :- ਤਹ ਹੰਸ ਚਕੋਰ ਸੁ ਮੋਰ ਬਸੈ ॥
ਸੁਕ ਸਾਰ ਕਸਾਰ ਸਪਿਕ ਰਸੈ ॥
ਤਿਨ ਭਾਂਤ ਸੁ ਤਹਾਂ ਸਮੀਰ ਬਹੈ ॥
ਮਦ ਸੀਤ ਸੁ ਗੰਧਤ ਨੀਰ ਅਹੈ ॥ 34 ॥

ਬਨਿ ਨੰਦਨ ਕੇ ਸਮ ਫੂਲ ਰਹਿਓ ॥
ਤਿਹ ਦੇਖਤ ਹੀ ਸਭ ਸੂਲ ਗਯੋ ॥
ਜਲ ਮਾਹ ਸੁ ਤਾਲ ਗੰਭੀਰ ਭਰਾ ॥
ਤਹ ਕਲ ਖਿਰੈ ਕੁਮਦੀ ਸੁਮਰਾ ॥ 35 ॥

ਸਵੈਯਾ :- ਸੰਸੰਤ ਸਮਾਨ ਬਨਾਬਨ ਜਿਨਿਅਤ
ਨੰਦਨ ਖਾਂਡਵ ਕੇ ਅਨਹਾਰੀ ॥
ਕੇ ਰਾਵਨ ਬਾਗ ਅਸੋਕ ਅਹੈ ਕਿਧੋ
ਸਾਵਨ ਜਾਨ ਘਟਾ ਬਡਿਕਾਰੀ ॥
ਰਵਿ ਕੋ ਸੁਤ ਤਾਹ ਛਨੀਛਰ ਹੈ
ਕਿਧੋ ਮਾਵਸ ਰੈਨ ਭੈਯੰਕਰ ਕਾਰੀ ॥
ਨਿਸ ਬਾਸਰ ਨਾਹ ਨਿਹਰੀ ਅਤਿ ਹੈ
ਬਨ ਏਸ ਬਿਖੈ ਕਰਾ ਗੌਨ ਸੁ ਧਾਰੀ ॥ 36 ॥

Digitized by Panjab Digital Library | www.panjabdigilib.org

ਦੋਹਰਾ :- ਦੋਇ ਘਟੀ ਬੀਤਤ ਭਈ ਬੈਠੈ ਸਰ ਕੇ ਤੀਰ ॥
ਨਿਰਖਾ ਨਿਰਜਨ ਬਨ ਬਰੋ ਅਤਿ ਗਤਿ ਗਾਹਰ ਗੰਭੀਰ ॥ 37 ॥

ਚੌਪਈ :- ਬਸੰਤ ਸਮਾਨ ਬਨਾ ਬਨ ਗਾਈ ॥
ਬਿਨ ਭਾਈ ਹੈ ਦੂਸਰ ਕੌਨਾ ॥
ਤੁਬ ਭਾਈ ਅਸ ਬਚਨ ਬਖਾਨੇ ॥
ਸੁਨੋ ਤਾਤ ਤੁਮ ਹੋ ਸਭਿ ਸਿਆਨੇ ॥
ਕਹੀ ਕੁਦਾਲ ਸੂਪ ਲੇ ਆਵੋ ॥
ਖੋਦੇ ਇਹ ਜਾ ਡੇਰ ਨ ਲਾਵੋ ॥ 39 ॥

ਕਈ ਕਰੋੜੀ ਸੰਪਤਿ ਜਾਨ ॥
ਭਰੇ ਭੰਡਾਰ ਕੁਮੇਰ ਸਮਾਨ ॥
ਲੇਕਰ ਅਪਨੇ ਜਾਹ ਅਵਾਸ ॥
ਖਾਵਹੁ ਖਰਚੋ ਕਰੋ ਬਿਲਾਸ ॥ 40 ॥

ਦੋਹਰਾ :- ਏਕ ਬਾਤ ਤੁਮ ਸੌ ਕਹੇ ਸੁਨੋ ਤਾਤ ਮਤਮਾਨ ॥
ਭਾਵੈ ਸਿਖੀ ਰਾਖੀਐ ਭਾਵੈ ਸੰਪਤਿ ਆਨ ॥ 41 ॥

ਸਵੈਯਾ :- ਏਕ ਮਿਯਾਨ ਬਿਖੈ ਤਰਵਾਰ ਸੁ
ਨਾਹ ਟਿਕੈ ਬਿਬ ਲੇਹੁ ਨੇ ਹਾਰੀ ॥
ਦੋ ਨ੍ਰਿਪ ਦੋ ਦਿਸ ਸ੍ਰੂਪ ਦੁਈ ਸ੍ਰਿੰਘ
ਨਾਹਰ ਏਕ ਰਹੇ ਦੁਖ ਭਾਰੀ ॥
ਸਵਕਨ ਦੋਇ ਜਿਸੈ ਘਰ ਮੈ ਤਹਿ
ਧਾਮ ਬਿਖੈ ਹੁਇ ਨੀਤ ਖੁਵਾਰੀ ॥
ਨੀਤ ਬਿਖੈ ਅਸਵਾਕ ਕਹੈ ਬਿਬ
ਜਾ ਮਹੰਤ ਕਲੇਸ਼ੁ ਵਿਚਾਰੀ ॥ 42 ॥

ਦੋਹਰਾ :- ਜੇ ਸਿਖੀ ਤੁਮ ਰਾਖੀਓ ਸੰਪਤਿ ਕਰੋ ਤਿਯਾਗ ॥
ਜੇ ਸੰਪਤਿ ਕੀ ਲੌਰ ਹੇ ਨਹ ਸਿਖ ਅਨਰਾਗ ॥ 43 ॥

ਸੁਨੈ ਵਾਕ ਜਬਿ ਪਿਤਾ ਕੇ ਠਟਕ ਰਹਤ ਭਏ ਪੂਤ ॥
ਆਗੈ ਪਾਵਨ ਕਿਨ ਦਇਓ ਮਨ ਮਹਿਲਖਾ ਕਸ਼ੂਤ ॥ 44 ॥

ਚੌਪਈ :- ਕਹੀ ਦੋ ਦਾਲ ਦਾਲ ਤਿਯਾਗ ਸ੍ਰੂਪ ॥
ਜਨਮ ਨ ਹਾਰਿਓ ਹੈ ਕਹੂ ਜ੍ਰੂਪ ॥
ਭਏ ਮੌਨ ਬੈਠੇ ਉਹ ਜਾਈ ॥
ਮਾਨੋ ਰਿਖਾਨ ਸਮਾਧ ਲਗਾਈ ॥ 45 ॥

Digitized by Panjab Digital Library | www.panjabdigilib.org

ਏਕ ਮਹੂਰਤ ਲੌ ਤਿਹ ਥਾਨੇ ॥
ਭਏ ਭੂਸਨੀ ਨਾਲ ਬੋਲਾਨੇ ॥
ਸਭ ਭਈ ਅਨ ਮਿਲ ਕਰਾ ਬਿਚਾਰ ॥
ਜੇ ਸੰਪਤਿ ਲੀਜੈ ਨਿਰਧਾਰ ॥ 46 ॥

ਚਾਰ ਦਿਵਸ ਕੇ ਜੀਵਨ ਕਾਜ ॥
ਆਗੇ ਕਾ ਬਿਗਰਤ ਹੈ ਸਾਜ ॥
ਜੇ ਸਿਖੀ ਹੋਵੇ ਮਮ ਧਾਮ ॥
ਆਗੇ ਪਾਵੈ ਸੁਖ ਬਿਸ੍ਰਾਮ ॥ 47 ॥

ਜਗ ਮਹਿ ਰਹਿਨਾ ਚਾਰ ਦਿਹਾਰੇ ॥
ਸੰਪਤਿ ਬਿਨਾ ਸੁ ਲੇਹੁ ਗੁਜਾਰੇ ॥
ਆਪਸ ਮੈ ਸਭਿ ਕਰਾ ਬਿਚਾਰ ॥
ਭਾਈ ਜੀ ਪ੍ਰਿਤ ਕਹਾ ਉਚਾਰ ॥ 48 ॥

ਦੋਹਰਾ :- ਸਿਖੀ ਮੁਝ ਕੋ ਦੀਜਿਐ ਸੰਪਤਿ ਨਹ ਮਮ ਕਾਮ ॥
ਗੁਰਬਾਣੀ ਸਿਉ ਰੁਚ ਰਹੈ ਸਤਿ ਚਰਨ ਬਿਸ੍ਰਾਮ ॥ 49 ॥

ਗੀਆ ਮਾਲਤੀ ਛੰਦ :—

ਜਬਿ ਕਹੈ ਪੂਤਨ ਵਾਕ ਐਸੇ ਤਾਤ ਸ੍ਰਵਣ ਧਾਰਿਓ
ਕਰਿ ਪਿਯਾਰ ਛਾਤੀ ਨਾਲ ਲਾਇਓ ਸੀਸ ਚੁਮਾ ਸਾਰੇਓ ॥

ਦੁਰਲੰਭ ਮਾਨਸ ਜਨਮ ਪਾਇਓ
ਸਫਲ ਕਰਿ ਇਹੁ ਲੀਜਿਐ ॥
ਮਿਲ ਸਾਧ ਸੰਗਤ ਟਹਲ ਸੇਵਾ
ਭਜਨ ਪ੍ਰਭ ਕਾ ਕੀਜਿਐ ॥ 50 ॥

ਕਰ ਕਿਰਤ ਵਿਰਤ ਸੁ ਧਰਮ
ਕੀ ਦਸਵੰਧ ਗੁਰ ਕੋ ਦੇਵਈ ॥
ਦੈ ਮਨਤ ਗੋਲਕ ਸਕਤ ਜੇਤੀ
ਪਜ ਗੁਰ ਕੋ ਸੇਵਈ ॥
ਨਹ ਦ੍ਰੈਹ ਕਪਟ ਸੁ ਝੂਠ ਬੋਲੈ
ਤੋਲ ਪਰਾ ਜਾਨਿਐ ॥
ਜੋ ਵਣਜ ਕਰ ਹੈ ਧਰਮ ਕਾ
ਗ੍ਰਿਹ ਸੰਪਤਾ ਤਿਸ ਮਾਨੀਐ ॥ 51 ॥

Digitized by Panjab Digital Library | www.panjabdigilib.org

ਜੋ ਚੋਰ ਚੁਗਲੀ ਬਾਜ ਹੈ
ਕਰ ਨਿੰਦਿਆ ਜਿਸ ਕਿਸਕੀ ॥
ਪਰ ਤ੍ਰਿਯ ਰਮਤ ਜੁ ਆਰੀਆ
ਨਹ ਕਰੋ ਸੰਗਤਿ ਤਿਸਕੀ ॥
ਮਨ ਧਾਰ ਈਰਖ ਕਪਟ ਰਾਖੈ
ਕਰੋ ਜੋ ਠਗ ਬਾ ਜਈ ॥
ਨਹ ਸੰਗ ਕੀਚੈ ਤਾਸਕਾ
ਜੇ ਕਰੇ ਕੁਲ ਤਿਸ ਲਾਜਈ ॥ 52 ॥

ਜੋ ਕਰੇ ਸੰਗਤ ਸਾਧ ਕੀ
ਤਿਸ ਨਾਮ ਸਾਧ ਸੁ ਹੋਇ ਹੈ ॥
ਵਹ ਨੀਚ ਕੈ ਸੰਗ ਬੈਸ ਹੈ
ਸੁਣ ਸਗਲ ਉਤਮ ਖੋਇ ਹੈ ॥
ਜਸ ਬਾਵੰਨ ਸੰਗ ਪਾਵਨ
ਤਿਹ ਨਿੰਮ੍ ਚੰਦਨ ਜਾਨੀਐ ॥
ਮਨੂਰ ਕੰਚਨ ਕਰਤ ਹੈ
ਗੁਣ ਪਾਰਸੰ ਪ੍ਰਮਾਨਿਐ ॥ 53 ॥

ਲਟ ਕੀਟ ਭ੍ਰਿੰਗੀ ਹੋਤ ਹੈ
ਜਬ ਮਿਲੇ ਭ੍ਰਿਗੀ ਤਾਸ ਕੋ ॥
ਦੀਪ ਕੇ ਸੰਗ ਦੀਪ ਜਾਗੇ
ਕਰੇ ਹੈ ਪ੍ਰਕਾਸ ਕੋ ॥
ਇਤਿ ਆਦ ਸਿਖਿਆ ਬਹੁਤ ਦੀਨੀ
ਸੁਨੀ ਤਿਨ ਕਰ ਪ੍ਰੀਤਿ ਹੀ ॥
ਕਰ ਜੋਰ ਕੇ ਸੁਤ ਪਾਇ
ਲਾਗੇ ਚਲੇ ਐਸੇ ਰੀਤ ਹੀ ॥ 54 ॥

ਫਿਰ ਖੁਸ਼ੀ ਮਹਲ ਸੁ ਹੋਇ ਕੇ
ਅਸ ਬਚਨ ਸੁਤ ਪੈ ਭਾਖਿਓ ॥
ਮੁਝ ਆਹਾ ਖੀਸਾ ਪੂਰਨੋ
ਕਰ ਬੀਚ ਤੁਮਰੋ ਰਾਖਿਓ ॥
ਜਿਸ ਸੋਜ ਕੀ ਤੁਮ ਲੌਰ ਹੋਵੈ
ਕਰੋ ਗੁਰ ਕੋ ਜਾਦ ਹੀ ॥

Digitized by Panjab Digital Library | www.panjabdigilib.org

ਵਹ ਕਾਮ ਤੁਮਰੋ ਹੋਇ ਪੂਰੇ
ਗੁਰੂ ਕੇ ਪ੍ਰਸਾਦਿ ਹੀ ।। 55 ।।

ਬਚਨ ਏਕ ਭਵਿਖ ਭਾਖੋ ਸੁਨੋ ਮਨ ਕਰ ਖਿਆਲ ਜੀ ।।
ਸਪਤ ਪੁਸਤ ਅਵਤਾਰ ਧਾਰੋ ਸੰਪਤਾ ਬਿਸਾਲ ਜੀ ।।
ਸਕਲ ਸਖ ਸੰਸਾਰ ਕੇਰੇ ਤੋਹ ਕੋ ਭੁਗਤਾਹਿ ਹੋ ।।
ਸਭ ਵਾਸਨਾ ਤਵ ਪੁਰ ਹੋ ਅਵਾਸ ਜਨਮ ਸੁ ਪਾਇ ਹੋ ।। 56 ।।

ਦੋਹਰਾ :- ਸੰਪਤ ਪਲਟ ਸੁ ਭਰਮ ਭਇਓ ਪੂਤਨ ਕੇ ਮਨ ਮਾਹ ।।
ਕਇਓ ਨਿਰਵਰਤ ਛਿਨੇਕ ਮੈ ਸੁਧਾ ਵਾਕ ਕਹੈ ਤਾਹ ।। 57 ।।

ਚੌਪਈ :- ਪਿਤਾ ਬਚਨ ਸੁਨ ਕਰ ਸਭ ਜਾਗੈ ।।
ਅਗਿਆਨ ਨੀਂਦ ਉਰ ਦ੍ਰਿਗ ਗਈ ਭਾਗੈ ।।
ਪਰੈ ਚਰਨ ਤੇ ਸਭ ਲਟਪਈ ।।
ਛੂਟੀ ਮੂਰਛਾ ਜਨ ਸੁਧ ਪਾਈ ।। 58 ।।

ਸਵੈਯਾ :- ਬਨ ਤਿਅਗ ਕੇ ਧਾਮ ਪ੍ਰਵੇਸ ਕਰਾ
ਸਭ ਆਪ ਸੁ ਆਪਨੇ ਕਾਰਜ ਲਾਗੇ ।।
ਸਭ ਦੇਸ ਪ੍ਰਸਿਧ ਭਈ ਬਤੀਆ
ਸੁਨ ਕੈ ਅਸ ਬਾਤ ਸਬੈ ਅਨਰਾਗੇ ।।
ਨਿਕਟ ਸੁ ਗਾਵ ਕੋ ਲੋਗ ਅਹੈ
ਨਿਸ ਜਾਤ ਭਏ ਤਿਸ ਠੌਰ ਸੁ ਪਾਗੇ ।।
ਲੇ ਸੂਪ ਕਹੀ ਕਰ ਪੂਟਤ ਹੈ ਕਛੁ
ਨਾਲ ਲਹਤਿ ਨਹੀਂ ਵਹ ਜਾਗੇ ।। 59 ।।

ਚੰਕਨ ਰੁਕਮ ਸੁ ਲਾਲ ਮਣੀ
ਮੁਕਤਾਹਲ ਰਤਨ ਜਵਾਹਰ ਭਾਰੀ ।।
ਮਾਣਕ ਬੰਜਰ ਪਰਵਾਲ ਜਿਤੇ ਸਭ
ਹੋਤਿ ਭਏ ਤਿਸ ਠੌਰ ਸੁ ਛਾਰੀ ।।
ਬਡ ਸੂਪ ਸੋ ਪੂਰ ਕੋ ਕਾਢਤ ਹੈ ਹੁਇ
ਰਾਖ ਸੁ ਕੋਇਲਨ ਕੇ ਸੁ ਅੰਬਾਰੀ ।।
ਭਾਗ ਬਿਨਾ ਨਿਧ ਨਾਹ ਮਿਲੈ
ਚਲ ਜਾਇ ਤਹਾਂ ਗਿਰ ਕੰਚਨ ਭਾਰੀ ।। 60 ।।

ਪੂਰਬ ਪੁਨ ਸੁ ਹੋਤ ਉਦੈ
ਤਪ ਤੀਰਥ ਬ੍ਰਤ ਸੁ ਦਾਨ ਕਰੇ ।।

Digitized by Panjab Digital Library | www.panjabdigilib.org

ਜਪ ਜਾਪ ਜਗਾਦਤ ਕਰਮ ਭਨੇ
ਪਠ ਬੇਦ ਪੁਰਾਨ ਸੁ ਥਾਨ ਸਰੇ ॥
ਕੈਸੇ ਕਰੇ ਸਤਿ ਸੰਗਤਿ ਕੀ
ਗਹਿ ਖਗ ਭਲੇ ਰਣ ਜੁਝ ਮਰੇ ॥
ਇਨ ਜਤਨਨ ਤੇ ਨਿਧ ਪਾਵਤ ਹੈ
ਨਹੀਂ ਅਵਰ ਉਪਾਵ ਤੇ ਪਾਨ ਪਰੇ ॥ 61 ॥

ਗੀਆ ਮਾਲਤੀ ਛੰਦ :-

ਜਬ ਪਰੇ ਬਿਪਤਾ ਪੁਰਸ ਕੋ
ਭਈ ਨਾਸ ਸਪਤਿ ਜਾਨਿਐ ॥
ਸਭ ਰੋਗ ਸੋਗ ਬਿਜੋਗ
ਤਾਤਨ ਕਸਟ ਆਦਕ ਮਾਨਿਐ ॥
ਮਿਲ ਸਾਧ ਸੰਗਤਿ ਸੇਵ ਕਰਿਹੈ
ਜਪੈ ਨਾਮ ਗੋਬਿੰਦ ਹੀ ॥
ਤਹ ਦੂਖ ਭੂਖ ਸੰਤਾਪ ਨਾਸੈ
ਲਗੈ ਨਹਿ ਕਛੁ ਬਿੰਦ ਹੀ ॥ 63 ॥

ਦੋਹਰਾ :- ਪੜੇ ਸੁਨੈ ਮਨ ਲਾਇ ਜੋ ਲੋਭ ਲਹਰ ਤਿਹ ਜਾਇ ॥
ਸਤਿ ਸੰਗਤਿ ਹਿਰਦੇ ਬਸੇ ਗੁਰ ਚਰਨਨ ਗਤਿ ਪਾਇ ॥ 64 ॥
ਆਗੇ ਧਿਆਇ ਇਕੀਸਵੋ ਬੀਸਕ ਪੂਰ ਪ੍ਰਸੰਗ ॥
ਗੁਰ ਕ੍ਰਿਪਾ ਤੇ ਭਾਖਿਓ ਸੁਨੋ ਸੰਤ ਧਰ ਰੰਗ ॥ 65 ॥

ਸ੍ਰੀ ਵਾਹਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਪੂਤਨ ਧੰਨ ਮਾਗਿਓ ਨਾਮ
ਬੀਸਮੋ ਧਿਆਇ ਸਮਾਪਤੰ ਮਸਤ ਸੁਭ ਮਸਤ ॥ 20 ॥

—0—

Digitized by Panjab Digital Library | www.panjabdigilib.org

ਇਕਵੀਂ ਧਿਆਇ

ਦੋਹਰਾ :- ਖਸਟਮ ਹਰਿ ਗੋਬਿੰਦ ਗੁਰ ਦੇਗ ਤੇਗ ਹੁਸੀਆਰ ।।
ਚਰਨ ਕਮਲ ਕਰ ਬੰਦਨਾ ਦੇਹੁ ਮਨੀਖਾ ਸਾਰ ।। 1 ।।
ਅਬ ਪ੍ਰਸੰਗ ਬਰਨਨ ਕਰੋ ਸੁਨੋ ਸਿਖ ਧਰ ਧਿਆਨ ।।
ਭੂਲ ਚੂਕ ਮੁਝ ਬਖਸਿਓ ਦਾਸ ਆਪਨੋ ਜਾਨ ।। 2 ।।

ਸਵੈਯਾ :- ਜਿਹ ਠੌਰ ਬਿਖੈ ਦਰਬਾਰ ਅਹੈ
ਤਿਹ ਨਾਮ ਜੰਡੋਰ ਕਹੈ ਸਭ ਕੋਈ ।।
ਪਰਮ ਪੁਨੀਤ ਹੈ ਸੁਧ ਥਿਰਾ ਕਲ
ਕਾਲ ਬਿਖੈ ਅਸ ਅਵਰ ਨ ਹੋਈ ।।
ਕਬ ਗੁਪਤ ਕਬੀ ਵਹ ਪ੍ਰਗਟ ਹੈ
ਫਿਰ ਲੋਪ ਕਬੀ ਹੋਇ ਜਾਬਤ ਸੋਈ ।।
ਅਮਰ ਪੁਰੀਸੁਰ ਜਾਨਤ ਹੈ ਇਹੁ
ਆਹਿ ਪ੍ਰਸਿੱਧ ਬਿਖੈ ਤਿਨ ਲੋਈ ।। 3 ।।

ਗੀਆ ਮਾਲਤੀ ਛੰਦ :

ਜਬ ਰਹੈ ਬਾਸਰ ਜਾਮ ਪਿਛਲੋ ਆਪ ਭਾਈ ਆਵਈ ।।
ਸਤਿ ਸੰਗ ਕੇ ਪ੍ਰਸੰਗ ਨੀਕੋ ਕਥਾ ਕੀਰਤਨ ਗਾਵਈ ।।
ਇਕ ਬਾਰ ਸੀਤਲ ਆਨ ਕੈ ਸਿਖ ਸਾਧ ਕੋ ਪਿਲਾਤ ਹੈ ।।
ਇਕ ਟੇਹਲ ਚਾਪੀ ਕਰਤ ਹੈ ਇਕ ਬੀਜਨਾ ਝੁਲਾਤਿ ਹੈ ।। 4 ।।

ਇਕ ਬਚਨ ਸੁਨ ਗੁਰ ਗ੍ਰੰਥ ਕੇ
ਵਹ ਸਵਾਸ ਉਰਧ ਲੋਤ ਹੈ ।।
ਰਵ ਤਾਤ ਕਾ ਭੈਮਾਨ ਇਕ
ਦਾਨ ਕਰਤੇ ਦੇਤ ਹੈ ।।

Digitized by Panjab Digital Library | www.panjabdigilib.org

ਇਕ ਪਠੈ ਬਾਣੀ ਪ੍ਰੇਮ ਸੋ
ਇਕ ਬੈਠ ਧਿਆਨ ਲਗਾਤ ਈ ॥
ਮਨ ਰੋਕ ਬਡ ਜਤਨ ਸਿਉ
ਫਿਰ ਨਿਕਰ ਕੈ ਵਹਿ ਜਾਤ ਈ ॥ 5 ॥

ਇਕ ਜੋਗ ਜੋਗੀ ਸਾਧ ਤੇ
ਇਕ ਕਰਤ ਅਲਪ ਅਹਾਰਿ ਹੈ ॥
ਇਕ ਬਚਨ ਗੁਰ ਕੈ ਮਾਨ ਕੈ
ਰਿਦ ਮਧ ਧਰਤ ਵਿਚਾਰ ਹੈ ॥
ਇਕ ਕਰਤ ਚਰਚਾ ਬ੍ਰਹਮ ਕੀ
ਨਿਰਬਾਣ ਪਦ ਨਿਰ ਧਾਰਈ ॥
ਤਿਨ ਨਾਹ ਸੰਸਾ ਮੁਕਤਿ ਕੋ
ਵਹ ਜਨਮ ਮਰਨ ਨਿਵਾਰਿਈ ॥ 6 ॥

ਇਕ ਪਠੈ ਸੰਥਾ ਗ੍ਰੰਥ ਕੀ ਕਰੈ ਸਬਦ ਕੋ ਵਿਚਾਰ ਹੈ ॥
ਦ੍ਰਿਸਟ ਮਾਨ ਸਭਿ ਹੈ ਮਿਥਿਆ ਜੇਤ ਨੇ ਸੰਸਾਰ ਹੈ ॥
ਇਹੁ ਆਹ ਧੂਏ ਧਵਲ ਰੋ ਗੰਧ੍ਰਬ ਨਗਰੋ ਜਾਨਿਐ ॥
ਮ੍ਰਿਗ ਤ੍ਰਿਸਨਾ ਨਦ ਨੀਰ ਭਾਸੈ ਸੀਪ ਰੂਪਾ ਮਾਨਿਐ ॥ 7 ॥

ਅਹਿਭਾਸ ਰਸਰੀ ਬੀਚ ਹੀ
ਤਰ ਜੜੀ ਪ੍ਰਿਥਵੀ ਤ੍ਰੈਰ ਹੈ ॥
ਨਹ ਨਿਕਟ ਭਰਮ ਕਰ ਜਾਤਿ ਹੈ
ਨਰ ਡਰਤ ਨਹ ਕੋ ਛੈਰ ਹੈ ॥
ਜਬ ਜਗੇ ਦੀਪਕ ਚਾਂਦ ਨਾ
ਹੋਇ ਜਾਤ ਅੱਧ ਬਿਨਾਸਈ ॥
ਤਸ ਜਗੈ ਜੋਤ ਸੁ ਗਿਆਨ ਕੀ
ਆਗਿਆਨਤਾ ਹੋਇ ਨਾਸਈ ॥ 8 ॥

ਸਵੈਯਾ : ਇਕ ਦਿਵਸ ਸੁ ਐਸ ਅਚੰਭ ਭਇਓ
ਸੁਨੋ ਸੰਤ ਕਰੋ ਤੁਮ ਪਾਸ ਵਿਚਾਰੀ ॥
ਦਿਵਾਨ ਲਗੋ ਸਤਿ ਸੰਗਤਿ ਕੋ
ਸਭਿ ਪੰਗਤਿ ਨਾਮ ਜਪੈ ਸੁ ਮੁਰਾਰੀ ॥
ਤਿਰਨ ਕੋ ਛਪਰੋ ਤਹ ਬਾਂਧ ਕਰਾ
ਨਹ ਧੂਪ ਲਗੈ ਇਸ ਠੌਰ ਮਝਾਰੀ ॥

Digitized by Panjab Digital Library | www.panjabdigilib.org

ਨਹ ਪਵਨ ਕੋ ਗਵਨ ਸੁ ਹੋਤ ਭਇਓ
ਵਹਿ ਕਾ ਪਤਿ ਹੈ ਅਤਿ ਸੈ ਬਡਭਾਰੀ ॥ 9 ॥

ਦੋਹਰਾ :- ਨਹ ਆਇਓ ਭੁਇ ਕੰਪ ਕਛੁ ਨਹ ਚਾਲੀ ਕਛੁ ਪੌਣ ॥
ਨਹ ਕਿਨ ਇਨੈ ਹਲਾਇਓ ਕਾਂਪਤ ਕਾਰਨ ਕਵਨ ॥ 10 ॥

ਤੋਟਕ ਛੰਦ :- ਮਿਲ ਆਪਸ ਮ ਸੁ ਬਿਚਾਰਤ ਹੈ ॥
ਮੁਖ ਭਾਖਤ ਨਾ ਰਿਦ ਧਾਰਤਿ ਹੈ ॥
ਤਿਨ ਕੀ ਕਛੁ ਬ੍ਰਿਤ ਉਥਾਨ ਲਖੀ ॥
ਸਭਿ ਸੰਗਤ ਕੋ ਅਸ ਬਾਤ ਅਖੀ ॥ 11 ॥

ਬ੍ਰਿਤ ਨੈ ਤੁਮਰੀ ਸੁ ਉਦਾਸ ਭਈ ॥
ਕਥ ਛਾਡ ਕੰਕੌਨ ਸੁ ਪਾਸ ਗਈ ॥
ਕਹੁ ਸਾਰ ਬਿਚਾਰ ਸੁਧਾਰ ਮੁਝੈ ॥
ਗਰ ਕੋ ਛਡਿ ਨਾਮ ਕਿ ਕਾਮ ਰੁਝੈ ॥ 12 ॥

ਕਰ ਜੋਰ ਕਿ ਸੰਗਤਿ ਐਸ ਕਹਾ ॥
ਜਸ ਬਾਤ ਲਖੀ ਮੁਖ ਤੈਸ ਅਹਾ ॥
ਇਸ ਜੰਡ ਕਿ ਸੰਗ ਤ੍ਰਿਣਾਲ ਲਖੰ ॥
ਦਿਰੜ ਬੰਧਨ ਸੋ ਤਿਨ ਪਾਇ ਰਖੰ ॥ 13 ॥

ਨਹ ਪੌਨ ਪ੍ਰਚੰਡ ਬਘੁਰ ਚਲਾ ॥
ਦਿਵ ਭੂਤ ਪਿਸਾਚ ਨ ਪ੍ਰੇਤ ਰਲਾ ॥
ਭਇ ਚਾਲ ਖਿਆਲ ਨ ਕੋ ਦਿਖਿਓ ॥
ਇਹ ਕੰਪ ਪਤਿ ਛਪਿ ਰਹੈ ਪਿਖਿਓ ॥ 14 ॥

ਇਸ ਕਾਰਨ ਬ੍ਰਿਤ ਉਥਾਨ ਭਈ ॥
ਨਹ ਪਾਸ ਤੁਮੈ ਮੁਝ ਹੈ ਸੁ ਕਈ ॥
ਬਡਿ ਹੋਤ ਅਚੰਭ ਅਪਾਰ ਤਹਾਂ
ਤੁਮ ਬੈਠ ਰਹੇ ਵਿਦਮਾਨ ਜਹਾਂ ॥ 15 ॥

ਦੋਹਰਾ :- ਤਬ ਭਾਈ ਬੋਲਤ ਪਏ ਸੁਨੋ ਸਿਖ ਸੁਰ ਗਿਆਨ ॥
ਦਖਛਨ ਤਿਸਤੇ ਜਮ ਆਇਓ ਉਤ੍ਰ ਗਇਓ ਪਛਾਨ ॥ 16 ॥

ਬਾਮ ਭੁਜਾ ਕੀ ਅੰਗੂਰੀ ਨਾਨੀ ਜਾਨ ਸੁ ਬੀਰ ॥
ਚਮਕ ਚਲਾ ਬਡਿ ਬੇਗ ਸਿਉ ਤਾਤੇ ਲਗਯੋ ਸਮੀਰ ॥ 17 ॥

Digitized by Panjab Digital Library | www.panjabdigilib.org

ਨਰਾਜ ਛੰਦ :- ਦਿਸਾ ਸੁ ਆਹ ਦਛਣੀ ਪੁਰੀ ਜਮ ਸੁ ਜਾਨਿਐ ॥
ਰਵੀ ਸੁ ਤਾਤ ਬਾਸ ਹੈ ਸੁ ਤਾਹ ਮੈ ਪ੍ਰਮਾਨਿਐ ॥
ਸੁ ਭੇਜ ਦੇਤ ਦੂਤ ਕੋ ਜਿਸੈ ਸੁ ਪ੍ਰਾਣ ਅੰਤ ਹੀ ॥
ਸੁ ਜੈਸ ਕਰਮ ਕਰੰਤ ਹੈ ਸੋ ਭੋਗ ਤੈਸ ਜੰਤ ਹੀ ॥ 18 ॥

ਸੁ ਦੂਖ ਤਾਹ ਦੇ ਰਹੈ ਜੋ ਪਾਪ ਕੋ ਕਮਾਤ ਹੈ ॥
ਜੋ ਨਾਮ ਤੇ ਬਿਮੁੱਖ ਹੈ ਸਜਾਇ ਕੋ ਸੁ ਪਾਤ ਹੈ ॥
ਸੁ ਭੋਗ ਭੋਗਦੋਜਕੰ ਸੁ ਜੋਨ ਮਧ ਪਾਇਕੈ ॥
ਸੁ ਪਰੇਤ ਭੂਤ ਦੇਵ ਆਦਿ ਜਨਮ ਮੈ ਲਿਆਇਐ ॥ 19 ॥

ਜੁ ਪਾਪ ਜੀਵ ਜੀਵ ਕਾ ਕਿ ਹੇਤ ਹੈ ਕਮਾਵ ਤੇ ॥
ਜਮੰ ਸੁਮਾਰ ਖਾਤ ਹੈ ਸੁ ਫੇਰ ਪਛਤਾਵਤੇ ॥
ਨਰਕੰ ਦੁਖ ਭੋਗਈ ਅਰਕ ਤਾਤ ਧਾਮ ਮੈ ॥
ਅਗਨ ਆਂਚ ਜਾਲਈ ਨ ਪਾਵਤੇ ਅਰਾਮ ਮੈ ॥ 20 ॥

ਜੋ ਸਾਧ ਸੰਗ ਹੈ ਕਰੇ ਜਪੈ ਸੁ ਏਕ ਨਾਮ ਹੈ ॥
ਸੁ ਲੋਕ ਮਾਤ ਮੈ ਸੁਖੀ ਪ੍ਰਲੋਕ ਸੂਖ ਧਾਮ ਹੈ ॥
ਸੁ ਪੂਰ ਕਾਮਨਾ ਤਿਸੈ ਨ ਊਨਤਾ ਪਛਾਨਿਈ ॥
ਸੁ ਸੰਪਤਾ ਨਿਵਾਸ ਤਾਸ ਸੁਖ ਦੇਹ ਮਾਨਿਈ ॥ 21 ॥

ਸਰੀਰ ਅੰਤ ਕੇ ਸਮੇ ਦਿਦਾਰ ਸੰਤ ਹੋਤ ਹੈ ॥
ਕਿ ਪਿਤ੍ ਮਿਤ੍ ਬੰਧ ਕੋ ਸੁ ਬੰਧ ਦੂਖ ਖੋਤ ਹੈ ॥
ਰਥੰ ਰਜੰ ਤੁਰੰਗ ਕੋ ਸੁ ਹੋਤ ਹੈ ਅਸਵਾਰ ਹੀ ॥
ਵਈ ਤਰੰਨ ਆਦ ਨਦਿ ਤੇ ਸੁ ਹੋਤ ਹੈ ਸੁ ਪਾਰ ਹੀ ॥ 22 ॥

ਦੋਹਰਾ :- ਸੰਤਨ ਕੋ ਸੁਖ ਹੋਤ ਹੈ ਮਿਲੈ ਅਸੰਤਨ ਦੂਖ ॥
ਮਨ ਮੁਖ ਭੋਗੇ ਨਰਕ ਕੋ ਇਤ ਉਤਮਰੈ ਸੁ ਭੂਖ ॥ 23 ॥

ਚੌਪਈ :- ਸੁਨੀ ਕਥ ਜਮ ਕੀ ਜਬਿ ਐਸੇ ॥
ਬਰਨ ਸੁਨਾਈ ਭਾਈ ਤੈਸੇ ॥
ਭਈ ਤੁਸਨੀ ਸੰਗਤ ਸਾਰੀ ॥
ਸਨ ਸਭ ਤਰਾਸਤ ਭਏ ਸ ਭਾਰੀ ॥ 24 ॥

ਦੋਹਰਾ :- ਏਕ ਮਹੂਰਤ ਲੋ ਸਤੇ ਤਰਾਸ ਮਾਨ ਭਏ ਆਨ ॥
ਬਹੁਰੋ ਸੰਝਿਆ ਪਾਇਕੈ ਬਸੈ ਜੁ ਘਟਿ ਮੈ ਪ੍ਰਾਨ ॥ 25 ॥

ਚੌਪਈ :- ਹੁਇ ਸੂਚੇਤ ਪੂਛਤ ਵਰਤੰਤ ॥

Digitized by Panjab Digital Library | www.panjabdigilib.org

ਜਮ ਕੋ ਐਸੇ ਤਰਾਸ ਬਿਅੰਤ ॥
ਬਾਮ ਭੁਖ ਜਾ ਕੀ ਆਂਗਰ ਨਾਨੀ ॥
ਲਾਗਤ ਪਵਨ ਸੁ ਛਾਨ ਕੰਪਾਨੀ ॥
ਜ਼ਮ ਕੰਕਰ ਕੋ ਦਰਸਨ ਭਾਰੀ ॥
ਆਗੈ ਦਰਗਹਿ ਕਰੇ ਖੁਵਾਰੀ ॥
ਕਰੋ ਕ੍ਰਿੰਪਾ ਸੰਗਤਿ ਪਰ ਭਾਈ ॥
ਲੋਕ ਪ੍ਰਲੋਕ ਸੁ ਹੋਇ ਸਹਾਈ ॥ 27 ॥

ਦੋਹਰਾ :- ਸਭਿ ਸੰਗਤਿ ਕੀ ਬੇਨਤੀ ਸੁਨੀ ਸੁ ਭਾਈ ਕਾਨ ॥
ਹੁਇ ਪ੍ਰਸੰਨ ਐਸੇ ਕਹਾ ਸੁਨੋ ਸੰਤ ਸੁਰ ਗਿਯਾਨ ॥ 28 ॥

ਕਰਨੀ ਵਾਲੇ ਸਿਖ ਜੋ ਤਿੰਨ ਕਿਆ ਵਿਸਵਾਸ ॥
ਨਾਮ ਧਰੀਕ ਵਖਾਨੀਐ ਜਹੈ ਨ ਜਮਕੇ ਪਾਸ ॥ 29 ॥

ਤੋਟਕ ਛੰਦ :- ਤਿਨ ਤੀਨ ਸੁ ਕੋਸ ਚੁਫੇਰ ਸਹੀ ॥
ਇਸ ਗਾਉ ਕੇ ਪਾਸ ਸੁ ਜਾਨ ਮਹੀ ॥
ਤਿਸ ਭਮ ਬਿਖੈ ਸਿਖ ਜੋ ਬਸਿ ਹੈ ॥
ਜਮ ਕੰਕਰ ਦਾਮ ਮਿਨਾ ਫਸਿ ਹੈ ॥ 30 ॥

ਮੁਖ ਅਸ ਬੈਨ ਕਹੈ ਜਬਿ ਹੀ ॥
ਸੁਨ ਸੰਗਤ ਚੈਨ ਕਰਾ ਤਬਿ ਹੀ ॥
ਰਵ ਤਾਤ ਕੋ ਭ ਮਨ ਨਾਹ ਲਖੋ ॥
ਗੁਰ ਪਾਇਨ ਮੈ ਸਭ ਚੀਤ ਰਖੋ ॥ 31 ॥

ਅੜਿਲ :- ਪ੍ਰਮ ਪਵਿਤ੍ਰ ਪੁਨੀਤ ਭੂਤ ਇਹੁ ਜਾਨੀਐ ॥
ਜਾ ਕੈ ਸਮ ਤ੍ਰੈ ਲੋਕ ਬਿਖੈ ਨਹ ਮਾਨੀਐ ॥
ਜਪੀਐ ਜਾਮੈ ਨਾਮ ਸੁ ਸੰਤਿ ਨਿਵਾਸ ਹੈ ॥
ਹੋ ਤਾਮੈ ਸੰਸੋ ਨਾਹਨ ਜਮ ਕੋ ਤਰਾਸ ਹੈ ॥ 32 ॥

ਸਵੈਯਾ :] ਸਿਖ ਕੋ ਦਰਸਨ ਹੋਇ ਹੈ ਸਿਖ ਕੋ
ਪਿਤਰਨ ਕੋ ਕੇ ਬਾਧਵ ਜਾਨੋ ॥
ਜਮ ਕੀ ਨਹ ਕਾਨ ਕਨੋਡ ਕਿਸੇ
ਗੁਰ ਧਾਮ ਬਸ ਸੁਖ ਸ ਪ੍ਰਮਾਨ ॥
ਲੋਕ ਪ੍ਰਲੋਕ ਕੇ ਭੋਗ ਹੈ ਜੇਤਕ
ਤੇਤਕ ਹੀ ਸਭ ਤਾਹ ਪਛਾਨੋ ॥
ਦਵਾ ਦਸ ਕੋਸ ਕੋ ਆਹ ਮਹਾਤਮ

Digitized by Panjab Digital Library | www.panjabdigilib.org

ਮੋਖ ਕੋ ਮਾਰਗ ਮੇ ਗਲਤਾਨੋ ॥ 33 ॥

ਗੀਆ ਮਾਲਤੀ ਛੰਦ :—

ਫਿਰ ਬਚਨ ਮੁਖ ਅਸ ਭਾਖਿਆ
ਸੁਨੋ ਸਿਖ ਸੰਗਤਿ ਸਾਚ ਹੀ ॥
ਇਸ ਨਗਰ ਮੇ ਜੋ ਛਾਡ ਦੇਹੀ
ਨਾਮ ਮੇ ਬ੍ਰਿਹ ਰਾਤਿ ਹੀ ॥
ਨਹ ਜਾਗ ਹੈ ਤਹ ਦੀਪਕ
ਦਾਸ ਦਿਵਸ ਕ ਪ੍ਰਮਾਨਿਐ ॥
ਜਿਸ ਜਾਵਨਾ ਜਮ ਮਾਰਗੰ
ਤਿਸ ਪਾਛ ਇਹੁ ਸੁ ਜਾਨਿਐ ॥ 30 ॥

ਗੁਰ ਸਿਖ ਗੁਰ ਕੇ ਥਾਮ ਜਾਵੇ
ਜਗੇ ਕੋਟ ਚਰਾਗ ਹੈ ॥
ਕਈ ਚੰਦ ਸੂਰਜ ਬਿਜਲੀ ਨਹੀਂ
ਲਵੈ ਤਨ ਕੇ ਲਾਗਿ ਹੈ ॥
ਗੁਰ ਗ੍ਰੰਥ ਕੋ ਤਹਿ ਪਾਠ
ਹੋਵੈ ਸਬਦ ਕੀਰਤਨ ਜਾਨਿਐ ॥
ਫਿਰ ਕੀਜਿਐ ਕੜਾਹ ਗੁਰ ਕੋ
ਸਿਖ ਕੋ ਹਿਤ ਮਾਨੀਐ ॥ 32 ॥

ਅਰਦਾਸ ਕਰਕੇ ਵੰਡ ਦੇਵੇ ਸਰਬ ਕੋ ਸਮ ਭਾਵ ਹੀ ॥
ਤਿਸ ਸਿਖ ਕੀ ਕਲਿਆਨ ਹੋਵੇ ਪੂਰੀ ਗੁਰ ਕੀ ਜਾਵ ਹੀ ॥
ਦੀਪ ਆਦਿਕ ਕਰਮ ਜੇਤੇ ਆਹ ਮਨ ਕਾ ਭਰੰਮ ਹੈ ॥
ਭਗਤ ਕੋ ਕਛੁ ਲੇਪੁ ਨਾਹੀ ਗ੍ਰਸਤਿ ਕਾ ਇਹੁ ਕਰਮ ਹੈ ॥ 36 ॥

ਚੌਪਈ :- ਜਾਬਿਧ ਸੁ ਮੁਖ ਤੇ ਕਹੈ ॥
ਸੁਨ ਕਰ ਸਿਖਨ ਗੁਰਨ ਸੁ ਕਏ ॥
ਕਈ ਕਾਲ ਦੀਪਕ ਦਯੋ ਤਿਆਗਾ ॥
ਬਹੁ ਚਿਰ ਤੇ ਪੀਛੇ ਫਿਰ ਜਾਗਾ ॥ 37 ॥

ਜਮ ਕੀ ਕਥਾ ਐਸ ਸੁਨ ਪਾਈ ॥
ਸੋ ਹਮ ਤੁਝ ਪੈ ਭਾਖ ਸੁਨਾਈ ॥
ਆਗੇ ਅਵਰ ਗਾਥਾ ਸੁਨ ਲੀਜੈ ॥
ਸਰਵਣ ਮੇ ਰਸ ਅੰਮ੍ਰਿਤ ਪੀਜੈ ॥ 38 ॥

Digitized by Panjab Digital Library | www.panjabdigilib.org

ਦੋਹਰਾ :- ਜਮ ਆਗਮ ਕੀ ਕਥਾ ਇਹ ਪੂਰਨ ਲਈ ਤਮਾਮ ॥
ਪੜੇ ਸੁਨੇ ਜੋ ਪ੍ਰੀਤ ਕਰ ਜਾਇ ਨ ਰਵਿ ਸੁਤ ਧਾਮ ॥
ਪੂਰਨ ਭਇਓ ਪ੍ਰਸੰਗ ਇਹ ਏਕ ਬੀਸ ਮੋ ਅੰਕਾ ॥
ਆਗੇ ਕਥਾ ਬਈਸਵੀ ਤੁਮ ਪ੍ਰਿਤ ਕਹੋ ਨਿਸੰਕਾ ॥ 40 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੇ ਧਾਰ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਕਹੈ ॥ 41 ॥

ਇਤਿ ਸ੍ਰੀ ਭਾਈ ਬੰਨੋ ਪ੍ਰਕਾਸ ਜਮ ਆਗਾਮ ਕੀ ਕਥਾ ਪ੍ਰਸੰਗ ਲਿਖ ਅਤੇ ਇਕੀ ਸਮੋ ਧਿਆਇ ਸਮਾਪਤ ਮਸਤ ਸੁਭ ਮਸਤ ॥ 21 ॥

—0—

Digitized by Panjab Digital Library | www.panjabdigilib.org

ਬਾਈਵਾਂ ਧਿਆਇ

ਦੋਹਰਾ :- ਸਪੰਤਮ ਸ੍ਰੀ ਹਰਿ ਰਾਇ ਗੁਰ ਚਰਨ ਕਵਲ ਬਲਹਾਰ ॥
ਦੋਇ ਬੀਸਕਥ ਬਰਨ ਹੋ ਦੀਜੈ ਬੁਧ ਉਦਾਰ ॥ 1 ॥

ਕਥਾ ਸੁਨਾਵਹੁ ਅਵਰ ਤੁਮ ਸੁਨੋ ਸੰਤ ਹਿਤ ਧਾਰ ॥
ਆਗਿਆਨਾਂ ਬਿਨਾਸੈ ਗਿਆਨ ਹੋਇ ਪਾਵੈ ਸੁਖ ਅਪਾਰ ॥ 2 ॥

ਚੌਪਈ :- ਅਦ ਬੁਤ ਕਥਾ ਸੁਨੋ ਤੁਮ ਪਿਆਰੇ ॥
ਪੜਤਿ ਸੁਨਤ ਮਿਟਿਐ ਅਘ ਸਾਰੇ ॥
ਇਬਰਹਿਮਾਨ ਗੀਏ ਕੀ ਬਾਤ ॥
ਸੁਨੋ ਸੰਤ ਭਾਖੋ ਬਿਖਿਆਤ ॥ 3 ॥

ਦੋਹਰਾ :- ਪਾਰਸ ਸਿਉ ਲੋਹ ਮਿਲੇ ਕੰਚਨਹੋਤ ਨ ਬਾਰ ॥
ਤੈਸੇ ਸਾਧੂ ਸੰਗ ਤੇ ਛਿਨਮੈ ਹੋਇ ਉਧਾਰ ॥ 4 ॥

ਸਵੈਯਾ :- ਸਾਧ ਕੀ ਸੰਗਤਿ ਹੋਇ ਜਿਸੈ ਕਈ
ਜਨਮ ਕੈ ਪਤਾਮ ਦੈਤ ਸੁ ਖੋਈ ॥
ਆਗਿਆਨ ਕੀ ਮੈਲ ਕਟੈ ਮਨ ਤੇ
ਰੰਜਕ ਰੰਜ ਸੋ ਅਮਰ ਧੋਈ ॥
ਚੰਦਨ ਬਾਵਨ ਪਾਵਨ ਹੈ ਨਿਮ
ਆਦਮ ਦੁਮ ਸਗੰਗ ਸਮੋਈ ॥
ਦੀਪਤ ਤੇ ਤਸ ਦੀਪ ਪ੍ਰਕਾਸ਼ਤ ਹੁਇ
ਪ੍ਰਕਾਸ਼ ਬਿਖੈ ਤ੍ਰੈ ਲੋਈ ॥ 5 ॥

ਭੀਲ ਕ੍ਰਾਂਤ ਤੇ ਅਦਕ ਜੇਤਕ
ਜਮਨ ਮਲੇਛ ਸੁ ਆਹਾ ਅਪਾਵਨ ॥

Digitized by Panjab Digital Library | www.panjabdigilib.org

ਕੀਕਰ ਕਰੀ ਕੰਦਮ ਜਿਤੇ ਨਿੰਮ
ਹੋਇ ਸੁਗੰਧ ਮਿਲੈ ਜੁਖਿ ਬਾਵਨ ॥
ਗੰਗ ਕੇ ਸੰਗ ਮਿਲੈ ਜਲ ਜੇਤਕ
ਹੋਇ ਹੈ ਗੰਗ ਸੁ ਪਾਪ ਨਸਾਵਨ ॥
ਸਤ ਸਗ ਮਲ ਸਭ ਦਖ ਕਟ ਜਸ ਦਾਸ
ਰੱਬੀ ਸੰਗ ਹੋਤ ਹੈ ਰਾਵਨ ॥ 6 ॥

ਦੋਹਰਾ :- ਸਤਿ ਸੰਗਤ ਪ੍ਰਭਾਵ ਕੋ ਜਾਨਤ ਹੈ ਸਤਿ ਸੰਗ ॥
ਨੀਚ ਅਪਾਵਨ ਮਧਮ ਜੋ ਅਧਮ ਹੋਤ ਸੁਧ ਅੰਗ ॥ 7 ॥

ਤੋਟਕ ਛੰਦ :- ਪਿਛਲੀ ਜਬ ਜਾਮ ਸੁਗਤ ਰਹੈ ॥
ਉਠਪ੍ਰਾਤ ਸਿਧਾਂਤ ਸੁਨਾਤਿ ਅਹੈ ॥
ਅਸ ਬੀਤਤ ਮੇ ਜਬ ਸਾਲ ਕਈ ॥
ਨਿਸ ਏਕ ਬਿਖੈ ਤਿਨ ਬਾਤ ਲਈ ॥ 8 ॥

ਸਵੈਯਾ :- ਪੂਰਬ ਦਿਸ ਨਗਰ ਤੇ ਕੂਪ ਅਹੈ ਤਿਸ
ਵਾਇ ਕਹੈ ਸਭ ਹੀ ਜਨਸਾਰੇ ॥
ਇਸਨਾਨ ਕਰੇ ਚਲ ਆਪ ਤਹਾਂ
ਸਭਿ ਦਾਤਨ ਆਦ ਕਿਰਿਆ ਤਿਹ ਧਾਰੇ ॥
ਹੋਇ ਸੁਚੇਤ ਗੁਰੂ ਗੁਨ ਗਾਵਤ
ਨਾਵਤ ਹੈ ਤਿਹ ਅੰਗ ਪਖਾਰੇ ॥
ਨਹਾ ਚਲੇ ਜਬਿ ਹੀ ਵਹ ਵਾਇ ਸੁ
ਦੈਤ ਹਲਾਇ ਭੁਜ ਬਲ ਨਾਰੇ ॥ 9 ॥

ਬਾਸਰ ਬੀਤ ਗਏ ਕਿਤੈ ਨਹ
ਕੂਪ ਚਲਾ ਕਿਨੇ ਨਾਹ ਚਲਾਇਓ ॥
ਤਹ ਭਾਈ ਜੀ ਜਾਇ ਸਨਾਨ ਕਰੇ
ਤਬ ਰੂਪ ਚਲੇ ਕਰ ਸਾਥ ਹਲਾਇਓ ॥
ਦਿਨਜਾਇਕੈ ਖਾਵਦ ਖੇਤ ਨਿਹਾਰਤ
ਕਿਆਰੇ ਨੀਰ ਭਰੇ ਸੁਕ ਚਾਇਓ ॥
ਤਿਹ ਮੀਯਾਂ ਮਸਜਦ ਬੀਚ ਬਸੈ
ਦਿਲਮਾਹ ਦਲੀਲ ਕਰੈ ਬਿਸਮਾਇਓ ॥ 10 ॥

ਮਾਲਤੀ ਛੰਦ :—

ਨਿਜ ਆਜ ਕੀ ਚਲ ਦੇਖੀਐ ਵਹ ਕਵਨ ਹੈ ਤਹ ਆਵਹੀ ॥
ਕਿਵ ਲੀਐ ਖੁਦਾਇ ਕਾ ਕੈ ਦੇਵ ਦਾਨਵ ਨਾਵ ਹੀ ॥

Digitized by Panjab Digital Library | www.panjabdigilib.org

ਕੁਈ ਆਹਾ ਪੀਰ ਪੈਕੰਬਰੰ ਫਰੇਸਤਾ ਨਿਹਾਰਿਐ ॥
ਕਿ ਅਵਲੀਆ ਹੈ ਅੰਬੀਆ ਕੁਈ ਸਾਲੰ ਵਿਚਾਰਿਐ ॥ 11 ॥

ਦਿਲ ਧਾਰ ਕੈ ਦਲੀਲ ਐਸੀ ਹੈ ਖੈਫ ਚਿਤ ਮੈ ਮਾਨਿਓ ॥
ਕਲਾਸ ਜੋਇ ਪੈਕੰਬਰੀ ਪੜ ਹੋਇ ਇਸ ਥਿਤ ਜਾਨਿਓ ॥
ਵਹ ਕਦਮ ਰਖ ਰਖ ਤੁਰਤ ਹੈ ਚਲ ਆਇਓ ਉਸ ਥਾਨ ਹੈ ॥
ਮਤ ਮਹ ਕੋ ਵਹ ਨਿਰਖ ਲੈਵੈ ਪਰੈ ਨਹਿ ਵਹ ਪਾਨ ਹੈ ॥ 12 ॥

ਇਤ ਆਇ ਮੀਆਂ ਬੈਠਿਓ ਤਨ ਆਪਨੋ ਦੁਰਾਇਕੈ ॥
ਉਤ ਆਇਓ ਚਲ ਆਪ ਭਾਈ ਨਾਮ ਮੁਖ ਤੇ ਗਾਇਕੈ ॥
ਕਰ ਸੋਚ ਸਕਲ ਸਰੀਰ ਕੀ ਫਿਰ ਅੰਬਰੰ ਉਤਾਰਿਓ ॥
ਕਰ ਸਾਥ ਗਾਂਧੀ ਤੋਰ ਕੈ ਜਲ ਬੀਚ ਅੰਗ ਪਖਾਰਿਓ ॥ 13 ॥

ਜਬ ਚਲਾ ਕੂਪ ਸੁਭਾਵਕੁੰ ਦੁਇ ਤੀਨ ਫੇਰੇ ਆਇਓ ॥
ਤਬ ਮੀਏ ਅਚਰਜ ਮਾਨ ਕੈ ਕਰਪਕਰ ਕੈ ਅਟਕਾਇਓ ॥
ਫਰ ਜਾਇ ਭਾਈ ਤੋਰਿਓ ਬਡ ਬੇਗ ਆਇਓ ਨੀਰ ਹੀ ॥
ਜਲ ਹੋਜ ਮੈ ਪ੍ਰਵੇਸ ਕੀਨੋ ਗਇਓ ਮੀਆਂ ਤੀਰ ਹੀ ॥ 14 ॥

ਇਸ ਭਾਂਤ ਸੋ ਤਿਨ ਚਾਰ ਬੇਰੀ
ਭਇਓ ਕਵਤਕ ਜਾਨਿਐ ॥
ਭਾਈ ਜੀ ਤਿਹ ਤੋਰ ਆਵੈ
ਮੀਆਂ ਪਕਰੈ ਮਾਨਿਐ ॥
ਜਲ ਮਾਹ ਅੰਗ ਪਖਾਰ ਕੈ
ਜਬ ਤੁਰਾ ਭਾਈ ਜਾਨਿਓ ॥
ਤਬ ਕਦਮ ਮੀਏ ਆਨ
ਪਕਰੈ ਸੀਸ ਰਾਖਜ ਤਾਨਿਓ ॥ 15 ॥

ਚੌਪਈ :- ਮੁਝ ਪਰ ਕਰੋ ਮੇਹਰਮਤ ਭਲੀ ॥
ਤੁਮ ਖੁਦਾਇ ਕੈ ਆਹਾ ਸੁ ਵਲੀ ॥
ਮੁਝ ਝੋਲੀ ਪਾਵੋ ਤੁਮ ਖੈਰ ॥
ਭਇਓ ਮੁਰੀਦ ਕਹਿਓ ਨਹੀਂ ਗੈਰ ॥ 16 ॥

ਦੋਹਰਾ :- ਕਰੋ ਅਨਾਇਤ ਮੋਹ ਪਰ ਭਇਓ ਸੁ ਕਦਮ ਮੁਰੀਦ ॥
ਰਾਸ ਕਹੋ ਨਹ ਖਤਾ ਕਛੁ ਅਬ ਲਿਖ ਲੇਹੁ ਰਸੀਦ ॥ 17 ॥

ਚੌਪਈ :- ਅਸ ਵਿਚਾਰ ਕੀਨਾ ਤਬ ਭਾਈ ॥

Digitized by Panjab Digital Library | www.panjabdigilib.org

ਮੁਝ ਕੋ ਛਪਨ ਦੇਤ ਨਹ ਗਈ ॥
ਇਹੁ ਮੇਰੋ ਹੈ ਪਰਾ ਖਿਆਲ ॥
ਐਸੇ ਮਨ ਮੈ ਕਹੈ ਦਿਯਾਲ ॥ 18 ॥

ਤਬ ਭਾਈ ਮਨ ਕਰਾ ਬਿਚਾਰੋ ॥
ਕਛੁ ਧਨ ਲੈ ਇਸਕੋ ਟਾਰੋ ॥
ਮੁਝ ਕੋ ਜਾਹਰ ਨਾ ਇਹੁ ਕਰੈ ॥
ਬਚਨ ਮਾਨ ਕਰ ਸ੍ਰਵਣ ਧਰੇ ॥ 19 ॥

ਅੜਿਲ :- ਭਾਈ ਜੀ ਬਚ ਐਸੇ ਤਿਨਕੋ ਭਾਖਿਓ ॥
ਲੇਵਹੁ ਧਨ ਦੁਧ ਪੂਤ ਜੋਈ ਮਨ ਬਾਛਿਓ ॥
ਹਮਰੇ ਪਰੋ ਨ ਖਿਯਾਲ ਜਾਨ ਮੋਹ ਦੀਜਿਐ ॥
ਜੋ ਚਿਤ ਚਾਹੈ ਤੁਮਰੋ ਸੋਈ ਲੀਜੀਐ ॥ 20 ॥

ਚੌਪਈ :- ਸੁਨ ਕਰ ਮੀਂਏ ਕਰਾ ਬਖਾਨ ॥
ਇਹ ਮੁਸ਼ਕਲ ਕਛੁ ਨਾਹ ਹਿਸ਼ਾਨ ॥
ਐਸ ਅਨਾਇਤ ਮੋਹ ਪਰ ਕੀਜੈ ॥
ਲੋਕ ਪ੍ਰਲੋਕ ਰਾਖ ਕਰ ਲੀਜੈ ॥ 21 ॥

ਦੋਹਰਾ :- ਸੁਨ ਕਰ ਭਾਈ ਜੀ ਕਹਾਂ ਅਬ ਲਾਗਤ ਮੋਹ ਡੇਰ ॥
ਮਿਲੋ ਵਕਤ ਕਿਸ ਅਵਰ ਤੁਮ ਕਛੁ ਹਮ ਕਰੇ ਨਾ ਫੇਰ ॥ 22 ॥

ਸਵੈਯਾ :- ਅਸ ਬਚਨ ਬਖਾਨ ਕਰੇ ਜਬ ਹੀ
ਸੁਨ ਮੀਏ ਯਕੀਨ ਕਰਾ ਮਨ ਮਾਂਹੀ ॥
ਤਬ ਆਇ ਮਸੀਤ ਕੇ ਬੀਚ ਬਰਾ
ਜਪੈ ਨਾਮ ਖੁਦਾਇ ਅਲਾਇ ਅਲਾਹੀ ॥
ਉਤ ਭਾਈ ਜੀ ਦਰਬਾਰ ਗਏ ਕਰ
ਜੋਰ ਦਈ ਝੁਕ ਸੀਸ ਨਿਵਾਹੀ ॥
ਫਿਰ ਤਹਾਂ ਪ੍ਰਦਛਨ ਚਾਰ ਲਈ ਹਟ
ਬੈਠ ਗਏ ਗੁਣ ਗੋਬਿੰਦ ਗਾਹੀ ॥ 23 ॥

ਨਗਰ ਛੰਦ :—
ਸੁ ਨਿਤ ਨੇਮ ਧਾਰ ਕੈ ਜਪੈ ਸੁ ਤਾਹ ਨਾਮ ਹੈ ॥
ਸੁ ਜਸ ਕੈ ਪ੍ਰਤਾਪ ਤੇ ਸਰੈ ਸੁ ਸ੍ਰਬ ਕਾਮ ਹੈ ॥
ਜਪੰ ਸੁ ਜਾਪ ਆਦਿ ਮੈ ਸੁਖਮਨੀ ਸੁ ਪਾਠ ਹੈ ॥
ਇਕਾਂਤ ਹੋਇਕੈ ਕਰੈ ਬਨੈ ਸੁ ਤਾਹ ਠਾਟ ਹੈ ॥ 24 ॥

Digitized by Panjab Digital Library | www.panjabdigilib.org

ਕਿਰਖੀਨ ਰੋਕ ਕੈ ਤਬੈ ਸੁ ਧਿਯਾਨ ਮਨ ਧਾਰ ਹੀ ॥
ਸੁ ਆਪਨੋ ਸੁ ਆਪ ਆਪ ਆਪ ਮੈ ਠਿਹਾਰ ਹੀ ॥
ਉਥਾਨ ਬਿਰਤ ਹੋਇ ਹੈ ਸੁ ਆਇ ਤਬੀ ਧਾਮ ਮੈ ॥
ਧਰਮ ਸਾਲ ਜਾਇ ਫਿਰ ਲਾਗਿ ਹੈ ਸੁ ਨਾਮ ਮੈ ॥ 25 ॥

ਪਰੀ ਸ ਰੈਨ ਜਾਨ ਕੈ ਮਿਅ ਸ ਧਾਮ ਆਇਓ ॥
ਕਰੀ ਸਲਾਮ ਤਾਸ ਨੇ ਸੁ ਸੀਸ ਕੋ ਝੁਕਾਇਓ ॥
ਸੁਖਨ ਆਪ ਕੋ ਕਰਾ ਸੁ ਤਾਕੋ ਸਮਾਲੀਐ ॥
ਜਤੀਮ ਆਜ ਜੰਮ ਹਾਂ ਸੁ ਮੋਹ ਪ੍ਰਿਤ ਪਾਲੀਐ ॥ 26 ॥

ਦੋਹਰਾ :- ਮੀਟੈ ਪ੍ਰਿਤ ਭਾਈ ਕਹਾਂ ਬੈਠੇ ਹੋਇ ਇਕਾਂਤ ॥
ਮਨ ਕੀ ਬ੍ਰਿਥਾ ਭਾਖੀਐ ਸਮਝੋ ਸਭ ਵਿਰਤਾਂਤ ॥ 27 ॥

ਚੌਪਈ :- ਮੀਏ ਕੋ ਪੂਛਾ ਤਬ ਭਾਈ ॥
ਅਪਨੀ ਬਿਰਥਾ ਦੇਹੁ ਸੁਨਾਈ ॥
ਜੋ ਦਲ ਤੇਰੇ ਅਹੈ ਦਲੀਲ ॥
ਮੁਝ ਸੁਨਾਵੋ ਕਰੋ ਨ ਢੀਲ ॥ 28 ॥

ਮੀਆਂ ਵਾਚ :—

ਦੋਕ ਜੋਰ ਕਦਮ ਕੁ ਗਹੇ ॥
ਮਨ ਕੀ ਬਿਰਥੀ ਸਗਲੀ ਕਹੈ ॥
ਬਿਬ ਸਵਾਲ ਕਾ ਦੇਹੁ ਜਬਾਬ ॥
ਸਾਹਬ ਤੁਮਾਰਾ ਕਰੇ ਸਬਾਬ ॥
ਅਵਰ ਅਰਜ ਸ ਏਹ ਗਜਾਰੋ ॥
ਕੁਛ ਖਲਕਤ ਮੈ ਹੁਇ ਉਜਿਆਰੋ ॥ 29 ॥

ਦੂਸਰ ਮੁਝ ਕਾ ਏਹੁ ਸਵਾਲ ॥
ਜਾਤੇ ਦੋਜਕ ਛੂਟੈ ਜਵਾਲ ॥
ਭਾਈ ਜੀ ਤਬ ਹੋਇ ਦਇਆਲ
ਭਾਖਤ ਭਏ ਸੁ ਬਚਨ ਰਸਾਲ ॥ 30 ॥

ਭਾਈ ਵਾਚ :—

ਗੀਆ ਮਾਲਤੀ ਛੰਦ :—

ਚਲਿ ਆਇ ਹੈ ਜੁ ਧਾਮ ਤੁਮਰੈ ਜੰਤਰ 'ਧਾਗਾ ਕੀਜੀਏ ॥
ਅਵਰਜੋ ਤਿਰਆ ਰੋਗ ਜੇਤਕ ਕੁਖ ਜੋਨਕ ਆਦ ਹੀ ॥
ਕਲਾਮ ਤੁਮਰੀ ਚਾਲ ਹੈ ਨਹਿ ਲਗੈ ਤਿਸ ਪ੍ਰਮਾਦ ਹੀ ॥ 31 ॥

Digitized by Panjab Digital Library | www.panjabdigilib.org

ਜਿਨ ਭੂਤ ਪ੍ਰੇਤ ਪਿਸਾਚ ਛਾਇਆ ਪਰੀ ਦੇਵ ਸੁ ਜਾਨਿਐ
ਜਰੀ ਔ ਮਸਾਨ ਕਾਚਾ ਡਾਇਨ ਭੈ ਮਾਨਿਐ ॥
ਡਾਕਨੀ ਵਿਸੂਚ ਕਾ ਵਿਚਾਰ ਚਿਤ ਮੈ ਲੀਜਿਐ ॥
ਕਰ ਜੰਤਰ ਤੰਤਰ ਮੰਤਰ ਕਲਾਮ ਪੜ ਤਿਸ ਦੀਜਿਐ ॥ 32 ॥

ਨਿਆਜ਼ ਲੀਜੈ ਪਾਂਚ ਪੈਸੇ
ਨਹ ਅਵਰ ਲਾਲਚ ਧਾਰਿ ਹੈ ॥
ਮਨ ਮਾਹ ਸਿਦਕ ਸਬੂਰ
ਰਾਖੋ ਲੋਭ ਦਿਲ ਤੇ ਟਾਰਿਐ ॥
ਹੋਇ ਦੌਲਤ ਧਾਮ ਤੁਮਰੇ
ਕਛੁ ਨਹ ਪ੍ਰਵਾਹ ਹੈ ॥
ਮੁਝ ਬਚਨ ਪਰ ਪ੍ਰਤੀਤ ਰਾਖੋ
ਸਿਦਕ ਕੋ ਇਹੁ ਰਾਹ ਹੈ ॥ 33 ॥

ਸਰੀਨੀ ਤੁਝ ਕੋ ਜੋਕ ਹੀ
ਤਜ ਸੁਖਨ ਦਿਲ ਤੇ ਖਵ ਹੀ ॥
ਇਹੁ ਬਚਨ ਤੁਮ ਪ੍ਰਿਤ ਜੋ ਕਹਾ
ਕਛੁ ਹੋਇ ਨਹ ਵਹ ਹੋਵ ਹੀ ॥
ਸਭ ਕੋਇ ਤੁਮ ਕੋ ਪੀਰ ਮਾਨੈ
ਕਰੈ ਹੈ ਸਲਾਮ ਕੋ ॥
ਵਹਿ ਆਪ ਕੋ ਮੁਰੀਦ ਮਾਨੈ
ਦਇ ਤੁਝ ਕੋ ਦਾਮ ਕੋ ॥ 34 ॥

ਇਹੁ ਸੁਖਨ ਸੁਨ ਕੈ ਗਾਂਠ ਬਾਂਧੋ
ਅਵਰ ਕੀ ਚਿਤ ਚਾਹ ਹੈ ॥
ਮੁਝ ਦੀਜਿਐ ਦਸ ਬੰਦਗੀ
ਤਬ ਚਨੈ ਤਿਸ ਕੈ ਰਾਹ ਹੈ ॥
ਸੂਚ ਖਰੂ ਦਰਗਾਹ, ਮੈ
ਜਸ ਹੋਇ ਸੋਇ ਬਤਾਇਐ ॥
ਕਲਾਮ ਸੋਇ ਬਤਾਇ ਦੀਜੈ
ਖਤਾ ਨਹ ਜਹ ਖਾਇਐ ॥ 35 ॥

ਜਬਾਬ ਭਾਈ ਜੀ :—

ਦੋਹਰਾ :- ਤਬ ਭਾਈ ਅਸ ਭਾਖਿਆ ਸੁਣ ਮੀਆਂ ਕਰ ਖਿਆਲ ॥
ਦੋਇ ਪ੍ਰਕਾਰ ਦੀ ਬੰਦਗੀ ਭਾਖੋ ਤੋਹ ਰਸਾਲ ॥ 36 ॥

Digitized by Panjab Digital Library | www.panjabdigilib.org

ਚੌਪਈ :- ਕਹ ਮਸਨਵ ਬੀਚ ਕਿਤਾਬ ਤਿਸਕਾ
ਤੁਝ ਕੋ ਕਹੋ ਹਿਸਾਬ ॥
ਏਕ ਬੰਦਗੀ ਤਨਕੀ ਜਾਨ ॥
ਦੂਸਰ ਮਨ ਕੀ ਲੇਹੁ ਸੁ ਮਾਨ ॥ 37 ॥

ਅਵਲ ਤਨਕੀ ਪਾਕੀ ਕਰੇ ॥
ਪੀਛੇ ਮਨ ਕੀ ਪਾਕੀ ਧਰੇ ॥
ਤਨ ਪਾਕੀ ਕਾ ਇਹੁ ਬਿਆਨ ॥
ਸੁਨ ਮੀਆਂ ਅਸ ਲੇਹੁ ਪਛਾਨ ॥ 38 ॥

ਅਵਰਤ ਦੁਨੀਆਂ ਦੋਜਕ ਜੋਈ ॥
ਇਨ ਤੇ ਫਾਰਗ ਦਿਲ ਕਰ ਹੋਈ ॥
ਉਬੂ ਸਾਜ ਨਿਵਾਜ ਗੁਜਾਰੇ ॥
ਪੜੇ ਕੁਰਾਨ ਕਤੇਬ ਨਿਹਾਰੇ ॥ 39 ॥

ਮਸਜ਼ਦ ਬੈਸ ਸੁ ਤਸਬੀ ਫੇਰੇ ॥
ਦਏ ਬਾਂਗ ਮੁਖ ਉਚੈ ਟੇਰੈ ॥
ਮਕੇ ਕੀ ਕਰ ਹੈ ਜੋ ਹੱਜ ॥
ਤਨਕੀ ਪਾਕੀ ਪਾਈ ਅਜ ॥ 40 ॥

ਮਨਪਾਕੀ ਤਬ ਰਹੀ ਨਿਆਰੀ ॥
ਬਿਨ ਮੁਰਸ਼ਦ ਤੇ ਨਹ ਨਾਹ ਨਿਹਾਰੀ
ਕਾਮਲ ਮੁਰਸ਼ਦ ਮਿਲੈ ਜਬ ਆਇ ॥
ਦਿਲ ਕੀ ਬ੍ਰਿਥਾ ਤਹਾਂ ਸੁਨਾਇ ॥ 41 ॥

ਦਿਲ ਅਪਨੇ ਮੈ ਕਰੈ ਸੁ ਮਸਲਤ ॥
ਅਵਰ ਤਿਆਗੈ ਪਿਛਲੀ ਖਸਲਤ ॥
ਗੁਨਹਗਾਰ ਆਪਨ ਕੋ ਮਾਨ ॥
ਮੁਰਸ਼ਦ ਆਗੈ ਕਰੈ ਬਖਿਆਨ ॥ 42 ॥

ਦੋਹਰਾ :- ਅਵਰ ਕਰੈ ਖਿਆਲ ਦਿਲ ਕੋ ਮੈ ਕਵਨ ਜਹਾਨ ॥
ਕਿਸ ਕਾਰਨ ਜਗ ਆਇਓ ਕਿਆ ਮੁਖ ਕਨੋ ਬਖਾਨ ॥ 43 ॥
ਮੈਂ ਬੰਦਾ ਕਿਨ ਸਾਜਿਆ ਕੋ ਮਝ ਸਾਜਨ ਹਾਰ ॥
ਕਿਨ ਇਹੁ ਹੁਕਮ ਫੁਰਮਾਇਆ ਕਵਣ ਚਲਾਵਨ ਹਾਰ ॥ 44 ॥

Digitized by Panjab Digital Library | www.panjabdigilib.org

ਗੀਆ ਮਾਲਤੀ ਛੰਦ :—

ਦਿਲ ਮਾਹਾ ਐਸ ਦਲੀਲ ਕਰ
ਹੈ ਬੈਠ ਠੌਰ ਇਕਾਂਤ ਕੋ ॥
ਕਰ ਫਿਕਰ ਮੁਰਸੁਦ ਢੂੰਢ ਹੀ
ਕਹਿ ਤਾਹ ਪਹਿ ਵਿਰਾਤਾਤ ਕੋ ॥
ਜਬ ਮਿਲੈ ਮੁਰਸਦ ਕਾਮਲੰ
ਤਿਹ ਕਦਮ ਸੀਸ ਨਿਵਾਵਹੀ ॥
ਕਰ ਜੋਰ ਦੋ ਕਰ ਬੇਨਤੀ
ਸਲਾਮ ਮੁਖ ਤੇ ਗਾਵਹੀ ॥ 45 ॥
ਗੁਨਹਗਾਰ ਬਾਖੈ ਆਪ ਕੋ
ਬਡ ਮਾਨ ਹੈ ਤਕ ਸੀਰ ਕੋ ॥
ਮੁਝ ਬਖਸੀਏ ਗੁਨਾਹ ਜੇ
ਤਕ ਆਈ ਮੈ ਅਕਸੀਰ ਕੋ ॥
ਦਿਲ ਕਰੈ ਤਰਕ ਜਹਾਨ ਤੈ
ਵੈਰਾਨ ਦੁਨੀਆਂ ਜਾਨ ਹੀ ॥
ਇਹੁ ਆਹਾ ਕਾਜਰ ਕੋਠਰੀ
ਜੋ ਪਰੈ ਦਾਗੁ ਸੁ ਆਨ ਹੀ ॥ 46 ॥

ਮੁਹ ਆਜਜੰ ਜਤੀਮ ਹੋ ਮਸਕੀਨ ਸਰਨੀ ਆਇਓ ॥
ਮੁਰੀਦ ਖਾਦਮ ਕਦਮ ਕੋ ਤੁਮ ਪੀਰ ਮੁਰਸ਼ਦ ਗਾਇਓ ॥
ਗਰੀਬ ਹੋ ਗਦਾਉ ਮਾਂਗਤ ਖੈਰ ਮੁਝ ਕੋ ਪਾਇਐ ॥
ਸਭ ਹਿਰਸ ਛਡਕਰ ਦੁਨੀ ਕੀ ਹੋਇ ਫਾਰਗ ਤਬ ਆਇਐ ॥

ਦੋਹਰਾ :- ਖੁਦੀ ਤਕਬਰੀ ਨਹ ਕਰੈ ਸਿਦਮ ਸਬੂਰੀ ਧਾਰ ॥
ਦਿਲ ਕੋ ਕਰੈ ਸਫਾਇ ਅਸ ਹਿਰਸ਼ ਹਵਾਇ ਨਿਵਾਰ ॥ 48 ॥

ਸਵੈਯਾ :- ਦਿਲ ਤੇ ਜਬ ਦੂਰ ਦਲੀਲ ਗਈ
ਤਬ ਪਾਕ ਭਇਓ ਮਨ ਪਾਕ ਨਿਹਾਰਿਓ ॥
ਨਸੀਬ ਜਗੇ ਕਈ ਜਨਮ ਕੇ ਜਬ
ਕਾਮਲ ਮੁਰਸ਼ਦ ਆਇ ਨਿਹਾਰਿਓ ॥
ਬ੍ਰਿਥਾ ਸਭ ਖੋਲ ਕਹੀ ਗੁਰ ਪੈ ਤਿਨ
ਮੈ ਹਰ ਕਰੀ ਮਨ ਮਿਹਰ ਵਿਚਾਰਿਓ ॥
ਸਭ ਮੁਸਕਲ ਹੋਇ ਹਿਸਾਨ ਇਸੇ ਜਬ
ਮੁਰਸ਼ਦ ਨੇ ਕਰ ਸੀਸ ਸੁ ਧਾਰਿਓ ॥ 49 ॥

Digitized by Panjab Digital Library | www.panjabdigilib.org

ਦੋਹਰਾ :- ਰੋਗੀ ਮਾਨੇ ਆਪ ਕੋ ਮਿਲੈ ਜ ਮੁਰਸ਼ਦ ਵੈਦ ॥
ਕਰੈ ਮੁਹਬਤ ਤਾਹ ਸੰਗ ਕਟਹੈ ਇਸਕਾ ਖੇਦ ॥ 50 ॥

ਚੌਪਈ :- ਸੋ ਕਰ ਹੈ ਇਸਕਾ ਇਲਾਜ ॥
ਜੈਸੀ ਦਿਲ ਕੀ ਹੋਇ ਮਿਜਾਜ ॥
ਖਾਲਕ ਲਖੈ ਖਲਕਤ ਮੈਂ ਪੂਰ ॥
ਖਲਕ ਤੇ ਖਾਲਕ ਤੇ ਨਹ ਦੂਰ ॥ 51 ॥

ਬੀਜ਼ ਨਕਸ਼ ਤੇ ਆਹਾ ਨਕਾਸ ॥
ਜੁ ਮੁਰੀਦ ਹੋਵੇ ਦਿਲ ਖਾਸ ॥
ਜਿਮ ਸੂਰਜ ਤੇ ਨਿਕਸੈ ਤੇਜ਼ ॥
ਕਰ ਪ੍ਰਕਾਸ ਫਿਰ ਮਿਲੇ ਮਜੇਜ ॥ 52 ॥

ਸਵਾਲ ਮੀਆਂ :—

ਨਰਾਜ ਛੰਦ :- ਪ੍ਰਿਥਮ ਬਾਕ ਜੋ ਕਹੇ ਨਿਰੋਲ ਐਸ ਜਾਨਿਐ ॥
ਸੁ ਫੇਰ ਰੌਲ ਪਾਇਓ ਨਿਰੋਲ ਮੈ ਪ੍ਰਮਾਨਿਐ ॥
ਸਮੁੰਦ ਕੇ ਤਰੰਗ ਹੈ ਸੁ ਸਿੰਧ ਕੇ ਸਮਾਨ ਹੀ ॥
ਇਆਹਾ ਜੀਵ ਕਰਤਾ ਸੁ ਬਿੰਦ ਕੇ ਪ੍ਰਮਾਨ ਹੀ ॥ 53 ॥

ਸੁ ਬੂੰਦ ਅਬ ਜਾਨਿਐ ਸਮੁੰਦ ਕੈਸ ਹੋਇ ਹੈ ॥
ਖਿਜਾਸ ਤਾਸ ਮਾਨਿਐ ਵਹੁ ਆਪ ਕੋ ਵਿਗੋਇ ਹੈ ॥
ਜਕੀਨ ਦਿਲ ਜੈਸ ਹੋ ਤੈਸ ਵਾਕ ਭਾਖਿਐ ॥
ਭਰਮ ਦੂਰ ਕੀਜਿਐ ਅਭਰਮ ਚਿਤ ਰਾਖਿਐ ॥ 54 ॥

ਜਬਾਬ ਭਾਈ :—ਗੀਆ ਮਾਲਤੀ ਛੰਦ :—

ਤਰੰਗ ਜੇਤਕ ਦੇਖੀਐ ਸਭ ਆਹਾ ਸਿੰਧ ਸਰੂਪ ਹੀ ॥
ਸਿੰਧ ਹੈ ਤਰੰਗ ਮਧੇ ਜਾਨ ਏਕੋ ਰੂਪ ਹੀ ॥
ਜਿਮ ਉਠੈ ਮੌਜ ਦਰਿਆਵ ਤੇ ਫਿਰ ਲੀਨ ਤਾ ਮੇ ਹੋਵਈ
ਦਰੀਆਵ ਮੌਜ ਸੁ ਏਕ ਹੈ ਦਵੈਤਾ ਸਭ ਖੋਵਈ ॥ 55 ॥

ਜਿਮ ਕੰਚਨੰ ਕੇ ਭੁਖਨੰ ਸਭ ਕੰਚਨ ਸੁ ਜਾਨਿਐ ॥
ਕਲ ਤੋਤ ਭੂਖਨ ਏਕ ਹੈ ਜਹ ਰਲਾ ਰੰਚਕ ਮਾਨਿਐ ॥
ਖੁਦਾਇ ਬੰਦਾ ਏਕ ਹੈ ਸੁ ਬੰਦਾ ਹੈ ਖੁਦਾਇ ਹੀ ॥
ਜਕੀਨ ਦਿਲ ਮੈ ਕੀਜਿਐ ਨਹ ਤਾਹ ਮੈ ਰਲਾਇ ਹੀ ॥ 56 ॥

Digitized by Panjab Digital Library | www.panjabdigilib.org

ਕਾਦਰੰ ਵਿਚ ਕੁਦਰਤੀ ਤਸ ਕੁਦਰਤ ਕਾਦਰ ਮੇਲ ਹੈ ॥
ਖਾਲਕੰ ਅਹੈ ਖਲਕਤੰ ਅਸ ਕੀਨ ਕਰਤੇ ਖੇਲ ਹੈ ॥
ਇਹੁ ਲਿਖਾ ਵਚ ਮਸ਼ਨਵੀ ਕੇ ਕਿਤਾਬ ਪੜਕਰ ਲੀਜਿਐ
ਵਹ ਸੁਖਨ ਹੈ ਰਸੂਲ ਕੋ ਯਕੀਨ ਤਾਪਰ ਕੀਜਿਐ ॥ 57 ॥

ਦੋਹਰਾ :- ਜੀਵ ਇਸ ਕੀ ਏਕਤਾ ਬੇਦ ਬਾਕ ਪ੍ਰਮਾਨ ॥
ਜਾਮੈ ਸੰਸਾ ਨਾਹ ਕੁਛ ਸੁਨ ਮੀਯਾ ਧਰ ਧਿਆਨ ॥ 58 ॥

ਸੁਨੇ ਵਾਕ ਮਮਨਵੀ ਕੇ ਮੀਯੈ ਪਕਰੇ ਪਾਵ ॥
ਮੋਹ ਬਤਾਵ ਹੁ ਬੰਦਗੀ ਯਾਮੇ ਧਾਰੋ ਭਾਵ ॥ 59 ॥

ਜਬਾਬ ਭਾਈ :—

ਚੌਪਈ :- ਸੁਨ ਮੀਯਾਂ ਤੁਮ ਕਰੋ ਖਿਆਲ ॥
ਕਹੋ ਬਚਨ ਸਨ ਹੋ ਦਰਹਾਲ ॥
ਅਵਲ ਦੁਨੀਆਂ ਕਰੋ ਜੁ ਤਰਕ ॥
ਦੁਨੀ ਦਾਰ ਤੇ ਰਹ ਹੈ ਫਰਕ ॥ 60 ॥

ਜਾਹਲ ਕੀ ਗੋਸ਼ਟ ਨਹ ਕੋਰ ॥
ਔਰਤ ਕੀ ਸੰਗਤਿ ਪਰ ਹੋਰ ॥
ਤਿਰਆ ਸੈਤਾਨ ਕੀ ਅਹੈ ਅਵਤਾਰ
ਇਸ ਮੈ ਪਰੈ ਸੁ ਹੋਇ ਸੁਮਾਰ ॥ 61 ॥

ਨਰਾਜ ਛੰਦ :- ਸੁ ਝੂਠ ਸਾਖ ਨਾ ਭਰੇ ਕਿਸੀ ਕਬੀ ਸੁ ਜਾਨਿਐ ॥
ਮੁਰਸਦੰ ਜਬ ਕਹੇ ਵਾਕ ਸੀਸ ਤੇ ਸੁ ਆਨਿਐ ॥
ਸੁ ਜੀਵਕਾ ਕਿ ਕਾਜ ਜਾਨ ਜੀਵ ਕੋ ਨ ਮਾਰਿਐ ॥
ਦਇਆ ਸੁ ਦੀਨ ਕੀਜਐ ਅਨਰਥ ਨ ਬਿਚਾਰਿਐ ॥ 62 ॥

ਖੁਦੀ ਤਕਬਰੀ ਸੁ ਨਿੰਦ ਈਰਖਾ ਨਿਵਾਰਿਐ ॥
ਬਿਅਰਥ ਨਾਹ ਬੋਲਿਐ ਅਨਰਥ ਕੋ ਨਧਾਰਿਐ ॥
ਅਹਾਰ ਕੀਜ ਸੰਜਮੰ ਸੁਨੀਦੰ ਕੋ ਘਟਾਇਕੈ ॥
ਉਦਮ ਕੋਰ ਸਰੀਰ ਮਾਹ ਆਸਸੰ ਹਟਾਇਕੈ ॥ 63 ॥

ਗੀਆ ਮਾਲਤੀ ਛੰਦ :—

ਬੈਠ ਕੈ ਇਕਾਂਤ ਭੂਮੀ ਜੀਤਿ ਹੈ ਰਿਖੀਨ ਹੀ ॥
ਦਿੜ ਰਾਖਿ ਹੈ ਮਨ ਆਪਨੋ ਨ ਹੋਇ ਕਬਹੂੰ ਖੀਨਿ ਹੀ

Digitized by Panjab Digital Library | www.panjabdigilib.org

ਨਦੀ ਤੁੜਾਗ ਕੂਪ ਹੋਵੈ ਬਾਗ ਬਨ ਆਵ ਰੇਖਿਐ ॥
ਤਿਨ ਬੈਠ ਕੈ ਧਿਆਨ ਕੀਜੈ ਰੁਹ ਆਪਨ ਪੇਖਿਐ ॥ 64 ॥

ਦਿਲ ਬੀਚ ਜੋ ਇ ਦਲੀਲ
ਨਿਕਸੈ ਰੋਕੀਐ ਤਿਸ ਖਿਯਾਲ ਸੋ ॥
ਬਡ ਜਤਨ ਦਿਰੁੜੈ ਚਿਤ ਰਾਖੀਐ
ਜਿਮ ਫਸੈ ਸਫਰੀ ਜਾਲ ਸੋ ॥
ਸਰਵਣ ਦੁਇ ਮੂੰਦ ਰਾਖੈ
ਪਰੈ ਨਹੀ ਅਵਾਜ ਹੀ ॥
ਤਬ ਰੂਪ ਕੋ ਧਿਯਾਨ ਕੀਜੈ
ਕਰੈ ਅਪਨੋ ਕਾਜਿ ਹੀ ॥ 65 ॥

ਨਾਭ ਤੇ ਸਵਾਸ ਉਠਿ ਹੈ
ਨਾਸਕਾ ਹਵੈਇ ਲੀਨ ਹੀ ॥
ਜਬ ਚਲੇ ਉਰਾਧ ਸਵਾਸ ਹੈ ॥
ਤਬ ਅਲੇ ਤਿਸ ਸੰਗ ਬੋਲ ਈ ॥
ਵਹ ਅਰਧ ਆਵੈ ਦਮ ਇਸੈ
ਫਿਰ ਰੁਇ ਸੁ ਮੇਲਾਇ ਹੈ ॥
ਅਸ ਜੁਗਤਿ ਕਰ ਦਾਮ ਸਾਧ
ਹੀ ਦਿਦਾਰ ਦਿਲ ਕੋ ਪਾਈਐ ॥ 66 ॥

ਕਲਮਾ ਅਲਾ ਹੂਹ ਕੀ ਦਮ ਸਾਥ ਜੋਇ ਮਿਲਾਤ ਹੈ ॥
ਵਜੂਦ ਹੈ ਹਜ ਕਰਤਿ ਹੈ ਵਹ ਕਿਬਲ ਕਾਬੈ ਜਾਤਿ ਹੈ ॥
ਕਰੈ ਸਦ ਗੰਗ ਗੁਸਲ ਕੋ ਵਹ ਨੂਰ ਚਸ਼ਮੇ ਜਾਨਿਐ ਹੈ ॥
ਨਿਵਾਜ ਰੋਜਾ ਬਾਂਗ ਤਸ ਬੀ ਹਜ ਦਿਲ ਮਹਿ ਮਾਨਿਐ ॥ 67 ॥

ਇਹੁ ਜਾਵ ਹੈ ਸਵਾਸ ਕੋ ਅਜ ਪਾ ਇਸ ਕੋ ਆਖਿਐ ॥
ਅਭਿਆਸ ਜੋ ਨਰ ਕਰਤਿ ਹੈਂ ਸਵਾਦ ਸੋ ਵਹਿ ਚਾਖਿਐ ॥
ਕਲਾਮ ਆਹਾ ਪੈਕੰਬਰੀ ਜੋ ਜਪੈ ਇਸ ਕੋ ਜਾਨਐ ॥
ਵਹ ਸੁਰਖਰੂ ਦਰਗਾਹ ਮੈ ਇਤ ਉਤ ਦੁਹੀ ਜ਼ਰਾਲਿਐ ॥ 68 ॥

ਦੋਹਰਾ :- ਕੁਤਬ ਮਸਾਇਡ ਅਵਲੀ ਐ ਪੀਰ ਫਕੀਰ ਪਛਾਨ ॥
ਪਹੁਤੇ ਦਰ ਦਰਗਾਹ ਮੈ ਮੁਸ਼ਕਲ ਹੋਇ ਹਿੰਸਾਨ ॥ 69 ॥

ਚੌਪਈ :- ਗੁਰ ਨਾਨਕ ਕਿਰਪਾ ਅਹਿ ਕੀਨੀ ॥
ਦੋਲਤਖਾਂ ਲੋਦੀ ਕਉ ਦੀਨੀ ॥

Digitized by Panjab Digital Library | www.panjabdigilib.org

ਏਕ ਰੈਨ ਤਿਨ ਪੜੀ ਕਲਾਮ ॥
ਜਿੰਦ ਪੀਰ ਮਿਲਿ ਓ ਤਿਸ ਆਨ ॥ 70 ॥

ਰਤਨ ਅਮੋਲਕ ਭੇਟਾ ਧਰੀ ॥
ਦੇਖ ਦਿਦਾਰ ਪ੍ਰਕਰਮਾ ਕਰੀ ॥
ਕਈ ਬਹਿਮਤ ਕਈ ਵਿਚ ਬਾਗ ॥
ਆਪਨ ਮਧ ਚੀਨੋ ਵਡ ਭਾਗ ॥ 71 ॥

ਗੀਆ ਮਾਲਤੀ ਛੰਦ :—

ਕਈ ਦੀਪਕੋ ਤੇ ਖੰਡ ਹੈ ਕਈ ਕਰਮ ਭੂਮੀ ਜਾਨਿਐ ॥
ਕਈ ਚੰਦ ਸੂਰਜ ਕੇਤਿ ਹੈ ਕਈ ਸਪਤ ਸਾਗਰ ਮਾਨਿਐ ॥
ਤਹ ਕੇਤਕ ਸਮੇਰ ਹੈ ਅਕਾਸ ਕੇਤ ਪੈ ਆਰ ਹੀ ॥
ਸਭ ਆਪਿਨੇ ਮੈ ਆਪ ਜਾਨੋ ਆਪ ਭਾਵ ਨਿਵਾਰਿ ਹੀ ॥ 72 ॥

ਚਿਤ ਕੀ ਬ੍ਰਿਤ ਜੋੜ ਕੇ ਅਭਿਆਸ ਠੀਕੈ ਕੀਜਿਐ ॥
ਨਿਸ ਜਾਗ ਕਰ ਕੈ ਖੋਜਨਾ ਰਸ ਸਾਰ ਅੰਮ੍ਰਿਤ ਪੀਜਿਐ ॥
ਜਬ ਹੋਈ ਬ੍ਰਿਤ ਉਥਾਨ ਤੁਮਰੀ ਜਪੋ ਨਾਮ ਰਸੂਲ ਹੀ ॥
ਇਸ ਭਾਂਤ ਪ੍ਰਚਾ ਜੈ ਕਰੋ ਨਹੀ ਸਹੋ ਜਮ ਕੀ ਸੂਲ ਹੀ ॥ 73 ॥

ਦੋਹਰਾ :- ਸੁਨੇ ਵਾਕ ਮੀਏ ਜਬੇ ਬੈਠੋ ਮਧ ਧਿਯਾਨ ॥
ਕਰ ਅਭਿਆਸ ਦਿਨ ਥੋਰ ਮੇ ਪਾਇਓ ਆਤਮ ਗਿਆਨ ॥ 74 ॥

ਆਤਮ ਦਰਸੀ ਭਇਓ ਐਸ ਜਬ ਕਰੀ ਕਮਾਈ ॥
ਮੁਰਸਦ ਪੂਰਨ ਮਿਲਾ ਬਿਆਧ ਤਿਨ ਸਕਲ ਮਿਟਾਈ ॥
ਸਤਿ ਸੰਗਤਿ ਪ੍ਰਤਾਪ ਬਦ ਸਭ ਸਿਮ੍ਰਤ ਜਾਨੈ ॥
ਬਿਯਾਸ ਪਰਾਸਰ ਰਖੀ ਮੁਨੀ ਵਸਿਸਟ ਪਛਾਨੈ ॥
ਬ੍ਰਹਮ ਬਿਸ਼ਨ ਸ਼ਿਵ ਆਦਿ ਲੈ ਜਾਨੈ ਸੁਰ ਨਰ ਦੇਵ ਹੈ ॥
ਸਤਿ ਸੰਗਤਿ ਪ੍ਰਤਾਪਿ ਬਖ ਲਖੈ ਨ ਕੋਈ ਭੇਵ ਹੈ ॥ 75 ॥

ਸਤਿ ਸੰਗਤਿ ਪ੍ਰਤਾਪ ਸਿੰਧ ਮੈ ਪਾਥਰ ਤਾਰੇ ॥
ਸਤਿ ਸੰਗਤਿ ਪ੍ਰਤਾਪ ਭੀਲ ਅਰ ਕ੍ਰਾਂਤ ਉਧਾਰੇ ॥
ਸਤਿ ਸੰਗਤਿ ਪ੍ਰਤਾਪ ਅਜਾਮਲ ਗਨਕਾ ਤਾਰੀ ॥
ਸਤਿ ਸੰਗਤਿ ਪ੍ਰਤਾਪ ਗੌਤਕ ਤ੍ਰੀਯ ਸਤੀ ਉਧਾਰੇ ॥
ਸਤਿ ਸੰਗਤਿ ਪ੍ਰਤਾਪ ਕੋ ਲਖੈ ਸੁ ਸੁਰ ਨਰ ਦੇਵ ਹੀ ॥
ਬ੍ਰਹਮ ਬਿਸਨ ਸਿਵ ਆਦਿ ਸਭ ਸਮਝਤਿ ਤਿਨ ਕੋ ਭੇਵ ਹੀ ॥ 76 ॥

Digitized by Panjab Digital Library | www.panjabdigilib.org

ਗੀਆ ਮਾਲਤੀ ਛੰਦ :—

ਜੋ ਪਾਇ ਮਨੁਖ ਦੇਹ ਕੋ ਨਹ
ਕਰੈ ਯਾਦ ਖੁਦਾਇ ਹੀ ॥
ਤਿਨ ਜਨਮ ਅਪਨਾ ਹਾਰਿਓ
ਲਗ ਜੂਪ ਕੋ ਕੁਦਾਇ ਹੀ ॥
ਵਹ ਆਹਾਨਾਸਾ ਕੂਲ ਕਾਫਰ
ਗੁਨਹ ਗਾਂਰ ਸੁ ਜਾਨਿਐ ॥
ਸੰਤਾਨ ਤਾਸ ਹੈਵਾਨ ਸਮਝੋ
ਦੋਜ ਕੀ ਮਨਿ ਮਨਿ ਆਨਿਐ ॥ 77 ॥

ਜੋ ਖਾਤ ਰਿਸ਼ਵਤ ਕਿਸ ਕੀ
ਹਕ ਕਿਸੀ ਕਾ ਗਵਾਇ ਕੈ ॥
ਜੋ ਭਰੇ ਝੂਠੀ ਸਾਖ ਕਿਸਕੀ
ਦਏ ਬਿਖ ਖਵਾਇਕੈ ॥
ਹਰਾਮ ਖੋਰ ਪਲੀਤ ਮੁਜਰਮ
ਤਾਸ ਮੂਜੀ ਭਾਖਿਐ ॥
ਬਦ ਬਖਤ ਚੁਗਲ ਬਖੀਲ
ਗਾਫਲ ਨਿੰਦਕੰ ਜੋ ਆਖਿਐ ॥ 78 ।

ਦੋਹਰਾ :- ਤਿਨ ਕੀ ਸੰਗਤਿ ਨਹ ਕਰੋ ਜੋ ਬੇਮੁਖ ਗੁਰ ਪੀਰ ॥
ਲੋਕ ਗਇਓ ਪ੍ਰਲੋਕ ਨਹ ਪਚ ਪਚ ਮਰੇ ਬਿਪੀਰ ॥ 79 ॥

ਸਵੈਯਾ :- ਸਿਖ ਸਿਦਕ ਸਬੁਰ ਕੋ ਧਾਰਿ ਭਲੇ
ਮਨ ਸਬਰ ਕਰੇ ਦੁਏ ਕਰੋਧ ਨਿਵਾਰੇ ॥
ਦੁਖ ਔ ਸੂਖ ਏਕ ਸਮਾਨ ਹੈ
ਆਨ ਬਨੇ ਲਏ ਸੀਸ ਤੇ ਧਾਰੇ ॥
ਲੋਭ ਔ ਮੋਹ ਹੰਕਾਰ ਤਜੇ ਕਾਮ
ਕਮਾਦਕ ਕਰਮ ਨ ਚੀਤਿ ਚਿਤਾਰੇ ॥
ਜਾ ਬਿਧ ਸੁਹਧ ਸਹੀਦ ਮੁਸਾਫਰ
ਪੀਰ ਫਕੀਰ ਹੋਇ ਆਪ ਵਿਚਾਰੇ ॥ 80 ॥

ਅੜਿਲ :- ਭਾਈ ਜੀ ਕੀ ਸਿਖਿਆ ਮੀਆਂ ਮਾਨ ਕੈ ॥
ਕਦਮਨ ਉਪਰ ਪਗ ਸੁ ਮੁਰਸਦ ਜਾਨ ਕੈ ॥
ਦਿਲ ਕੀ ਮਿਟੀ ਦਲੀਲ ਰੂਹ ਭਇਓ ਸਾਫ ਹੈ ॥
ਹੋ ਜੇਤਕ ਥੀ ਤਕਸੀਰ ਹੋਤ ਭਈ ਮਾਫ ਹੈ ॥ 81 ॥

Digitized by Panjab Digital Library | www.panjabdigilib.org

ਚਪਇ :- ਜਵਾਨ ਜਾਟ ਚਧ੍ਰਤਿਹ ਜਾਤ ॥
ਮਿਹਰ ਕਰੀ ਭਾਈ ਬਿਖਿਯਾਤ ॥
ਜਾਹਰ ਕਥਾ ਅਹੈ ਜਗ ਬੀਚ ॥
ਸਬ ਜਾਨਤ ਤਿਸ ਉਚ ਸੁ ਨੀਚ ॥ 82 ॥

ਦੋਹਰਾ :- ਜਿਸ ਪ੍ਰਕਾਸ ਕਥ ਹੈ ਸੁਨੀ ਤੈਸਕ ਲਿਖੀ ਉਮੰਗ ॥
ਪੂਰਨ ਭਇਓ ਇਤਹਾਸ ਇਹ ਚਲਿਓ ਅਵਰ ਪ੍ਰਸੰਗ ॥ 83 ॥

ਗੀਆ ਮਾਲਤੀ ਛੰਦ :—

ਦੋਇ ਬੀਸ ਕ ਧਿਆਏ ਇਸ ਕੇ ਭਏ ਪਰਨ ਜਾਨਿਐ ॥
ਜੋ ਕਰੀ ਗੋਸਟ ਮੀਏ ਭਾਈ ਮਿਲੈ ਆਪ ਸੁ ਮਾਨਿਐ ॥
ਚਿਤ ਲਾਇ ਪਢੇ ਸੁ ਕਰੈ ਇਸਕੋ ਸੁਨੈ ਬ੍ਰਤ ਕੋ ਰੋਕ ਹੈ ॥
ਵਹ ਕਾਟ ਬ੍ਰਧਨ ਅਜਰ ਸਿਲਕਾ ਜਾਤਿ ਹਰਿ ਕੇ ਲੋਕ ਕੈ ॥ 84 ॥

ਦੋਹਰਾ :- ਬੀਸਕ ਤੀਨ ਧਿਯਾਵ ਕੀ ਆਗੈ ਕਥਾ ਉਚਾਰ ॥
ਜੈਸ ਭਾਤਿ ਜਗ ਵਰਿ ਹੈ ਜਾਨਤ ਸਭ ਸੰਸਾਰ ॥ 85 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 85 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਵਰਨਨ ਭਾਈ ਮੀਯੈ ਗੋਸਟ ਬਾਈ ਸਮੋ ਧਿਯਾਇ ਸਮਾਪਤ ਮਸਤ ਸਭ ਮਸਤ ॥ 22 ॥

—0—

Digitized by Panjab Digital Library | www.panjabdigilib.org

ਤੇਈਵਾਂ ਧਿਆਇ

ਦੋਹਰਾ :- ਅਸਟਮ ਸ੍ਰੀ ਹਰਿ ਕ੍ਰਿਸ਼ਨ ਗੁਰ ਬਾਲ ਰੂਪ ਭਗਵਾਨ ॥
ਤਿਨ ਪਦ ਪਲਵ ਧੂਰ ਲੈ ਧਰੋ ਸੀਸ ਪਰ ਮਾਨ ॥ 1 ॥

ਜਬਿ ਤੇ ਸ਼ਤਿ ਗੁਰ ਸਿਉ ਮਿਲੈ ਚੜਿਓ ਅਭੂਤਿਕ ਰੰਗ ॥
ਨਿਸ ਬਾਸਰ ਤਿਹ ਜਾਨਿਓ ਹੋਤ ਸਦਾ ਸਤਿ ਸੰਗ ॥ 2 ॥

ਸਵੈਯਾ :- ਰਿਧ ਅਉ ਸਿਧ ਸੁ ਨਿਧ ਨਵੈ ਜਿਹ
ਧਾਮ ਬਸੈ ਨਿਤ ਬਾਰ ਬੁਹਾਰੈ ॥
ਤਿਨ ਕਵਨ ਕਮੀ ਜਗ ਭੀਤਰ ਹੈ.
ਜਿਸ ਨਾਮ ਲਏ ਮਿਟ ਹੈ ਅਘ ਸਾਰੇ ॥
ਮਨ ਕੋ ਸੰਕਲਪ ਸੁ ਪੂਰਨ ਹੈ ਪਰ
ਪੂਰਨ ਸਰਬ ਗਬਿੰਦ ਨਿਹਾਰੇ ॥
ਕਛ ਸੰਪਤ ਕੀ ਨਹ ਇਛ ਤਿਨੈ ਕਈ
ਲਛ ਤੇ ਅਛ ਅੰਬਾਰ ਅਪਾਰੇ ॥ 3 ॥

ਬਰਨ ਹੈ ਚਾਰ ਸੁ ਆਸਰਮ ਚਾਰ ਹੈ
ਗਰਸਤ ਸੁ ਆਸ਼ਰਮ ਆਹ ਹੈ ਭਾਰੀ ॥
ਸ਼ਾਸ਼ਤਰ ਸਿਮ੍ਰਿਤ ਬੇਦ ਬਖਾਨਤ
ਬਿਆਸ ਬਸਿਸਟ ਰਿਖੀਸ ਉਚਾਰੀ ॥
ਸ੍ਰੀ ਗੁਰ ਨਾਨ ਪੰਥ ਰਚਾ ਵਹ
ਗ੍ਰਸਤ ਸਲਾਹਤ ਹੈ ਬਿਰਤ ਧਾਰੀ ॥
ਕਰ ਕਿਰਤ ਸੁ ਵਿਰਤ ਹੈ ਧਰਮ
ਕਮਾਵਤ ਤਾ ਸਮ ਸਾਧ ਨ ਸੰਤ ਵਿਚਾਰੀ ॥ 4 ॥

Digitized by Panjab Digital Library | www.panjabdigilib.org

ਐਸੇ ਹੀ ਜਾਨ ਕੈ ਗਰਸਤ ਕਮਾਵਤ
ਸੰਤ ਕੀ ਸੇਵ ਕਰੇ ਚਿਤ ਲਾਈ ॥
ਜਗਤ ਵਿਵਹਾਰ ਸੁ ਜਾਨ ਭਲੇ ਹੁਇ
ਗੁਪਤ ਰਹੈ ਵਹ ਆਪ ਲੁਕਾਈ ॥
ਅਵਸਰ ਪਾਇ ਕੈ ਹਾਟ ਮੈ ਆਵਤ
ਬੈਠਤ ਹੈ ਤਿਹ ਠੌਰ ਮੈ ਆਈ ॥
ਵਣਜ ਕਰੇ ਜੁਈ ਲੇਤ ਸੁ ਦੇਤ ਹੈ
ਪੂਰਨ ਜਾਨ ਸੁ ਤਾਸ ਕਮਾਈ ॥ 5 ॥

ਦੋਹਰਾ :- ਜਾ ਬਿਧ ਕਰੈ ਵਿਵਹਾਰ ਕੋ ਸੁਨੋ ਸੰਤ ਨਿਰ ਮੋਲ ॥
ਏਕ ਸੁਖਨ ਸੁ ਏਕੁ ਅਘੁ ਏਕੋ ਤਕੜੀ ਤੋਲ ॥ 6 ॥

ਰੁਪਏ ਅਧੇਲੀ ਪਾਵਲਾ ਏਕੋ ਧਾਰਨ ਪਾਇ ॥
ਨਿਰਖੈ ਅਪਨੇ ਧਾਮ ਮੈ ਪੂਰਨ ਪੂਰਾ ਆਇ ॥ 7 ॥

ਚੌਪਈ :- ਮਖਣ ਮਲ ਲੁਬਾਣਾ ਜਾਨ ॥
ਦਛਨ ਕੋ ਨਾਇਕ ਪਹਚਾਨ ॥
ਲਛ ਬੈਲ ਤਿਹ ਆਗਿਆ ਮਾਨੈ ॥
ਜਹ ਕਹ ਚਲੇ ਸਲੇਹ ਪਛਾਨੈ ॥ 8 ॥

ਗੀਆ ਮਾਲਤੀ ਛੰਦ :—

ਜਹ ਲੂਣ ਕੀ ਹੈ ਖਾਣ ਸੁਣੀ ਐ
ਤਾਹ ਮੈ ਚਲ ਜਾਤ ਹੈ ॥
ਦੈ ਦਾਮ ਤਿਨ ਕੋ ਨਿਮਕ ਲੇਵੈ
ਧਾਮ ਕੋ ਵਹਿ ਆਤ ਹੈ ॥
ਇਕ ਬੈਰ ਆਇਓ ਆਪ
ਚਲਿਕੈ ਮਖਣੰ ਮਲ ਜਾਨਿਐ ॥
ਤਿਨ ਸੁਣੀ ਮਹਿਮਾਂ ਜਗਤਿ ਤੇ
ਇਹੁ ਪੁਰਖ ਪੂਰਨ ਮਾਨਿਐ ॥ 9 ॥

ਮਨ ਆਪਨੇ ਬਿਚਾਰ ਕੀਨਾ
ਦਰਸ ਚਲ ਕਰ ਕੀਜਿਐ ॥
ਕਛ ਬਚਨ ਸੁਨੀਐ ਰਸਨ ਤੈ
ਤਿਹ ਝੋਲ ਅੰਮ੍ਰਿਤ ਪੀਜਿਐ ॥

Digitized by Panjab Digital Library | www.panjabdigilib.org

ਭਗਵੰਤ ਕੋਇ ਹੁ ਰੂਪ ਜਾਨੋ
ਸੰਤ ਨਹ ਕਛੁ ਭੇਦਿ ਹੈ ॥
ਜੋ ਭਾਵ ਨਾ ਧਰ ਆਇ ਮਿਲਿ ਹੈ
ਮਿਟੈ ਜੁਰਤਿ ਸੁ ਖੇਦਿ ਹੈ ॥ 10 ॥
ਸਚੁਜ ਸਗਰੀ ਸੌਂਪ ਕੈ ਵਹ
ਆਪ ਚਲ ਕਰ ਆਇਓ ॥
ਦੁਇ ਚਾਰ ਨਾਇਕ ਸੰਗ ਹੈ
ਸਭ ਅਵਰ ਡੇਰੇ ਛਾਇਓ ॥
ਤਿਸ ਨਗਰ ਮੈ ਪਰਵੇਸ ਕੀਨੋ
ਪੂਛਿਉ ਧਰ ਭਾਵਨੋ ॥
ਭਾਈ ਜੀ ਕਿਹ ਠੌਰ ਹੋਵਗਿ
ਦਰਸ ਉਨ ਕੋ ਪਾਵਨੋ ॥ 11 ॥

ਦੋਹਰਾ :- ਲੋਗਨ ਦਇਓ ਬਤਾਇਕੈ ਭਾਈ ਜੀ ਕਾ ਥਾਨ ॥
ਉਹਾ ਚਲ ਕਰ ਜਾਈਐ ਪਾਵਹੁ ਤਾਹ ਆਰਾਮ ॥ 12 ॥
ਮਖਨ ਮਲ ਤਹਿ ਆਇਓ ਜਹ ਭਾਈ ਕੋ ਹਾਟ ॥
ਤੇ ਝਗਰਤ ਪਰੀ ਨਿਰਖੀ ਤਿਰਆ ਸੁ ਜਾਟ ॥ 13 ॥

ਚੌਪਈ :- ਮਖਨ ਮਲ ਬੈਠਾ ਤਹ ਠੌਰ ॥
ਦ੍ਰਿਸਟ ਕਰੀ ਭਾਈ ਕੀ ਉਰ ॥
ਉਰ ਭਾਈ ਬੰਨੋ ਲਿਓ ਪਛਾਨ ॥
ਮਖਨ ਮਲ ਲੁਬਾਨਾ ਜਾਨ ॥ 14 ॥

ਸਵਯਾ :- ਪ੍ਰਗਟ ਬਾਤ ਨ ਕੀਨ ਤਿਨੈ
ਮਨ ਆਪਨ ਮੈ ਸੁ ਲੀਨ ਪਛਾਨੀ ॥
ਮਖਣ ਮਲ ਅਹੈ ਇਹੁ ਨਾਇਕ
ਦਛਣ ਦੇਸ ਬਸੈ ਸੁਰ ਗਿਆਨੀ ॥
ਸਮਝ ਲਈ ਚਿਤ ਬੀਚ ਵਿਚਾਰ ਕੁ
ਭਾਈ ਜੀ ਜਗਤ ਭਲੇ ਬੁਧ ਖਾਨੀ ॥
ਇਤ ਹੀ ਉਤ ਆਪਸ ਬੀਚ ਵਿਚਾਰ ਕੈ
ਪ੍ਰਗਟ ਨਾਹ ਕਰ ਕਿਸ ਭਾਨੀ ॥ 15 ॥

ਦੋਹਰਾ :- ਜੇਤਕ ਸੰਗਤਿ ਸਾਥ ਥੀ ਮਖਨ ਮਲ ਕੈ ਜਾਨ ॥
ਤਿਨ ਕੀ ਕਿਰਆ ਦੇਖ ਕੈ ਮਨ ਮੈ ਭਏ ਹੈਰਾਨ ॥ 16 ॥

ਤੋਟਕ ਛੰਦ : ਘਟਕਾ ਦੁਇ ਬੈਠ ਕੇ ਜਾਤ ਗਯੋ ॥
ਮੁਖ ਤੇ ਬਚਨਾ ਨਹ ਤਾਸ ਕਯੋ ॥

Digitized by Panjab Digital Library | www.panjabdigilib.org

ਤਿਸ ਕੈ ਕਛ ਸਾਥ ਜੁ ਔਰ ਅਹੈ ॥
ਮਗ ਮਖਣ ਸੰਗ ਸੁ ਪੂਛ ਕਹੈ ॥ 17 ॥

ਚਲ ਕੈ ਤੁਮ ਆਪ ਉਚੇਚ ਅਏ ॥
ਮਖ ਤੇ ਕਛ ਨਾਹ ਸ ਬਾਕ ਕਏ ॥
ਏਹ ਕਾਰਨ ਮੋਹ ਬਤਾਇ ਦਓ ॥
ਕਹੁ ਕਉਨ ਨ ਮਿਤ ਸੁ ਮੋਨ ਰੁਓ ॥ 18 ॥

ਦੋਹਰਾ :- ਮਖਨ ਮਲ ਤਿਨ ਸੋ ਕਹਾ ਸੁਨੋ ਬਾਤ ਧਰ ਕਾਨ ॥
ਸਾਧੂ ਕਿਰਆ ਸੁ ਨਿਰਖਕੈ ਪ੍ਰਗਟ ਨਾ ਕਰੇ ਜਹਾਨ ॥ 19 ॥

ਛਪੈ ਹਮ ਉਨ ਕੋ ਲਓ ਜਾਨ ਉਨੈ ਹੈ ਮੁਝੈ ਪਛਾਨੋ ॥
ਦਰਸ਼ਨ ਕੋ ਹੈ ਲਾਭ ਸਾਧ ਸਿਖ ਤੀਰਥ ਜਾਨੋ ॥
ਗਰਸਤ ਬਿਖੈ ਜੁ ਅਹੈ ਜਗਤ ਤੇ ਆਪ ਦੁਰਾਈ ॥
ਬਨ ਮਧ ਛਪਾ ਜੁ ਸ਼ੇਰ ਪ੍ਰਗਟ ਹੋਇ ਪਰੈ ਲੁਕਾਈ ॥
ਸੰਪਤਿ ਸੁਤ ਸਭ ਮਾਂਗ ਹੈ ਮੁਝ ਕੋ ਇਹੁ ਕਛੁ ਦੀਜਿਐ ॥
ਕਰਤ ਵਿਘਨ ਵਿਚ ਭਜਨਕੇ ਉਨਕੋ ਖਵਾਰ ਨ ਕੀਜਿਐ ॥ 20 ॥

ਇਹੁ ਸੰਸਾਰ ਵਿਕਾਰ ਹੈ ਅਪਦਾ ਕੀ ਖਾਨੀ ॥
ਕਬਹੁ ਨ ਮਿਟ ਹੈ ਲੰਰ ਹੋਰ ਮਾਂਗਤ ਅਗਿਆਨੀ ॥
ਭੋਜਨ ਭਲੋ ਖਵਾਇ ਗਵਾਇ ਤਿਸ ਕੀ ਬਿਰਤ ਦੇਹੀ ॥
ਉਨ ਕੈ ਅਰਥ ਅਰਾਧ ਨਾਮ ਪ੍ਰਮੇਸ਼ਰ ਲੇਹੀ ॥
ਅਪਨੋ ਆਪ ਗਵਾਇਕੈ ਦਨੀਆਂ ਕੈ ਹਿਤ ਸੇਵ ਹੈ ॥
ਭੂਤ ਪਰੇਤ ਜਛ ਜਖਨੀ ਅਵਰ ਜੁ ਦੇਵੀ ਦੇਵ ਹੈ ॥ 21 ॥

ਦੋਹਰਾ :- ਇਹੁ ਜਗ ਕੀ ਮਿਰਜਾਦ ਹੈ ਕਰ ਹੈ ਸਾਧੂ ਸੇਵ ॥
ਪੀਛੇ ਤੇ ਫਿਰ ਮਾਂਗ ਹੈ ਧਨ ਸੁਤ ਮੁਝ ਪ੍ਰਿਤ ਦੇਵ ॥ 22 ॥

ਸਵੈਯਾ :- ਸਾਧ ਅਟੰਕ ਰਹੈ ਹੈ ਜਗ ਭੀਤਰ
ਸੋ ਰਸ ਸਾਰ ਹੈ ਬ੍ਰਹਮ ਕੋ ਜਾਨੈ ॥
ਅੰਮ੍ਰਤ ਪਾਨ ਸੁ ਨਾਮ ਕਰਾ ਨਹੀ
ਅਵਰ ਕਰੀ ਕਿਸ ਕੀ ਉਨ ਕਾਨੈ ॥
ਵਹਿ ਮੋਖ ਕੋ ਭਾਜਨ ਆਹਿ ਸਦਾ
ਇਤ ਉਤ ਸੁ ਜਾਹਰ ਬੀਚ ਜਹਾਨੈ ॥
ਐਸੇ ਸੰਤ ਸੁ ਮਿਲਤ ਤਿਸੈ ਜਿਸ
ਪੂਰਨ ਭਾਗ ਜੁ ਹੋਇ ਮਥਾਨੈ ॥ 23 ॥

Digitized by Panjab Digital Library | www.panjabdigilib.org

ਦੋਹਰਾ :- ਮਖਨ ਮਲ ਪ੍ਰਸੰਗ ਏਹੁ ਸਭ ਪ੍ਰਿਤ ਦਇਓ ਸੁਨਾਇ ॥
ਮਨ ਕੋ ਭਰਮ ਭਇਓ ਦੂਰ ਤਿਨ ਨਿਰਮਲ ਬੁਧ ਭਈ ਆਇ ॥ 24 ॥

ਜਾ ਬਿਧ ਕਥਾ ਪ੍ਰਸੰਗ ਏਹੁ ਮਖਨ ਮਲ ਕੋ ਜਾਣ ॥
ਜੈਸੇ ਕਛੁ ਸੁਣ ਪਾਇਓ ਤੈਸੇ ਕਰਾ ਬਖਾਨ ॥ 25 ॥

ਚੌਪਈ :- ਕਛੁ ਪ੍ਰਸੰਗ ਅਵਰ ਸੁਨ ਲੀਜੈ ॥
ਕਹੋ ਸਿਖ ਇਤ ਸਰਵਣ ਕੀਜੈ ॥
ਏਕ ਮਸੰਦ ਗੁਰੂ ਕਾ ਜਾਣ ॥
ਗੁਰ ਅਰਜਨ ਭੇਜਾ ਪਹਿਚਾਣ ॥ 26 ॥

ਹੁਕਮ ਨਾਮ ਤਿਸਕੋ ਲਿਖ ਦੀਨ ॥
ਖਾਰੇ ਭੇਜ ਸੁ ਦਇਓ ਪ੍ਰਬੀਨ ॥
ਭਾਈ ਕੋ ਮਿਲਿਓ ਵਹ ਆਇ ॥
ਹੁਕਮ ਗੁਰੂ ਕਾ ਦਇਓ ਦਿਖਾਇ ॥ 27 ॥

ਗੀਆ ਮਾਲਤੀ ਛੰਦ :—

ਹੁਕਮ ਨਾਮ ਸੁ ਦੇਖ ਕੈ ਤਹਿ ਅਗਰ ਸੀਸ ਨਿਵਾਇਓ ॥
ਧਰ ਭੇਟ ਪੂਜਾ ਹੈ ਕਰੀ ਬਹੁ ਭਾਵ ਮੁਖ ਤੇ ਗਾਇਓ ॥
ਫਿਰ ਧਰਮ ਸਾਲਾ ਆਨ ਕੈ ਕਰਵਾਇ ਡੇਗ ਤਾਸ ਕੋ ॥
ਸਭ ਟਹਿਲ ਕੀਨਸ ਤਿਸੈ ਕੇਰੀ ਪੂਰ ਕੀਨਸ ਆਸ ਕੋ ॥ 28 ॥

ਤਬ ਬੋਲਿਓ ਮਸੰਦ ਗੁਰ ਕੋ ਹੁਕਮ ਤੁਮ ਇਹੁ ਮਾਨਿਐ ॥
ਇਸ ਦੇਸ ਕੇ ਜੋ ਦਾਮ ਜੇਤਕ ਸਕੇਲ ਕੇ ਸਭ ਆਨਿਐ ॥
ਦਸਵੰਧ ਗੋਲਕ ਭੇਂਟ ਜੇਤੀ ਮਨਤ ਔਰ ਮਨੌਤ ਹੀ ॥
ਸਭ ਸੰਗਤਿ ਸੁਨਾਇ ਦੀਜੇ ਰੁਜੂ ਆਨ ਸੁ ਹੋਤ ਹੀ ॥ 29 ॥

ਲਿਖਕੇ ਅਰਦਾਸ ਭਾਈ ਭੇਜ ਦੀਨੀ ਸੰਗਤੀ ॥
ਗੁਰੂ ਕੋ ਮਸੰਦ ਆਇਓ ਮਿਲੋ ਸਭ ਹੋਇ ਪੰਗਤੀ ॥
ਹੁਕਮ ਹੈ ਗੁਰ ਦੇਵ ਜੀ ਕਾ ਤੁਮੇ ਕੋ ਫੁਰਮਾਇਓ ॥
ਸਕੇਲ ਕੇ ਸਭ ਕਾਰ ਜਿਤਨੀ ਦੇ ਹੁਇ ਨ ਜੁ ਆਇਓ ॥ 30 ॥

ਸੁਨੇ ਅਸ ਜਬ ਬਚਨ ਸੰਗਤਿ
ਦਰਸ ਕੋ ਚਲ ਆਵਈ ॥
ਮਿਲ ਜੋੜ ਕੀਨ ਸੁ ਰੈਨ ਕੋ

Digitized by Panjab Digital Library | www.panjabdigilib.org

ਸਭ ਜਾਗ ਕੀਰਤਨ ਗਾਵਈ ॥
ਕਰ ਕੜਾਹ ਚੌਕੀ ਰਾਖਿਓ ਭਇਓ
ਈਸ ਕੋ ਅਸ ਖਿਯਾਲ ਹੈ ॥
ਲੋਭ ਕੀ ਮਲਨ ਲੇਹਰ ਜਾਗੀ
ਮਸੰਦ ਚਿਤ ਬਿਹਾਲ ਹੈ ॥ 31 ॥

ਕੜਾਹ ਕੋ ਲੁਕਾਇਕੇ ਮੁਖ
ਆਪਣੇ ਤਿਨ ਪਾਇਓ ॥
ਮਿਰਜਾਦ ਗੁਰ ਕੀ ਭੰਗ ਕੀਨੀ
ਅਰਦਾਸ ਬਿਨ ਹੈ ਖਾਇਓ ॥
ਬੰਨਵਾਲੀ ਬੋਲਿਓ ਕੁਛ ਖੁਨਸ
ਮਨ ਮੇ ਧਾਰ ਕੇ ॥
ਜਿਨ ਕੀਨ ਐਸ ਅਨੀਤ ਹੈ
ਵਹਿ ਮਰੇ ਗੋ ਹੈਵ ਖਵਾਰ ਕੇ ॥ 32 ॥

ਇਹੁ ਪਚੇ ਗੋ ਨਹ ਤਾਹ ਕੁਨ ਕਾ
ਪੇਟ ਪਾੜ ਸੁ ਆਇ ਹੈ ॥
ਇਹੁ ਆਂਦਰਾਂ ਕੋ ਫੈਰ ਕੋ
ਫਿਰ ਨਿਕਸ ਬਾਹਰ ਜਾਇ ਹੈ ॥
ਅਸ ਬਚਨ ਭਾਈ ਜੀ ਕਹੈ
ਤਬ ਸੁਨੈ ਤਾਸ ਮਸੰਦ ਹੀ ॥
ਮਨ ਮਾਹ ਲਾਜ ਮਨਹ ਭਇਓ
ਮੁਖ ਬੋਲਿਓ ਮਤ ਮੰਦ ਹੀ ॥ 33 ॥

ਦੋਹਰਾ :- ਤਬ ਮਸੰਦ ਅਸ ਬੋਲਿਓ ਜਿਨ ਮੁਹ ਦਇਓ ਸ੍ਰਾਪ ॥
ਨਹ ਰਹ ਹੈ ਇਸ ਦੇਸ ਮੈ ਉਸ ਕੋ ਇਹੁ ਸੰਤਾਪ ॥ 34 ॥

ਚੌਪਈ :- ਇਸੀ ਦੇਸ ਨਹ ਤਿਹ ਸੰਤਾਨ ॥
ਅਵਰ ਕਹੂੰ ਬਸਏ ਵਹ ਜਾਨ ॥
ਤਿਆਗੈ ਵਤਨ ਕਿਤੈ ਜਾ ਰਹੈ ॥
ਮਸੰਦ ਬਚਨ ਮੁਖ ਤੇ ਅਸ ਕਹੈ ॥ 35 ॥

ਦੋਹਰਾ :- ਐਸੇ ਕਵਤਕ ਤਿਹ ਭਇਓ ਸੁਨੋ ਸੰਤ ਧਰਧੀਰ ॥
ਬੈਠੇ ਤਿਸ ਅਸਥਾਨ ਮੈ ਪਰੀ ਪੇਟ ਤਹਿ ਪੀਰ ॥ 36 ॥

Digitized by Panjab Digital Library | www.panjabdigilib.org

ਚੌਪਈ :- ਭਇਓ ਦਰਦ ਤਹ ਕੋ ਬਡ ਭਾਰੀ ॥
ਕਵਨ ਕਰੇ ਸਤਿਗੁਰ ਬਿਨ ਕਾਰੀ ॥
ਪ੍ਰਮੇਸਰ ਕੀ ਕਰੀ ਜੁ ਹੋਇ ॥
ਸਿਖ ਸਾਧ ਮੇਟਤ ਹੈ ਸੋਇ ॥ 37 ॥

ਕਰੇ ਸੰਤ ਮੁਖ ਬਚਨ ਜੁ ਕੋਈ ॥
ਈਸ ਮਿਟਾਇ ਸਕਤ ਨਰ ਸੋਈ ॥
ਭੂਮ ਮਾਹ ਲੋਟਤ ਬਹੁ ਬਾਰ ॥
ਹਾ ਹਾ ਮੁਖ ਤੇ ਕਰੇ ਉਚਾਰ ॥ 38 ॥

ਹੋਨਹਾਰ ਐਸੀ ਬਿਧ ਕਰੀ ॥
ਫੂਟਾ ਪੇਟ ਤਾਸ ਤਿਸ ਘਰੀ ॥
ਆਂਦਰਾਂ ਪਰੀ ਨਿਕਸ ਤਿਸ ਬਾਹਰ ॥
ਸਭੀ ਨਿਹਾਰਤ ਸੰਗਤਿ ਜਾਹਰ ॥ 39 ॥

ਸਵੈਯਾ :- ਹੋਇ ਅਸਚਰਜ ਕਹੀ ਸਤਿ ਸੰਗਤਿ
ਭੰਗ ਮਿਜਾਦ ਕਰੀ ਇਨ ਜਾਨੋ ॥
ਜੈਸੀ ਸੀ ਨੀਤ ਮੁਰਾਦ ਭਈ ਤਸ
ਭਾਵਨ ਕੋ ਫਲ ਪਾਇ ਸੁ ਮਾਨੋ ॥
ਮਰਤ ਭਇਓ ਬਡ ਕਸ਼ਟ ਕੋ ਪਾਇਕੈ
ਪਰਾਰ ਭਇਓ ਬੀਚ ਦੋਇ ਜਹਾਨੋ ॥
ਲੋਕ ਗਇਓ ਪ੍ਰਲੋਕ ਨਹੀਂ ਗਤਿ
ਜਾਂ ਬਿਧ ਬਾਂਤ ਸੁ ਤਾਹ ਬਖਾਨੋ ॥ 40 ॥

ਦੋਹਰਾ :- ਗੁਰ ਕੀ ਆਗਿਆ ਭੰਗ ਕਰੀ ਕਰਮ ਕਰਾ ਬਡ ਨੀਚ ॥
ਤੈਸੋ ਹੀ ਫਲ ਤਿਨ ਲਹਾ ਗਇਓ ਆਨ ਕਰ ਮੀਚ ॥ 41 ॥

ਚੌਪਈ :- ਸੰਸਕਾਰ ਤਿਸ ਕਾ ਫਿਰ ਕਇਓ ॥
ਭਇਓ ਹਵਾਲ ਸੁ ਸਭ ਲਿਖ ਲਇਓ ॥
ਸ੍ਰੀ ਗੁਰ ਅਰਜਨ ਚਰਨਨ ਪਾਸ ॥
ਬਿਨੈ ਕਰੀ ਤਹ ਪੈ ਅਰਦਾਸ ॥ 42 ॥

ਭੇਜ ਦਿਇਓ ਤਿਨ ਕਾ ਅਸਬਾਬ ॥
ਕਰੀ ਖਬਰ ਬੀਤੀ ਤਹ ਬਾਬ ॥
ਸੁਨ ਕਰ ਸ੍ਰੀ ਸਤਿਗੁਰ ਅਸ ਕਹਾ ॥
ਜਸ ਤਿਸ ਕਰਾ ਤਾਸ ਫਲ ਲਹਾ ॥ 43 ॥

Digitized by Panjab Digital Library | www.panjabdigilib.org

ਦੋਹਰਾ :- ਜੁ ਮਿਰਜਾਦ ਹੈ ਗੁਰ ਕਹੀ ਕਰੈ ਜੁ ਤਿਸੰਕੋ ਭੰਗ ॥
ਇਤ ਉਤ ਗੁਰ ਕਾ ਚੌਰ ਹਵੈ ਮਰੈ ਅੰਤ ਹੋਇ ਤੰਗ ॥ 44 ॥

ਸਵੈਯਾ :- ਅਸਹਾਲ ਮਸੰਦ ਕਾ ਹੋਤ ਭਇਓ ॥
ਸੁਣਿਉ ਸਭ ਦੇਸ ਸਦੇਸ ਸੁ ਸਾਰੇ ॥
ਬਚਨ ਕਹੈ ਤਿਨ ਜੋ ਮੁਖ ਤੇ ਧਰ
ਕਰੋਧ ਹੀਏ ਮਨ ਸਾਂਤ ਨਿਵਾਰੇ ॥
ਜਦਪ ਦੁਰਮਤ ਆਹਿ ਬਡੋ
ਹੰਕਾਰ ਭਰਿਓ ਗੁਰ ਬਿਰਦ ਸੁਧਾਰੇ ॥
ਤਦਪ ਵਾਕ ਸੁ ਸਤਿ ਭਏ
ਅਬਲੋ ਸਭ ਜਾਨ ਹੈ ਸੋ ਸੰਸਾਰੇ ॥ 45 ॥

ਚੌਪਈ :- ਕਹੈ ਵਾਕ ਮਸੰਦ ਜੁ ਐਸੇ ॥
ਸੀਸ ਚੜਾਇ ਲਏ ਹੈ ਤੈਸੇ ॥
ਤਿਆਗ ਕਰਾ ਆਪਨੋ ਅਸਥਾਨ ॥
ਕੁਠਿਆਲਾ ਸਮਝੈ ਸੁ ਜਾਨ ॥ 46 ॥

ਸਵੈਯਾ :- ਤਿਆਗ ਕੇ ਦੇਸ ਬਿਦੇਸ ਬਸੇ
ਇਕ ਮੀਰ ਪੁਰੇ ਇਕ ਚੌਂ ਮੁਖ ਜਾਨੋ ॥
ਇਕ ਅਨਤ ਧਰਾ ਚਲ ਜਾਤ ਭਏ ਇਕ
ਨਿਕਟ ਗਰਾਮ ਕੇ ਬਾਸ ਬਸਾਨੋ ॥
ਇਹ ਭਾਂਤ ਸੁ ਸਾਖ ਮਸੰਦ ਸੁਣੀ ਸਤਿ
ਸੰਗਤਿ ਪੈ ਕਰੀ ਮੋਹ ਬਖਾਨੋ ॥
ਭੂਲ ਜੁ ਚੂਕ ਭਈ ਮੁਝ ਤੇ ਤੁਮ
ਬਖਸ਼ਨ ਜੋਗ ਅਹੋ ਸੁਰ ਗਿਆਨੋ ॥ 47 ॥

ਦੋਹਰਾ :- ਜਾਂ ਬਿਧ ਕਥਾ ਪ੍ਰਸੰਗ ਏਹੁ ਸੁਣੀ ਸੁ ਲਿਖੀ ਸੁਧਾਰ ॥
ਮੁਝ ਤੇ ਖਤਾ ਜੁ ਹੈ ਭਈ ਪਠੀਐ ਆਪ ਵਿਚਾਰ ॥ 48 ॥

ਗੀਆ ਮਾਲਤੀ ਛੰਦ :-

ਇਕ ਸਿਖ ਸੰਸੋ ਧਾਰ ਮਨ ਮੈ ਭਾਈ ਜੀ ਪ੍ਰਿਤ ਆਇਓ ॥
ਕਰ ਜੋਰ ਦੋ ਇਕਰ ਬੰਦਨਾ ਧਰ ਸੀਸ ਚਰਨੀ ਗਾਇਓ ॥
ਭਰਮ ਭਇਓ ਮੁਝ ਅਗਿਆਨ ਕਾ
ਕਿਵ ਦੂਰ ਇਸ ਕੋ ਕੀਜਿਐ ॥

Digitized by Panjab Digital Library | www.panjabdigilib.org

ਮਿਲ ਪੂਛਿਓ ਮੈ ਬਹੁਤ ਸੰਤਾਨ ॥
ਨਾਹ ਕਿਨਹਿ ਨ ਛੀਜਿਐ ॥ 49 ॥

ਅਬ ਛਾਡ ਕੈ ਉਪਾਵ ਸਗਲੇ ਆਪ ਸਰਨੀ ਆਇਓ ॥
ਜਿਵ ਜਾਨਿਐ ਤਿਵ ਕੀਜਿਐ ਜੁਇ ਆਪਕੇ ਮਨ ਭਾਇਓ ॥
ਸਭ ਦਿਵਸ ਰੈਨੀ ਕੇ ਬਿਖੈ ਏਹੁ ਦੇਤ ਮੁਝ ਕੋ ਦੂਖ ਹੈ ॥
ਜਬ ਤਲਕ ਇਹੁ ਨ ਦੂਰ ਹੋਵੈ ਮੁਝੈ ਕੋ ਨਹ ਸੂਖ ਹੈ ॥ 50 ॥

ਦੋਹਰਾ :- ਤਬ ਭਾਈ ਜੀ ਪੂਛਿਆ ਕਿਆ ਸੰਸਾ ਮਨ ਤੋਰ ॥
ਜੋ ਨਿਪਜਿਓ ਮਨ ਤੋਰ ਭਰਮ ਸੋ ਕਹੀਜੇ ਪ੍ਰਿਤ ਮੋਰ ॥ 51 ॥

ਸਿਖ ਵਾਚ :-

ਦੋਹਰਾ :- ਇਹੁ ਸੰਸਾਰ ਮਿਥਿਆ ਕਿਧੋ ਕੈ ਸਾਚੋ ਨਿਰਧਾਰ ॥
ਏਹੁ ਸੰਸਾ ਹੈ ਮੋਰ ਮਨ ਉਤਾਰ ਦੇਹੁ ਸੁਧਾਰ ॥ 52 ॥

ਚੌਪਈ :- ਜੇਕਰ ਮਿਥਿਆ ਹੈ ਸੰਸਾਰ ॥
ਆਵਤ ਕੈਸੇ ਦ੍ਰਿਸਟ ਪਸਾਰ ॥
ਜੇਕਰ ਸਾਰੀ ਸ੍ਰਿਸਟ ਸੋ ਹੋਇ ॥
ਵੇਦ ਪੁਕਾਰਤਿ ਮਿਥਿਆ ਸੋਇ ॥ 53 ॥

ਦੋਹਰਾ :- ਹਾਸਤ ਖੇਲਤ ਦੇਖੀਐ ਦ੍ਰਿਸਟ ਸੁ ਗੋਚਰ ਜਾਨ ॥
ਮਿਥਿਆ ਕੈਸੇ ਮਾਨੀਐ ॥
ਕਹੋ ਸੁ ਇਸ ਪ੍ਰਮਾਨ ॥ 54 ॥

ਭਾਈ ਵਾਚ :-

ਦੋਹਰਾ :- ਗੰਧਰਬ ਨਗਰ ਸਮ ਦੇਖੀਐ ਮਿਰਗ ਤਿਰਸਨਾ ਜਲ ਭਾਸ
ਤੈਸੇ ਇਹ ਸੰਸਾਰ ਲਖ ਸੁਨੋ ਬਚਨ ਸਿਖ ਤਾਸ ॥ 55 ॥

ਸੁਪਨ ਪਦਾਰਥ ਸੁਪਨ ਮੈ ਭਾਸਤਿ ਹੈ ਸਤਿ ਜਾਨ ॥
ਜਾਗਤਿ ਜਾਹੇ ਬਿਲਾਇ ਵਹਿ ਹੋਤ ਸੋ ਤਿਨਕੀ ਹਾਨ ॥ 56 ॥

ਸਵੈਯਾ :- ਰਾਗ ਔ ਰੰਗ ਸਨੇ ਸਪਨਨ
ਤਰ ਸੁੰਦਰ ਨਾਰ ਸੁਨੈਨ ਨਿਹਾਰੇ ॥
ਲੱਛ ਅਪਾਰ ਨਿਹਾਰਤਿ ਹੈ ਸੁ
ਅੰਬਾਰ ਭਰੇ ਗ੍ਰਿਹ ਸੌਜ ਕੇ ਸਾਰੇ ॥

Digitized by Panjab Digital Library | www.panjabdigilib.org

ਇੰਦਰ ਸਮਾਨ ਸਮਾਜ ਲਖੈ ਰਾਜ
ਅਸਵ ਸੇਜ ਸੁਗੰਧ ਸੁਧਾਰੇ ॥
ਜਾਗ੍ਰਤਿ ਜਾਤ ਵਿਲਾਇ ਸਭੀ ਇਤ
ਊਤ ਨਿਹਾਰਤਿ ਦ੍ਰਿਸਟ ਪਸਾਰੇ ॥ 57 ॥

ਦੋਹਰਾ :- ਇਹੁ ਮਾਰਤਿ ਹੈ ਕਿਸੀ ਕੋ ਇਸ ਕੋ ਫੁਨ ਕਈ ਮਾਰ ॥
ਜਾਗ੍ਰਤਿ ਮੈ ਨਹ ਹਰਖ ਕਛੁ ਨਹ ਤਿਸ ਸੋਗ ਸੁਧਾਰ ॥ 58 ॥

ਚੌਪਈ :- ਦ੍ਰਿਸਟ ਦੋਖ ਜਿਸ ਨਰਕੋ ਹੋਈ ॥
ਗਗਨ ਚੰਦ ਬਿਬ ਦੇਖੇ ਸੋਈ ॥
ਦਿਰਗ ਨਿਰਮਲ ਭਏ ਜਿਸਕੇ ਜਾਨ ॥
ਏਕੋ ਚੰਦ ਨ ਦੂਸਰ ਮਾਨ ॥ 59 ॥

ਸਿਪੀ ਮੈ ਰਪਾ ਜਿਮ ਭਾਸੈ ॥
ਸੂਰਜ ਕਿਰਣ ਸੁ ਜਲ ਪ੍ਰਕਾਸੈ ॥
ਧਰਤੀ ਮਹਿ ਜਿਮ ਆਹ ਦਰੇਰ ॥
ਭਾਸਤ ਸਰਪ ਸੁ ਬੀਚ ਅੰਧੇਰ ॥ 60 ॥

ਸੰਸਾਰ ਰੂਪ ਬਿਛ ਜੋ ਹੈ ਜਾਨ ॥
ਜੜ ਇਸ ਕੀ ਸਮਝੋ ਅਗਿਆਨ ॥
ਕਿਏ ਵਿਚਾਰ ਦੂਰ ਜੜ ਹੋਇ ॥
ਏਕ ਅਖੰਡ ਅਦੁਤੀ ਸਮੋਇ ॥ 61 ॥

ਦੋਹਰਾ :- ਜਬਿ ਲਗ ਸੰਗਿਤਿ ਸਾਧ ਇਸ ਹੋਵਤ ਨਹ ਸੁਜਾਨ ॥
ਤਵ ਲਗ ਸੰਸਾ ਨਹ ਮਿਟੈ ਹੋਇ ਨ ਭਰਮ ਕੀ ਹਾਨ ॥ 62 ॥

ਸਵੈਯਾ :- ਜਬ ਸਿਖ ਕੇ ਭਾਗ ਸੁ ਹੋਇ ਉਦੈ
ਤਬ ਸੰਤਨ ਸੰਗ ਕਰੈ ਅਨਰਾਗੀ ॥
ਤਨ ਮਨ ਧਨ ਸੁ ਅਰਪ ਧਰੇ ਕੁਲ
ਜਾਤ ਅੰ ਵਰਨ ਕੋ ਗਰਬ ਸੁ ਤਿਆਗੀ ॥

ਗੁਰ ਪੂਰਨ ਤੇ ਉਪਦੇਸ ਸੁਨੇ ਸੁ
ਅਵੇਸ ਭਇਓ ਉਰ ਤੇ ਗਇਓ ਭਾਗੀ ॥
ਸੰਤ ਪ੍ਰਤਾਪ ਤੇ ਤਾਪ ਮਿਟੈ ਤਿਨ
ਆਧ ਬਿਆਧ ਉਪਾਧ ਨ ਲਾਗੀ ॥ 63 ॥

Digitized by Panjab Digital Library | www.panjabdigilib.org

ਸੰਸਾਰੀ ਪੁਰਖ ਕੀ ਸੰਗਤਿ ਤਿਆਗ
ਕੈ ਹੋਇ ਅਸੰਗਤਿ ਆਪ ਵਿਚਾਰੇ ॥
ਨਿਰਜਨ ਭੂਪ ਸੁ ਸੁਧ ਥਿਰਾ ਬਨ
ਸੁੰਦਰ ਨਿਵੜ ਸ ਛਾਵ ਨਿਹਾਰੇ ॥
ਜਲ ਕੂਪ ਤੜਾਗ ਸੁ ਬਾਗ ਬਗੀਚਨ
ਬੈਠਤ ਜਾਇ ਸੁ ਨਦਿ ਕਨਾਰੇ ॥
ਬ੍ਰਿਤ ਜੋੜ ਇਕਾਗਰ ਚਿਤ ਕਰੈ ਮਨ
ਡੋਲਤ ਨਾਹ ਸੰਕਲਪ ਨਿਵਾਰੇ ॥ 64 ॥

ਦੋਹਰਾ :- ਨਿਸ ਬਾਸਰ ਅਭਿਆਸ ਕਰ ਦਏ ਸੰਕਲਪ ਨਿਵਾਰ ॥
ਜਲ ਕੰਜ ਨਿਆਈ ਜਗਤਿ ਮੈ ਹੈ ਸਿਖ ਰਹੈ ਨਿਹਾਰ ॥ 65 ॥

ਪ੍ਰਮਾਣਕ ਛੰਦ : ਸੁ ਹੋਇ ਗਿਯਾਨ ਵਾਨਿ ਹੀ ॥
ਮੁਕਤ ਰੂਪ ਮਾਨ ਈ ॥
ਸੁ ਸੰਸ ਨਾਰ ਜਾਨਿਐ ॥
ਪ੍ਰਤੀਤ ਚੀਤ ਆਨਿਐ ॥ 66 ॥

ਜੰਗਤ ਆਹਾ ਝੂਠ ਜੋ ॥
ਨਿਹਾਰ ਤਾਸ ਜਾਨ ਸੋ ॥
ਸਬੰਧ ਜੇਤ ਜਾਨਿਐ ॥
ਸੁ ਧੂਪ ਛਾਇ ਮਾਨਿਐ ॥ 67 ॥

ਚੌਪਈ :- ਐਸੇ ਸੁਨੇ ਬਚਨ ਸਿਖ ਜਬੈ ॥
ਚਰਨ ਸਰਨ ਉਰਧਾਰ ਸੁ ਤਬੈ ॥
ਹਾਥ ਜੋਰ ਬਿਨਤੀ ਤਬ ਕਰੀ ॥
ਕਛੁ ਮੁਹ ਬਾਤ ਅਵਰ ਉਰਧਰੀ ॥ 68 ॥

ਅਪਨੋ ਜਾਨ ਦਇਆ ਜੋ ਹੋਇ ॥
ਮੁਝ ਕੋ ਭੇਦ ਬਤਾਵਹੁ ਸੋਇ ॥
ਸੰਸਾ ਹਮਰੋ ਕਰੀਐ ਦੂਰ ॥
ਹੁਇ ਵਿਚਾਰ ਘਟਿ ਮੈ ਭਰਪੂਰ ॥ 69 ॥

ਭਾਈ ਵਾਚ :—

ਦੋਹਰਾ :- ਜੋ ਮਨ ਤੁਮਰੇ ਭਰਮ ਅਹੇ ਸੋ ਅਬਿ ਕਰੋ ਉਚਾਰ ॥
ਉਤਰ ਤਿਸਕੋ ਭਾਖਿਓ ਲੀਜੋ ਉਰ ਮਧ ਧਾਰ ॥ 70 ॥

Digitized by Panjab Digital Library | www.panjabdigilib.org

ਸਿਖ ਵਾਚ :—

ਦੋਹਰਾ :- ਲਛਨ ਕਹੀਏ ਸਾਧ ਕੇ ਜਿਹ ਮਿਲ ਹੋਇ ਸੁ ਗਿਆਨ ॥
ਤਤਛਿਨ ਹੋਇ ਵਿਚਾਰਚਿਤ ਮਿਟੈ ਸ ਤਿਮਰ ਅਗਿਆਨ ॥ 71 ॥

ਭਾਈ ਵਾਚ :—

ਦੋਹਰਾ :- ਸਮ ਦ੍ਰਿਸ਼ਟੀ ਸਮ ਭਾਵਨਾ ਸਮ ਸਰੂਪ ਉਰਧਾਰ ॥
ਜੈਸੇ ਬਰਸੇ ਮੇਘਲਾ ਜਲ ਥਲ ਊਸਰ ਸਾਰ ॥ 72 ॥

ਕੰਚਨ ਮਾਟੀ ਏਕ ਸਮ ਬੈਰੀ ਮਿਤਰ ਸਮਾਨ
ਨਿੰਦਾ ਉਸਤਤ ਏਕ ਸੀ ਨਾਰ ਮਾਨ ਅਪਿਮਾਨ ॥ 73 ॥

ਕਿਸੀ ਪਦਾਰਥ ਗੰਝ ਨਹ ਕਾਹੂੰ ਪਰ ਨਹ ਖੀਝ ॥
ਪ੍ਰਾਲਭਧ ਸੋ ਜੋ ਮਿਲੇ ਲੇਵਹ ਨਹ ਕਹੂ ਗੀਝ ॥ 74 ॥

ਨਾਰਾਜ ਛੰਦ :—

ਸੁ ਕਾਮ ਕਰੋਧ ਲੋਭ ਮੋਹ ਧਰੋਹ ਨਾਹ ਜਾਸ ਕੋ ॥
ਕਪਟ ਛਲ ਝੂਠ ਕੂਠ ਰੋਹ ਨਾਹ ਤਾਸ ਕੋ ॥
ਬਖੀਲ ਨਿੰਦ ਈਰਖਾ ਜੁ ਚੁਗਲੀ ਨ ਧਾਰਿ ਹੀ ॥
ਸੁ ਸਮ ਦਮ ਆਦਿ ਐਸੇ ਕਰਮ ਕੋ ਬਿਚਾਰ ਹੀ ॥ 75 ॥

ਤਿਰਭੰਗੀ ਛੰਦ :—

ਸੁਨੀਓ ਤੁ ਭਾਈ ਕਹੁੰ ਸਨਾਈ
ਉਪਮਾ ਗਾਈ ਸੰਤਨ ਕੀ ॥
ਲਛਨ ਇਹੁ ਜਾਨੋ ਮਨ ਮਹਿ ਆਨੋ
ਨਹ ਸੰਕ ਮਾਨੋ ਮਨ ਤਨ ਕੀ ॥
ਮੁਖ ਤੇ ਜੋ ਭਾਖੈ ਅੰਮ੍ਰਿਤ ਚਾਖੈ
ਹਿਰਦੈ ਰਾਖੈ ਜੋ ਕੋਈ ॥
ਇਤਿ ਉਤਿ ਸੁਖ ਪਾਵੈ ਜੋਨਨ
ਧਾਵੈ ਦਖ ਨ ਸਾਵੈ ਨਹ ਰੋਈ ॥ 76 ॥

ਚੌਪਈ :- ਐਸੈ ਪੂਰਨ ਮਿਲੈ ਜੁ ਸਾਧ ॥
ਪੂਰੋ ਮਤਿ ਜਿਨ ਬਡੋ ਅਗਾਧਾ ॥
ਤਿਨ ਬਚਨਨ ਕੋ ਧਾਰੇ ਚੀਤ ॥
ਮਿਟੈ ਉਪਦਰਦ ਔਰ ਅਨੀਤ ॥ 78 ॥

Digitized by Panjab Digital Library | www.panjabdigilib.org

ਸਵੈਯਾ:- ਉਟ ਰਾਹੀ ਤਿਨ ਚਰਨਨ ਕੀ ਵਹ
ਸਰਨ ਪਰੋ ਗਇਓ ਭਰਮ ਸੁ ਦੂਰੀ ॥
ਤਿਮਰ ਅਗਿਆਨ ਬਿਨਾਸ ਭਇਓ
ਉਰ ਚਛ ਪ੍ਰਕਾਸ ਰਹਾ ਹੁਇ ਰੂਰੀ ॥
ਕਈ ਜਨਮਨ ਕੇ ਸੁਭ ਕਰਮ ਜਗੇ
ਭਗੇ ਪਾਪ ਸ ਤਾਪ ਰਹੇ ਰਿਦ ਪੂਰੀ ॥ 78 ॥

ਦੋਹਰਾ:- ਭਇਓ ਬੋਧ ਤਿਸ ਸਿਖ ਕੋ ਉਰ ਮਧ ਕਰਾ ਬਿਚਾਰ ॥
ਜਨਮ ਜਨਮ ਕੇ ਫੰਧ ਕਟੇ ਪਾਇਓ ਆਤਮ ਸਾਰ ॥ 79 ॥

ਪੂਰਨ ਭਇਓ ਪ੍ਰਸੰਗ ਏਹ ਬੀਸਕ ਤੀਨ ਧਿਜਾਇ ॥
ਚੜ ਬੀਸਵੋ ਕਹਤ ਹੋ ਸੁਨੋ ਸੰਤ ਸੁਖ ਦਾਇ ॥ 80 ॥

ਸ੍ਰੀ ਵਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 81 ॥

ਇ ਸ੍ਰੀ ਭਾਈ ਬਿੰਨੋ ਪ੍ਰਕਾਸ ਮਖਨ ਮਲ ਮਸੰਦ ਪ੍ਰਸੰਗ
ਬਰਨਨੰ ਤੇਈ ਸਮੋ ਧਿਆਇ ਸਮਾਪਤ ਮਸਤ ਸੁਭ ਮਸਤ ॥ 23 ॥

—0—

Digitized by Panjab Digital Library | www.panjabdigilib.org

ਚੌਵੀਵਾਂ ਧਿਆਇ

ਭਾਈ ਬੰਨੋ ਜੀ ਦਾ ਰੰਗ ਇਸ਼ਨਾਨ

ਅਫਜੂ :-

ਦੋਹਰਾ :- ਤੇਗ ਬਹਾਦਰ ਗੁਰਨ ਗੁਰ ਸੰਤਨ ਕੇ ਸੁਖ ਦਾਨ ॥
ਸੀਸ ਦਇਓ ਜਿਨ ਧਰਮ ਹਿਤ ਰਖਾ ਹਿੰਦ ਕੋ ਮਾਨ ॥ 1 ॥

ਤੀਰਥ ਉਦਮ ਕੋ ਕਰਾ ਜਗਤ ਰੀਤ ਕੋ ਧਾਰ ॥
ਚੋਬੀਸ ਧਿਯਾਨ ਮੈ ਬਨਿ ਹੋ ਸੁਨੋ ਸੰਤ ਸੁਖ ਕਾਰ ॥ 2 ॥

ਪ੍ਰਮ ਪਵਿਤ੍ਰ ਪਰ ਸਿਧ ਕਥ ਸੰਤਨ ਕੋ ਸੁਖ ਦੈਨ ॥
ਜਿਹ ਬਿਧ ਸੁਨਾ ਪ੍ਰਸੰਗ ਇਹੁ ਸੋ ਭਾਖੋ ਮਨ ਚੈਨ ॥ 3 ॥

ਚੌਪਈ :- ਤੀਰਥ ਪਾਵਨ ਕਰਨ ਦਇਆਲਾ ॥
ਮਨ ਮਹਿ ਉਦਮ ਕਰਾ ਬਿਸਾਲਾ ॥
ਤੀਰਥ ਪਰੇ ਕਈ ਤਿਹ ਸਰਣ ॥
ਹੋਤ ਪਵਿਤਰ ਛੁਹਤ ਰਜ ਚਰਣ ॥ 4 ॥

ਤਿਨ ਇਛਾ ਤੀਰਥਨ ਕੀ ਧਾਰੀ ॥
ਕਰਨ ਪਵਿਤਰ ਦੇਸ ਭੁਯ ਸਾਰੀ ॥
ਜਾਹ ਚਰਨ ਸੰਤਨ ਕੋ ਪਰੈ ॥
ਪਰਮ ਪਵਿਤਰ ਹੋਤ ਹੈ ਧਰੈ ॥ 5 ॥

ਜਹ ਨਗਰ ਸੰਤ ਹੋਇ ਨਿਵਾਸ ॥
ਰਵ ਸੁਤਿ ਕੋ ਤਿਹ ਨਾਹ ਸੁ ਤਰਾਸ ॥
ਮਨ ਮੈ ਗੁਪਤ ਸੁ ਇਹੁ ਬਿਰਤਿ ਧਾਰੀ ॥
ਬਾਹਰ ਪ੍ਰਗਟ ਸੋ ਏਸ ਉਚਾਰੀ ॥ 6 ॥

Digitized by Panjab Digital Library | www.panjabdigilib.org

ਸਵੈਯਾ :- ਸਤਿ ਸੰਗਤਿ ਕੋ ਉਪਦੇਸ ਕਰਾ
ਚਲ ਮਜਨ ਦੇਵ ਧੁਨੀ ਆਈ ॥
ਸਕਲ ਕਲੂਖ ਹਰੇ ਕਲਿਕੈ ॥
ਇਸ ਦਰਸ਼ਨ ਤੇ ਸਭ ਪਾਪ ਸੁਛੀਐ ॥
ਪਰਮ ਪਵਿਤਰ ਸੁ ਭੋਖਮ ਮਾਲੰ ਹੈ
ਤਨਕ ਛੂਹੇ ਦੁਖ ਦੰਦ ਖਈਜ ॥
ਸਭ ਤੀਰਥ ਕੋ ਇਹ ਤੀਰਥ ਹੈ
ਬਡ ਗੰਗ ਅਭੰਗ ਸੁਤਾਸ ਲਖੀਜੇ ॥
ਕਲਿ ਕਾਲ ਕਗਲ ਕੇ ਜਾਲ ਫਸੈ
ਭਵ ਸਾਗਰ ਮੈ ਨਹ ਪਾਰ ਪਰੇ ॥
ਰਵਿ ਪੂਤ ਕਪੂਤ ਸੁ ਜਾਨ ਤਿਨੇ
ਜਮ ਦੂਤਨ ਕੇ ਵਹਿ ਵਸ ਕਰੇ ॥
ਕਈ ਜਨਮ ਸੁ ਜੂਨਨ ਮੈ ਭਰਮ ਤੇ
ਨਹ ਸਿਲਕ ਕਟੀ ਤਿਨਕੈ ਸੁ ਗਾਰੇ ॥
ਜਬ ਬਿਸਨ ਪਦੀ ਇਸਨਾਨ ਕਰਾ
ਤਬ ਖੋਟਨ ਤੇ ਵਹ ਹੋਤ ਖਰੇ ॥ 8 ॥

ਦੋਹਰਾ :- ਦੇਵ ਧੁਨੀ ਇਸਨਾਨ ਕੀ ਧਰੇ ਜੁ ਨਰਮਨ ਆਸ ॥
ਪ੍ਰਿਥਮ ਹੀ ਤਹ ਦੇਹ ਕੇ ਕਲ ਮਲ ਹੋਇ ਬਿਨਾਸ ॥ 9 ॥

ਚੌਪਈ :- ਰੈਨ ਸਮੈ ਐਸੀ ਮਤਿ ਧਾਰੀ ॥
ਚੜਿਓ ਦਿਵਸ ਤਵ ਕੀਨ ਤਿਬਾਰੀ।
ਕੜਾਹ ਪ੍ਰਸਾਦਿ ਕੀ ਸੰਜ ਮੰਗਾਈ ॥
ਕਰ ਤਿਆਰ ਮੁਖ ਤੇ ਅਸ ਗਾਈ ॥ 10 ॥

ਅੜਿਲ :- ਭਇਓ ਪ੍ਰਸਾਦਿ ਤਿਯਾਰ ਸਿਖਨ ਅਸ ਭਾਖਿਓ ॥
ਸ੍ਰੀ ਗੁਰ ਗ੍ਰੰਥ ਕੇ ਅਗ੍ਰ ਜਾਇ ਕਰ ਰਾਖਿਓ ॥
ਕਰੀ ਆਨ ਅਰਦਾਸ ਆਪ ਚਲਿ ਆਇਕੈ ॥
ਹੋ ਸਿਖਿ ਕੇ ਗੁਰ ਅੰਗ ਸੁਕਹਿਓ ਸੁਨਾਇਕੈ ॥ 11 ॥

ਸਭ ਪਿਰਤ ਦਇਓ ਵਰਤਾਇ ਆਪ ਮੁਖ ਪਾਇਓ ॥
ਲੈ ਅਵਾਜ਼ ਗੁਰ ਗ੍ਰੰਥ ਸੁ ਸੀਸ ਨਿਵਾਇਓ ॥
ਮਨ ਮੈ ਧਰਾ ਸੁ ਧਿਆਨ ਗੰਗ ਇਸਨਾਨ ਕੋ ॥
ਹੋ ਕਰਤ ਭਏ ਤੇ ਆਰ ਸੋ ਜਸੁ ਸੰਗ ਨਿਜਾਨ ਕੋ ॥ 12 ॥

Digitized by Panjab Digital Library | www.panjabdigilib.org

ਗੀਯਾ ਮਾਲਤੀ ਛੰਦ :—

ਸਕਲ ਆਹ ਕੁਟੰਬ ਜੇਤਕ ਬੰਧ ਪੂਤ ਸੁ ਜਾਨਿਐ ॥
ਅਵਰ ਸੰਗਤਿ ਸਿਖ ਜੇਤਕ ਬਿਪਰ ਸਾਧ ਮਾਨਿਐ ॥
ਦੇਤ ਭੇਉਹ ਦਾਨ ਦੀਨਨ ਭਾਵੇ ਸਭ ਕੋ ਧਾਰਿ ਹੀ ॥
ਕਰਮਾਨ ਬਡ ਸਨਮਾਨ ਤਿਨਕਾ ਪ੍ਰੀਤ ਮਹਿ ਪਿਆਰ ਹੀ ॥ 13 ॥

ਜਬਿ ਨਿਕਸ ਗਿਰਹ ਤੇ ਆਹਿ
ਬਾਹਰ ਬੈਸ ਹੈ ਦਰਬਾਰ ਮੈ ॥
ਅਸ ਭਾਂਤਿ ਸੋਭਾ ਹੈ ਬਨੀ
ਰਿਤ ਸਰਦ ਨੀਰਦ ਬਾਰ ਮੈ ॥
ਸਭਿ ਸਿਖ ਸੰਗਤਿ ਦਰਸ ਕੋ
ਚਲ ਭਵਰ ਜਿਸ ਵਹ ਆਵ ਹੀ ॥
ਅਕੋਰ ਲੇ ਕਰ ਰਾਖ ਆਗੈ
ਰਸਨ ਤੇ ਗੁਨ ਗਾਵ ਹੀ ॥ 14 ॥

ਵੈਰਾਗ ਏਕ ਸੁ ਕਰਤ ਹੈ
ਬਹੁ ਦਿਰਗਨ ਤੇ ਜਲ ਜਾਤ ਹੈ ॥
ਜਿਤ ਪਾਵਸੋ ਜਸ ਬੂੰਦ ਪਰਿ
ਹੈ ਹੋਤ ਅਸ ਪਾਤਿ ਹੈ ॥
ਇਕ ਜੋਰ ਦੋ ਕਰ ਸੀਸ ਪਰਾ
ਧਰ ਬੇਨਤੀ ਅਸ ਭਾਖਿਐ ॥
ਆਸਰ ਹਮ ਰਹੇ ਕਿਸ ਕੇ
ਸਰਨ ਕਿਸ ਕੀ ਰਾਖਿਐ ॥ 15 ॥

ਮੁਝ ਛਾਡ ਏਕਲ ਆਪ ਚਾਲੇ ਗੰਗ ਕੇ ਇਸ਼ਨਾਨ ਕੋ ॥
ਹਮ ਮਿਲੇ ਤੁਮ ਕੋ ਆਨ ਉਹਾ ਤਿਆਗ ਈਹਾਂ ਪ੍ਰਾਨ ਕੋ ॥
ਜੀਵਣਾ ਤੁਝ ਬਨਾ ਮੁਸਕਲ ਪਲਕ ਜੁਗ ਸਮਾਨਿਐ ॥
ਚਾਤਰਕ ਜਲ ਬੂੰਦ ਬਿਨ ਰਵਿ ਬਾਝ ਚਕਵੀ ਮਾਨਿਐ ॥ 16 ॥

ਜਲ ਬਾਂਝ ਸਫਰੀ ਮਰਤ ਜੈਸੇ ਮਾਨਸਰ ਬਿਨ ਮਰਾਲ ਹੈ ॥
ਚੰਦ ਬਾਝ ਜੈਸ ਚਕੋਰ ਜਾਨੋ ਕੰਤ ਬਿਨ ਤਰੀਯਾ ਹਾਲ ਹੈ ॥
ਗੁਰ ਸਿਖ ਕੀ ਜੋ ਪਰੀਤ ਭਾਖੀ ਜਾਨ ਹੈ ਜੋ ਪ੍ਰੇਮ ਹੀ ॥
ਜਬ ਸਬਦ ਕੋ ਬਿਜੋਗ ਹੋਵੈ ਤਿਆਗ ਦੇਹੀਏ ਮਹੀ ॥ 17 ॥

Digitized by Panjab Digital Library | www.panjabdigilib.org

ਦੋਹਰਾ :- ਭਾਈ ਜੀ ਤਿਨ ਪਿਰਤ ਕਹਾ ਸੁਨੋ ਸਿਖ ਸੁਰ ਗਿਆਨ ॥
ਜਪੋ ਨਾਮ ਗੁਰ ਕੋ ਸਦਾ ਮੂਰਿਤਿ ਰਿਧ ਧਿਯਾਨ ॥ 18 ॥

ਚੌਪਈ :- ਥੋਰਨ ਦਿਨ ਹਮ ਮਿਲਹੈ ਆਈ ॥
ਚਿੰਤਾ ਮਨ ਮਹਿ ਕਰੋ ਨ ਰਾਈ ॥
ਸਿਖ ਸੰਤ ਕਾ ਕਰਨਾ ਮੇਲ ॥
ਬਿਨਾ ਭਜਨ ਸਭ ਜਾਨ ਦੁਹੇਲਾ ॥ 19 ॥

ਅਸ ਉਪਦੇਸ ਸੰਗਤਿ ਕੋ ਕੀਨੋ ॥
ਆਪ ਚਲਨ ਕੋ ਮਾਰਗ ਲੀਨੋ ॥
ਸਨੇ ਸਨੇ ਮਾਰਗ ਚਲਿ ਜਾਹੀ ॥
ਪ੍ਰੇਮੀ ਸਿਖ ਮਿਲ ਜਹ ਆਹੀ ॥ 20 ॥

ਸਵੈਯਾ :- ਤਹਿ ਠੌਰ ਬਸੈਰਾ ਕਰਤਿ ਭਲੇ
ਜਹ ਸਿਖ ਮਿਲੇ ਮਨ ਪਰੇਮ ਸੁ ਧਾਰੀ ॥
ਕਲ ਕਾਲ ਤੇ ਤਾਸ ਕਲੇਸ ਹਰੇ
ਨਿਸ ਜਾਗ੍ਰਤਿ ਸਬਦਿ ਰਟੈ ਗੁਣ ਚਾਰੀ ॥
ਸਿਖ ਸੰਗਤਿ ਤਾਰਨ ਕਾਰਨ ਆਇ ਹੈ
ਗੰਗ ਕੋ ਨਾਮ ਲੈ ਰਸਨ ਅਗਾਰੀ ॥
ਅਵਰ ਨਮਿਤ ਨਚਿਤ ਕਛੁ ਹਿਤ
ਦਰਸ਼ਨ ਦੇਨ ਕੋ ਲੈਨ ਦਿਦਾਰੀ ॥ 21 ॥

ਕਰ ਅਰਦਾਸ ਸੁ ਕੂਚ ਕਰੇ ਫਿਰ
ਉਤਰਨ ਅਵੇਸਰ ਤਾਹ ਉਚਾਰੇ ॥
ਜਾਗਰਤ ਸੁਪਨ ਸਖੋਪਤਿ ਮੈ ਫੁਨ
ਉਠਤ ਬੈਠਤ ਨਾਮ ਚਿਤਾਰੇ ॥
ਸਾਸ ਗਿਰਾਸ ਅਰਾਧਿਤ ਹੈ ਛਿਨ
ਆਧ ਪਲੰ ਉਰ ਤੇ ਨਹ ਟਾਰੇ ॥
ਆਨ ਪੁਜੇ ਗੁਰ ਕੇ ਅਸਥਾਨ
ਜਿਹ ਹੋਰਨ ਕੀ ਹੈ ਸੇਜ ਸਵਾਰੇ ॥ 22 ॥

ਕਰ ਇਸਨਾਨ ਸੁ ਭੇਟ ਧਰੀ ਫਿਰ
ਚਾਰ ਪ੍ਰਦਛਨ ਕੀਨ ਬਨਾਈ ॥
ਆਦਿ ਅਸਥਾਨ ਸ੍ਰੀ ਗੁਤ ਨਾਨਕ
ਸੰਗਤਿ ਕੋ ਕਹ ਸਾਖ ਸੁਨਾਈ ॥

Digitized by Panjab Digital Library | www.panjabdigilib.org

ਸਹਜ ਸੁ ਭਾਵ ਸੁ ਆਵਤਿ ਹੈ
ਚਲ ਸੁਧਾ ਸ਼ਰੋਵਰ ਮਾਹ ਸੁਭਾਈ ॥
ਆਇ ਕੈ ਤਾਹ ਇਸਨਾਨ ਕਰਾ ਫੁਨ
ਕੜਾਹ ਪ੍ਰਸਾਦਿ ਧਰਾ ਗੁਨ ਗਾਈ ॥ 23 ॥

ਚੌਪਈ :- ਦਸਵੰਦ ਗੋਲਕ ਮੰਨਤ ਜੋ ਆਹੀ ॥
ਭੇਟਾ ਲੇਕਰ ਤਾਹ ਚੜਾਹੀ ॥
ਨਿਮਰ ਭਾਵ ਹੁਇ ਅਗਰ ਸੁਧਰੇ ॥
ਸੀਸ ਨਿਵਾਇ ਪ੍ਰਕਰਮਾ ਕਰੇ ॥ 24 ॥

ਤੀਨ ਦਿਨਾ ਬਸਿ ਹੈ ਗੁਰਦਵਾਰੇ ॥
ਚਰਤਥ ਦਿਨ ਫੁਨ ਅਗਰ ਸਿਧਾਰੇ ॥
ਚਲਤ ਚਲਤ ਪਹੁਤੇ ਜਾ ਕਰੇ ॥
ਗੁਰ ਨਾਨਕ ਜਿਹ ਆਸਣ ਕਰੇ ॥ 25 ॥

ਕੁਰਖੇਤਰ ਕੀ ਕੀਨ ਉਦਾਸੀ ॥
ਗੁਰ ਨਾਨਕ ਬੈਠੇ ਅਬਿਨਾਸੀ ॥
ਆਦ ਗੁਰੂ ਕਾ ਹੈ ਅਸਥਾਨ ॥
ਭਾਈ ਜੀ ਬੈਠੇ ਤਿਹ ਜਾਨ ॥ 26 ॥

ਅੜਿਲ :- ਤੀਨ ਗੁਰੂ ਕਾ ਅਹੈ ਅਸਥਾਨ ਸੁ ਜਾਨਿਐ ॥
ਤਿਸੀ ਠੌਰ ਕੇ ਬੀਚ ਸੋ ਲੇਹੁ ਪਛਾਨਿਐ ॥
ਭਾਈ ਜੀ ਤਿਹ ਗਏ ਸੁ ਭੇਟ ਚੜਾਇ ਕੈ ॥
ਹੋਕਰ ਪਰਦ ਛਨਾ ਚਾਰ ਸਸੀਸ ਨਿਵਾਇਕੈ ॥ 27 ॥

ਰੈਨ ਬਸੈ ਤਿਹ ਠੌਰ ਦਿਵਸ ਚੜਿ ਆਇਓ ॥
ਗਏ ਸੁਰਸਤੀ ਤੀਰ ਦਰਸ ਕੋ ਪਾਇਓ ॥
ਕਰਿ ਇਸਨਾਨ ਤਿਹ ਬੈਠ ਬਿਪਰ ਸੁਨ ਪਾਵਹੀ
ਹੋ ਕੇਸਰ ਚੰਦਨ ਖੋਰ ਸੁ ਆਨ ਚੜਾਵਹੀ ॥ 28 ॥

ਸਵੈਯਾ :- ਅਸੀਰ ਸੁ ਬਾਦਿ ਹੈ ਆਨ ਕਰੀ
ਕਰ ਦਰਸ਼ਨ ਹੋਤ ਪ੍ਰਸੰਨ ਭਏ ॥
ਹਮ ਆਦਿ ਕਦੀਮ ਕੇ ਭਿਛਕ ਹੈ
ਤੁਮ ਦੇਵਨ ਹਾਰ ਦਤਾਰ ਅਏ ॥

Digitized by Panjab Digital Library | www.panjabdigilib.org

ਤਬ ਬਿਪਨ ਤੇ ਸੁਨਕੇ ਬਚਨਾ ਦਇਓ
ਦਾਨ ਸੁ ਮਾਨ ਸਨਮਾਨ ਕਏ ॥
ਫਿਰ ਕੂਚ ਕਰਾ ਚਰਲ ਮਾਰਗ
ਮੈ ਸਰਜੋਤੀ ਤੀਰਥ ਆਇ ਗਏ ॥

ਦੋਹਰਾ :- ਸ੍ਰੀ ਕ੍ਰਿਸ਼ਨ ਜਿਹ ਹੈ ਕਰਾ ਅਰਜਨ ਕੋ ਉਪਦੇਸ਼ ॥
ਗੀਤਾ ਗਯਾਨ ਦਿਰੜਾਇਓ ਭਾਰਥ ਸਮੇ ਸੁਤੇਸ ॥ 30 ॥

ਫਿਰ ਕੁਰਖੇਤਰ ਕੋ ਅਏ ਜਿਹ ਹੈ ਤੀਰਥ ਥਾਨ ॥
ਭੇਟ ਚੜਾਈ ਪਿਰਥਮ ਤਿਹ ਗੁਰ ਨਾਨਕ ਅਸਥਾਨ ॥ 31 ॥

ਚੌਪਈ :- ਫਰ ਤੀਰਥ ਕੀਨੋ ਅਸ਼ਨਾਨ ॥
ਬਿਧਵਤ ਦਏ ਬਿਪਨ ਕੋ ਦਾਨ ॥
ਰੈਨ ਸਮੈ ਸੰਗਤਿ ਕੋ ਟੇਰਾ ॥
ਕਰੋ ਪਰਾਤ ਜਮਨਾ ਤੇ ਫੇਰਾ ॥ 32 ॥

ਜਾ ਬਿਸ ਸੰਗਤਿ ਅਸ ਸੁਨ ਪਾਵਾ ॥
ਜਾਮ ਨਿਸਾ ਗਈ ਕੂਚ ਕਰਾਵਾ ॥
ਚੜਾ ਦਿਵਸ ਲੁਪਤਿ ਭਏ ਤਾਰੇ ॥
ਕਾਨ ਤਿਯਾ ਕੇ ਪੂਜੇ ਕਨਾਰੇ ॥ 33 ॥

ਸਵੈਯਾ:- ਬੈਠ ਗਏ ਜਮਨਾ ਤਟ ਮੈ
ਇਸਨਾਨ ਕਰੋ ਤਹ ਸੰਗਤਿ ਸਾਰੀ ॥
ਤਹ ਬਿਪਰਨ ਆਨ ਅਸੀਸ ਕਈ
ਚਰੰਜੀਵ ਸਦਾ ਰਹੀਓ ਬਿਰਤ ਧਾਰੀ
ਤੁਮ ਦਾਤੇ ਦਾਨ ਕੇ ਦੇਵਨ ਹਾਰ
ਦਤਾਰ ਸਦਾ ਹਮ ਹੈ ਸੁ ਭਿਖਾਰੀ ॥
ਕਲਪ ਸਰੋਵਰ ਪਾਰ ਸੁ ਜਾਤ ਹੈ
ਪਾਰਸ ਪੋਰਸ ਕੇ ਅਧਿਕਾਰੀ ॥ 34 ॥

ਸੂਰਜ ਸੁਤਾ ਸੁ ਪਾਵਨਿ ਹੈ ਮਨ
ਭਾਵਨ ਸੁਵਾਮ ਕੀ ਹੈ ਬਹੁ ਪਿਯਾਰੀ ॥
ਦੀਜਿਐ ਦਾਨ ਸੁਮਾਨ ਬਢਾਇ
ਸਨਾਨ ਕਰੋ ਹਮਰੋ ਅਧਕਾਰੀ ॥
ਭੂਸਰ ਕੀ ਜੁਇ ਇਛ ਹੁਤੀ ਸੁਈ

Digitized by Panjab Digital Library | www.panjabdigilib.org

ਦੇਤ ਭਏ ਨਹੀ ਲਾਇ ਸੁ ਬਾਰੀ ॥
ਹੋਇ ਪ੍ਰਸੰਨ ਸੁ ਧਾਮ ਗਏ ਦਿਜ ਇਤ
ਕੂਚ ਕੀ ਸੰਗਤਿ ਕੀਨ ਤਿਯਾਰੀ ॥ 35 ॥

ਗੀਆ ਮਾਲਤੀ ਛੰਦ :—

ਨਿਸ ਸਗਰੀ ਜਾਗਤੇ
ਜਬ ਜਾਮ ਚਤਰਥ ਆਇਓ ॥
ਸਭ ਸੰਗਤਿ ਪਿਰਤ ਭਾਖਿਓ
ਕਰ ਕੂਚ ਚਲਣਾ ਗਾਇਓ ॥
ਇਹ ਧਰਮ ਭਗਨੀ ਪਾਵਨੋ
ਇਸ ਸੰਗ ਜੋ ਅੰਗ ਲਾਇਐ ॥
ਨਹ ਜਾਇ ਵਹਿ ਜਮ ਪੁਰ ਬਿਖੈ
ਨਹ ਨਰਕ ਗੋਤੇ ਖਰਾਇਐ ॥ 36 ॥

ਦੋਹਰਾ :- ਸ਼ਾਸਤਰ ਸਿਮਰਤ ਮੈ ਕਹਾ ਬੇਦ ਪੁਰਾਨ ਰਖੀਸ ॥
ਸ਼ੂਰਜ ਸ਼ੁਤਾ ਮਹਾਤਮੋ ਜਾਨਤ ਬਰਹਮ ਸੁ ਈਸ ॥ 37 ॥

ਨਰਾਜ ਛੰਦ :—

ਤਰੰਨ ਜਾਤਿ ਆਗ ਕੈਸੁ ਗੰਗ ਤੀਰ ਆਇਐ ॥
ਮਿਲੈ ਸੁ ਆਇ ਭੂਸੁਰੰ ਅਸੀਰ ਬਾਦ ਗਾਇਐ ॥
ਗੁਰੰ ਸੁ ਫੂਲ ਮਾਲ ਹੈ ਤਿਲਕ ਭਾਲ ਲਾਇਕੈ ॥
ਭਗੀਰਥੀ ਸਹਾਇ ਤੋਹ ਭਾਖਿਉ ਸੁਣਾਇਕੈ ॥ 38 ॥

ਛਪੇ ਡੇਰਾ ਜਬ ਕਰ ਲਇਉ ਫੇਰ ਪੁਸਤਕ ਕਰ ਲੀਨੋ ॥
ਪਿਤਾ ਪਿਤਾਮਾ ਨਾਮ ਵਾਚ ਕੈ ਸਭ ਕਹਿ ਦੀਨੋ ॥
ਧਨੂ ਪ੍ਰਿਥਮ ਸਨਾਮ ਧਨਦ ਦੇ ਤਿਨੈ ਕਹਾਇਉ ॥
ਬੇਟੇ ਦੁਇ ਤਿਸ ਧਾਮ ਦਨੂ ਫੁਨ ਮਨੂ ਗਾਇਉ ॥
ਦਨੂ ਦੇਵ ਕੇ ਤਾਤ ਗ੍ਰਿਹ ਬੁਢ ਮਨ ਸੁ ਜਾਨਿਐ ॥
ਮਨੂ ਕੇ ਹਰੀਦਾਸ ਨ੍ਰਿਪ ਭੂਟੰਤ ॥
ਦੇਵ ਤਿਹ ਮਾਨੀਐ ॥ 39 ॥

ਚੌਹਰਾ :- ਭਾਈ ਬੰਨੋ ਜੀ ਭਏ ਵਿਸਵ ਕੋ ਸੁਤ ਜਾਨ ॥
ਹਰੂ ਸੁ ਫੇਰੂ ਗੁਰ ਦਿਤਾ ਚਤਰ ਭਾਂਤਰ ਸੁਰ ਗਿਆਨ ॥ 40 ॥

Digitized by Panjab Digital Library | www.panjabdigilib.org

ਚੌਪਈ :- ਫਿਰ ਪੂਅ ਸੁਰ ਅਸ ਕਰਾ ਬਖਾਨ ॥
ਤੁਮ ਹਮਰੇ ਆਦੀ ਜਜਮਾਨ ॥
ਕਰ ਇਸਨਾਨ ਪ੍ਰਿਥਮ ਤੁਮ ਲੀਜੈ ॥
ਬ੍ਰਿਧਵਤ ਦਾਨ ਸੁ ਬਿਪਨ ਦੀਜੈ ॥ 41 ॥

ਚੰਦਰ ਵੰਸ ਮੈ ਤੁਮ ਅਵਤੰਸ ॥
ਨ੍ਰਿਪ ਜੁ ਜਾਦਿ ਕੀ ਆਹੋ ਸੁ ਅੰਸ ॥
ਐਸੋ ਭਇਓ ਨਿਰਪਤ ਜੁ ਜਾਜ ॥
ਵਰਨਨ ਕੋ ਤਿਹ ਸਕੈ ਸਮਾਜ ॥ 42 ॥

ਸ੍ਰਵੈਯਾ :- ਹਸਤਨ ਪੁਰ ਤੇ ਨ੍ਰਿਪ ਜਗ ਕਰੇ
ਜਿਹ ਜਾਇਕੈ ਗੰਗ ਸਮੁੰਦਸ ਮਾਨੀ ॥
ਪਰਾ ਪਰਾ ਬੀਚ ਸੁ ਖੰਭ ਗਡਾ
ਇਤਨੇ ਮੁਖ ਕੀ ਗਿਨਤੀ ਹੈ ਆਨੀ ॥
ਬਿਪਰਨ ਦਾਨ ਦਏ ਅਪਰਮਾਨ
ਕਰੇ ਪ੍ਰਮਾਨ ਤਿਨ ਕੋ ਬੁਧ ਵਾਨੀ ॥
ਕ੍ਰਿਸ਼ਨ ਸੁ ਦੇਵ ਭਏ ਕੁਲ ਭੀਰਤ
ਮਾਰ ਬਿਦਾਰ ਅਸੁਰ ਕੀਏ ਹਾਨੀ ॥ 43 ॥

ਭੁਟੰਤ ਸੁ ਦੇਵ ਭੂਖਾਲ ਭਏ
ਕੁਲ ਜਾਦਵ ਕੀ ਪ੍ਰਸਿਧ ਕਰੀ ॥
ਦਾਨ ਦਏ ਜਿਨ ਬਿਪਨ ਕੋ ਕਲ
ਕਾਲ ਕਰਾਲ ਮੈ ਬਿਪਤ ਹਰੀ ॥
ਤੁਮਰੋ ਜਗ ਵੰਸ ਪ੍ਰਸੰਸ ਭਇਓ
ਕੁਲ ਅਹਿ ਉਜਾਗਰ ਬੀਚ ਧਰੀ ॥
ਜਬ ਬਿਪਨ ਉਪਮ ਉਚਾਰ ਕਰੀ
ਸੁਨ ਕੈ ਜਸ ਕੋ ਉਰ ਉਮੰਗ ਖਰੀ ॥ 44 ॥

ਦੋਹਰਾ :- ਬਿਪਨ ਪਿਰਤ ਅਸ ਭਾਖਿਓ ਪ੍ਰਾਤ ਲੀਜਿਉ ਦਾਨ ॥
ਹੁਇ ਪਵਿਤ੍ਰ ਸੁਨੀਰ ਗੰਗ ਪ੍ਰਿਥਮ ਕਰੇ ਇਸ਼ਨਾਨ ॥ 45 ॥

ਚੌਪਈ :- ਸੁਨ ਕਰ ਬਿਪਰ ਗਏ ਨਿਜ ਧਾਮ ॥
ਭਾਇਉ ਪ੍ਰਾਤ ਆਇ ਤਜ ਕਾਮ ॥
ਮਿਲ ਕਰ ਭੂਅਸੁਰ ਆਵਤ ਐਸੇ ॥
ਮਾਨ ਸਰੋਵਰ ਹੰਸ ਸ ਜੈਸੇ ॥ 46 ॥

Digitized by Panjab Digital Library | www.panjabdigilib.org

ਪ੍ਰਿਥਮ ਸੁ ਮੰਜਨ ਗੰਗ ਕੀਨੋ ॥
ਸੁਬੰਸ ਦਾਨ ਬਿਪਨ ਕੋ ਦੀਨੋ ॥
ਜਿਨ ਜਿਨ ਦਾਮ ਲੀਉ ਤਿਹ ਪਾਸਾ
ਅਵਰ ਨਾ ਮਾਂਗਨ ਕੀ ਕਹੀ ਆਸਾ ॥ 47 ॥

ਅਵਰ ਕਿਸੀ ਤੇ ਦਾਨ ਨ ਲੇਹੀ ॥
ਆਪ ਦਾਨ ਅਵਰਨ ਕੋ ਦੇਹੀ ॥
ਸੈਪਤਿ ਕੇ ਤਿਹ ਭਰੇ ਅਵਾਸ ॥
ਰਿਧ ਸਿਧ ਗ੍ਰਿਹ ਕਰਾ ਨਿਵਾਸ ॥ 48 ॥

ਦੋਹਰਾ :- ਤੀਰਥ ਤੇ ਚਲ ਜਾਵਹੀ ਕਰੇ ਨ ਕਛੁ ਤਿਹ ਦਾਨ ॥
ਰਾਖਸ਼ ਜਨਮ ਸੁ ਪਾਵਈ ਐਸੇ ਬੇਦ ਬਖਾਨ ॥ 49 ॥

ਨਰਾਜ ਛੰਦ :—

ਸੁਦਾਨ ਤਾਹ ਦੇਵ ਕੈ ਜੁ ਡੇਰ ਆਪ ਆਇ ਹੈ ॥
ਸ ਐਸ ਵਾਕ ਭਾਖਿ ਫੇਰ ਸੰਗਤੀ ਸੁਨਾਇ ਹੈ ॥
ਜੁ ਤੀਰਥ ਕਰਤ ਦਾਨ ਭੂ ਸੁਰੰਕ ਦੇਤਿ ਹੈ ॥
ਸੁ ਆਪਨੋ ਸਰੀਰ ਨਾਇ ਸੁਧ ਤਾਸੁ ਲੇਤ ਹੈ ॥
ਸੁ ਭੋਜ ਪੱਕ ਭੂਸੁਰੰ ਕੁ ਦੇਤ ਹੈ ਛਕਾਇਕੈ ॥
ਸੁ ਦਛਨਾ ਕੋ ਦੇਤ ਲੇਤ ਭਾਵਨਾ ਬਨਾਇਕੈ ॥
ਸੁ ਜਾਤਿ ਬਿੱਪ ਧਾਮ ਮਾਹ ਮੰਦ ਮਨ ਪਾਵ ਹੀ ॥
ਖੁਸੀ ਭਏ ਗਮੀ ਗਈ ਗੁਣ ਸੁ ਗੀਤ ਗਾਵ ਹੀ ॥ 51 ॥

ਦੋਹਰਾ :- ਏਕ ਸਿਖ ਤਬ ਬੋਲਿਉ ਚਰਨਨ ਸੀਸ ਨਿਵਾਇ ॥
ਪਛਤਿ ਹੋ ਇਕ ਬਾਤ ਮਮ ਕਹੋ ਸੁ ਮੁਝੈ ਸੁਨਾਇ ॥ 52 ॥

ਗੀਆ ਮਾਲਤੀ ਛੰਦ :-

ਇਹੁ ਕੇਸ ਗੰਗਾ ਹੈ ਭਈ ਕਿਸ ਕਾਰਨੈ ਜਗ ਮਾਨਿਐ ॥
ਸਭ ਤੀਰਥੋ ਤੇ ਅਧਿਕ ਹੈ ਵਿਸੇਸਤਾ ਇਸ ਜਾਨਿਐ ॥
ਜਸ ਭਈ ਪ੍ਰਗਟ ਆਨ ਕੈ ਵਹ ਕਾਰਨੋ ਬਤਾਇਐ ॥
ਤੁਮ ਕਰੋ ਸੰਸਾ ਦੂਰ ਹਮਰੋ ਭਰਮ ਉਰਤੇ ਜਾਇਐ ॥ 53 ॥

ਜਬ ਸਿਖ ਨੇ ਅਸ ਬਚਨ ਭਾਖੇ
ਸੁਣੇ ਸਰਵਣ ਧਾਰਿ ਹੀ ॥

Digitized by Panjab Digital Library | www.panjabdigilib.org

ਤਬ ਰੰਗ ਗਾਥਾ ਹੈ ਕਹੀ
ਸੁਣ ਸਿਖ ਉਰ ਮੈਂ ਧਾਰਿ ਹੀ ॥
ਬਲ ਰਾਜ ਅਸਰੰਦ ਹੈ ਭਏ
ਕਰਾ ਭੂਮ ਮੈ ਤਿਨ ਰਾਜ ਕੋ ॥
ਫਿਰ ਅਸਮੇਧ ਨਿਝਿਨਵੈ ਕਰੇ
ਲੇਨ ਇੰਦ੍ਰ ਸਮਾਜ ਕੋ ॥ 54 ॥

ਅਬ ਕਰੇ ਅਵਰ ਜੋ ਜਗ
ਏਕੋ ਅਮਰ ਪੁਰਲੇ ਜੀਤ ਹੀ ॥
ਸਣਾਤ ਬਿਸਸੰਤ ਕ੍ਰਿਤ ਐਸੇ
ਭਇਓ ਮਨ ਭੈ ਭੀਤ ਹੀ ॥
ਪੁਕਾਰ ਕੀਨੀ ਬਿਸ਼ਨ ਪੈ ਤਿਨ
ਛੀਰ ਸਾਗਰ ਜਾਇਕੈ ॥
ਕਬ ਕੀਜਿਐ ਸਹਾਇਤਾ ਨਹੀਂ
ਅਸਰ ਜੀਤੋ ਆਇਕੈ ॥ 55 ॥

ਹੁਇ ਆਰਤੰ ਪੁਕਾਰ ਕੀਨੀ
ਸੁਣੀ ਬਿਸਕੈ ਨਾਥ ਹੀ ॥
ਕਛੁ ਚਿੰਤ ਨ ਮਨ ਕੀਜਿਐ
ਅਬਿ ਅਬਿ ਕਰੋ ਤੋਰਸ ਨਾਥ ਹੀ ॥
ਇੰਦਰ ਕੋ ਅਸਵਾਸ ਕੀਨਾ
ਬਾਵਨੋ ਬਪੂ ਧਾਰ ਕੈ ॥
ਬਲਰਾਜ ਪੈ ਚਲ ਆਇਓ
ਵਰ ਖਰੋ ਠਾਢੋ ਦੁਵਾਰ ਕੈ ॥ 56 ॥

ਤਿਨ ਬੇਦ ਚਾਰੋ ਕੀ ਰਿਚਾ
ਕਰ ਪਾਠ ਸੁਰ ਸੋ ਗਾਂਇਓ ॥
ਬਲਿਰਾਜ ਕੇ ਮੋਨ ਮੋਦ
ਨਿਪਜਾਲੀਨ ਨਿਕਟ ਬੁਲਾਇਓ ॥
ਜੁਇ ਇਛਿਆ ਮਨਮਾਹ
ਤੁਮਰੇ ਮਾਂਗ ਮੁਝ ਤੇ ਲੀਜਿਐ ॥
ਸੁਇ ਅਬੀ ਦੇਵਹੁ ਡੇਰ ਨਹਿ
ਕਛੁ ਬਚਨ ਮੁਖ ਤੇ ਕੀਜਿਐ ॥ 57 ॥

Digitized by Panjab Digital Library | www.panjabdigilib.org

ਨਰਾਜ ਛੰਦ—ਅਢਾਇ ਭੂਮ ਦੀਜਿਐ ਕਰੂ ਸੋ ਮੋਹ ਲੋਰ ਹੈ ॥
ਨਹੀਂਸੁ ਔਰ ਕਾਮਿਨਾ ਜੁ ਸੰਪਤਾ ਕਰੋਰ ਹੈ ॥
ਜਿਸੀ ਕਿਸੀ ਬਿਰਾਜ ਬੀਚ ਤਪ ਜੱਪ ਕੀਜਿਐ ॥
ਸੁ ਪੰਚਵਾ ਸੁ ਭਾਗ ਵਾਹ ਵੱਡ ਤਾਸ ਦੀਜਿਐ ॥ 58 ॥

ਜੁਦੀ ਵਿਚਾਰ ਕੈ ਨ ਫੇਰ ਚਿੰਤ ਮੋਰ ਹੀ ॥
ਤਿਲ ਜਲੀ ਜਲ ਸੁ ਪਾਇ ਸੰਕਲਪ ਨਾਹ ਹੋਰਿਹੀ ॥
ਪ੍ਰਿਥਮ ਦਾਨ ਦੇਤ ਤਲੰਜਲੀ ਹੈ ਜੂ ਫੇਰ ਪਛਤਾਤਹੈ॥
ਰਵੀ ਸੁ ਪੂਤਿ ਧਾਮ ਨਾਹ ਜਾਤਿ ਦੂਖ ਪਾਤਿ ਹੈ ॥ 59 ॥

ਸਵਛ ਦਾਨ ਦੀਜਿਐ ਸੁ ਪਾਤਰੰ ਵਿਚਾਰ ਕੈ ॥
ਕਮੰਤਰ ਕੌ ਨ ਮਾਨਿ ਹੈ ਕਹੈ ਅਨੰਕ ਬਾਰ ਹੈ ॥
ਕੁਪਾਤਰ ਕੋ ਪਵਿਤਰ ਦਾਨ ਨਾਹ ਨ੍ਰਿਪ ਦੀਜਿਐ ॥
ਜੁ ਰੰਗ ਨੀਰ ਛੀਰ ਸਮ ਕੁਪਾਤਰ ਮੈ ਸੁਛੀਜਿਐ ॥ 60 ॥

ਜੁ ਦਾਨ ਦੈਤ ਦੇਨ ਹਾਰ ਲੇਨ ਹਾਰ ਲੇਤ ਹੈ ॥
ਕਰੱਤ ਹੈ ਕਰਮ ਜੈਸ ਦਾਤ ਸੋ ਭੁਗਤ ਹੈ ॥
ਸੁ ਜੱਪ ਤਪ ਸਾਧਨਾ ਜੁ ਕਰਤ ਹੈ ਵਿਚਾਰ ਕੋ ॥
ਮਿਲੰਤ ਹੈ ਵਿਭਾਗ ਤਾਹਜਾਨਿਓ ਦਤਾਰ ਕੋ ॥ 61 ॥

ਸੁਨੇ ਸੁ ਬਾਕ ਬਿਪ੍ਰ ਕੇ ਨਰੇਸ ਭਾਵ ਧਾਰ ਕੈ ॥
ਰਖੀਸ ਪਾਵ ਪੂਜ ਕੈ ਸੁ ਭਾਖਿਓ ਸੁਧਾਰ ਕੈ ॥
ਸੁ ਲੀਜਿਐ ਥਿਰਾ ਸੁ ਮੋਹ ਬੈਠ ਤਪਿ ਕੀਜਿਐ ॥
ਤਿਆਗ ਕੇ ਦੁਆਰ ਮੋਹ ਅਰ ਨਾਹ ਭੀਜਿਐ ॥ 62 ॥

ਦੋਹਰਾ :— ਗੰਗਾ ਸਾਗਰ ਨ੍ਰਿਪਤ ਲੈ ਜਲ ਅੰਜਲ ਭਰ ਲੀਨ ॥
ਸੁਕਰ ਪ੍ਰੋਹਤ ਕੇ ਰਿਸ ਭਰਾ ਬਚਨ ਐਸ ਤਿਨ ਕੀਨ ॥ 63 ॥

ਅੜਿਲ :— ਇਹੁ ਭੁਪਤਿ ਬਿਪ ਨਾਹਿ ਰਿਦੈ ਮਹਿ ਜਾਨਿਐ ॥
ਅਛਲ ਛਲਨ ਤੁਝਆਇਓ ਬਚਨ ਮੁਰ ਮਾਨਿਐ ॥
ਇਸੈ ਨ ਦੀਜੈ ਦਾਨ ਬਾਕ ਲੇਹੁ ਮਾਨ ਕੈ ॥
ਹੋ ਇਸਕਾ ਨਿਸਚਾਤਿਆਗ ਸਤਿ ਕੀ ਜਾਨਿ ਕੈ ॥ 64 ॥

ਦੋਹਰਾ :— ਤਬ ਨ੍ਰਿਪ ਬੋਲਾ ਸੁਕਰ
ਪਿਰਤ ਸੁਨੋ ਬਚਨ ਤੁਮ ਮੋਰ ॥

Digitized by Panjab Digital Library | www.panjabdigilib.org

ਜਪ ਤਪ ਤੀਰਥ ਦਾਨ ਮਖ
ਕਹਤ ਹਰੀ ਕੀ ਓਰ ॥ 65 ॥

ਚੌਪਈ :— ਸੰਕਲਪ ਸਮੈ ਸੁਕਰ ਅਸਕੀਨੋ ॥
ਮਕਰ ਰੂਪ ਅਪਨੋ ਧਰ ਲੀਨੋ ॥
ਕਮੰਡਲ ਮਾਹ ਸੁ ਕੀਨ ਪ੍ਰਵੇਸ ॥
ਬਾਰ ਬੂੰਦ ਨਿਕਸੀ ਨਹੀ ਲੇਸ ॥ 66 ॥

ਬਾਵਨ ਕਹਾ ਸੀਕ ਇਸਦੀਜੈ ॥
ਬਾਰ ਬੂੰਦ ਭਇਓ ਬਾਹਰ ਕੀਜੈ ॥
ਸੀਕ ਦਈ ਦਿਰਗ ਮਹਿ ਜਬ ਲਾਗੀ ॥
ਨੈਨ ਨੀਰ ਨਿਕਸੀ ਤਬ ਤਿਆਗੀ ॥
ਭੂਮੀ ਸੰਪਲਪ ਜਬੈ ਕਰ ਲਈ ॥
ਤਬ ਬਾਵਨ ਬੋਲਾ ਨ੍ਰਿਪ ਤਈ ॥
ਦੇਹ ਭੂਮ ਅਬਿ ਡੇਰ ਨ ਕੀਜੈ ॥
ਦੋ ਕਰ ਜੋਰ ਕਹੀ ਨ੍ਰਿਪ ਲੀਜੈ ॥ 68 ॥

ਸਵੈਯਾ :— ਜਬ ਸੀਸ ਨਿਵਾਇਕੈ ਭੂਪ ਕਹੀ
ਲੀਜੈ ਦਿਜ ਭੂਮ ਜੋ ਦੇਨ ਕਹੀ ॥
ਤਬ ਬਾਵਨ ਸੀਸ ਅਕਾਸ ਕਰਾਪਦ
ਸਪਤ ਪਯਾਰ ਮੈ ਹੈ ਸ ਅਹੀ ॥
ਤਿਨ ਲੋਕ ਹੈ ਤਿਨ ਦੋਇ ਕਰੂ ਆਪੋ
ਦਿਜ ਮਾਂਗਤ ਦੇਹੁ ਮਹੀ ॥
ਦੇਹੂ ਦਈ ਆਪਨੀ ਨ੍ਰਿਪ ਨੇ ਮਿਣਕੈ
ਬਿਪਨੇ ਤਬ ਹੈ ਸੂ ਲਹੀ ॥ 69 ॥

ਨ੍ਰਿਪ ਜਾਇ ਪਤਾਰ ਕੋ ਰਾਜ ਕਰਾ
ਦਿਜ ਚਰਨ ਉਕਾਸ ਜਬੈ ਹੈ ਕੀਨੋ ॥
ਪਕਰ ਕੈ ਪਾਵ ਸੂ ਭੂਪ ਕਹਾ ਅਬਿ
ਜਾਉ ਕਹਾ ਸੁਖਨੰ ਨਿਜ ਚੀਨੋ ॥
ਆਸਨ ਮਾਰ ਕੈ ਮਾਰ ਕੈ ਆਸ
ਨਿਗਸਤ ਹੋਇ ਉਦਾਸ ਤੇ ਹੀਨੋ ॥
ਅਬ ਲੋ ਤਿਹ ਦੁਵਾਰ ਮੈ ਇਸ ਬਿਤ ਹੈ
ਸੁ ਬੇਦ ਪੁਜੰ ਸਾਖ ਕੋ ਦੀਨੋ ॥ 70 ॥

Digitized by Panjab Digital Library | www.panjabdigilib.org

ਤੋਟਕ ਛੰਦ :—ਬਲ ਬਾਵਨ ਕੀ ਇਹੁ ਬਾਤ ਕਹਾ ॥
ਅਬ ਸੁਕਰ ਕੀ ਸੁਨ ਲੇਹੁ ਸਹੀ ॥
ਇਕ ਚਛ ਜਤੀ ਤਿਹ ਹੋਤ ਭਇਓ ॥
ਬਡ ਲਾਜ ਮਹੋ ਪਛਤਾਤ ਕਯੋ ॥ 71 ॥

ਪੁਨ ਦਾਨ ਜੁ ਤੀਰਥ ਤੇ ਵਰਜੇ ॥
ਹੀਨ ਸੁ ਹੋਵਤ ਹੈ ਨਰਜੇ ॥
ਸੁਭ ਕਾਰਜ ਤੇ ਜੋਇ ਮੋਰਤ ਹੈ ॥
ਦਿਰੜ ਹੀਨ ਸੋਈ ਨਰ ਹੋਵਤਿ ਹੈ ॥ 72½ ॥

ਦੋਹਰਾ :— ਦੋ ਕਰ ਜੋਰ ਸੁ ਦਿਜ ਕਹੀ ਸੁਨੋ ਵਿਸਨ ਜਗ ਨਾਥ ॥
ਮੁਝ ਪ੍ਰਿਤ ਰਾਸੀ ਕਰੈਗੀ ਤ੍ਰਿਯਾ ਜਗਤਿ ਕੀ ਗਾਥ ॥ 73 ॥

ਸੁਨ ਕਰ ਵਿਸਨ ਉਚਾਰਿਓ ਸਨ ਮੁਖਿ ਤਵ ਤ੍ਰਿਯਾ ਹੋਇ ॥
ਸੁਖ ਨਹ ਪਾਵੈ ਜਗਤ ਮੈ ਤਵ ਮੁਖ ਲਾਗੇ ਜੋਇ ॥ 74 ॥

ਨਰਾਜ ਛੰਦ :—ਸਰੂਪ ਧਾਰ ਬਾਵਨ ਸੁ ਭੂਮ ਲੇਤ ਹੈ ਭਯੋ ॥
ਚਰਨੰ ਕੋ ਉਕਸਿਓ ਅਕਾਸ ਛੇਦ ਹੈ ਕਯੋ ॥
ਸੁ ਫੋਰ ਕੈ ਜੁ ਅੰਡ ਕੋ ਬ੍ਰਹਮੰਡ ਜਾਇ ਬੇਦਿਓ ॥
ਜਲੰ ਸੁ ਤਾਸਤੇ ਪਗ ਅੰਗੂਠ ਵਾਹ ਛੇਦਿਓ ॥ 75 ॥

ਸੁ ਚਾਰ ਮੁਖ ਬੱਛ ਮਾਹ ਆਪਨੇ ਵਿਚਾਰ ਕੈ ॥
ਕਾਮੰਡਲੰ ਕੇ ਬੀਚ ਲੀਨ ਗਗ ਨੀਰ ਡਾਰ ਕੈ ॥
ਸੁਏਕ ਹੀ ਜੁਗੰਧ ਮੈ ਭਗੀਰਥੀ ਸੁ ਏਸ ਹੀ ॥
ਸੁਨੋ ਸੁ ਗਾਥ ਭਾਖਿਓ ਸੁ ਕਾਥ ਜਾਨ ਤੈਸ ਹੀ ॥ 76 ॥

ਸੁ ਏਕ ਬਾਰ ਦੇਵ ਧੰਨ ਜਨਮ ਏਸ ਪਾਇਓ ॥
ਚਰਨੰ ਕੋ ਉਕਾਸਿਓ ਪ੍ਰਸੇਵ ਚਲ ਆਇਓ ॥
ਕਮੰਡਲੰ ਕਿ ਬੀਚ ਮਾਰ ਡਾਰ ਚਾਰ ਮੁਖਿ ਪਾਇਕੈ ॥
ਬਿਸੰਨ ਪਦ ਨੀਰ ਨਾਮ ਜਾਨ ਵੀ ਸੁ ਗਾਇਕੈ ॥ 77 ॥

ਸੁਏਕ ਜੁਗ ਬਿਖੈ ਪੂਜਾ ਪਗ ਬ੍ਰਹਮ ਲੋਕ ਮੈ ॥
ਸੁ ਧਿਖਿਨ ਖਖਾਲ ਪੰਗ ਰਾਖਿਓ ਸੁ ਓਕ ਮੈ ॥
ਸੁ ਭੀਖਮੰਪਤਾਮ ਮਾਤ ਏਸ ਭਾਤ ਆਇਕੈ ॥
ਕਹੀ ਸੁ ਬ੍ਰਹਮ ਲੋਕ ਮੈ ਕਮੰਡਲੰ ਸਮਾਇਕੈ ॥ 78 ॥

Digitized by Panjab Digital Library | www.panjabdigilib.org

ਸੁਮਾਤਿ ਲੋਕ ਕੈ ਬਿਖੈ ਜੁ ਭਾਂਤਿ ਜੈਸ ਆਵਹੀ ॥
ਸੁ ਭਾਖਿਓ ਵਿਚਾਰ ਸਿਖ ਜੈਸ ਰਿਖ ਗਾਵਹੀ ॥
ਸੁ ਮਾਰਤੰਡ ਵੰਸ ਮਾਹ ਸਾਗਰੰ ਸੁ ਪੂਤ ਹੈ ॥
ਰਚਾ ਸੁ ਜਗ ਤਾਸ ਨੇ ਨਿਹਾਰ ਪੁੰਨ ਹੋਤ ਹੈ ॥ 78 ॥

ਗੀਯਾ ਮਾਲਤੀ ਛੰਦ :—ਸਾਗਰ ਨ੍ਰਿਪ ਰਚਾ ਜਗ ਕੋ ॥
ਅਸਮੇਧ ਜਗ ਸੁ ਜਾਨਿਐ ॥
ਸਹੰਸਰ ਸਾਠ ਸੰਗ ਕੀਨ
ਬੇਟਾ ਰਛਿਆ ਹਿਤ ਮਾਨਿਐ ॥
ਸਭ ਦੇਸ ਮੈ ਫਿਰ ਜਬਿ ਆਇਓ
ਨ੍ਰਿਪ ਪੂਤ ਮਨ ਧਰ ਗਰਬਿ ਹੀ ॥ 80 ॥

ਸਰ ਆਪਣੇ ਕਿਸ ਨਾਹ ਸਮਝਾ
ਜਗਤਿ ਜਿਤਨੇ ਸ੍ਰਬ ਹੀ ॥
ਸੁ ਸਕੰਲਪ ਧਰਤੀ ਸਾਧ ਕੈ ॥
ਅਸਾਧ ਭੂਪਨ ਗਾਹ ਕੈ ॥
ਮਵਾਸ ਗੜ ਅਵਾਸ ਜੇਤਕ
ਤੋੜਿ ਹੈ ਅਵਗਾਹ ਕੈ ॥
ਬਿਫਿਕਰ ਮਨ ਮੈ ਹੋਇਕੈ ਨਹ
ਫਿਕਰ ਚਿਤ ਮੈ ਧਾਰਿਆ ॥
ਸਤਿ ਕਿਰਤ ਅਵਸਰ ਪਾਇਕੈ
ਨੈ ਅਸਵ ਕੋ ਪਧਾਰਿਓ ॥
ਜਹ ਕਪਲ ਮੁਨ ਕੋ ਆਸਨੋ
ਤਹ ਬਾਧਿਓ ਤੁਰੰਗ ਹੈ ॥
ਨ੍ਰਿਪ ਸੁਤਨ ਜਬ ਤਹ ਨਿਰਖਿਓ
ਮਨ ਭਇਓ ਤਿਨ ਕੋ ਭੰਗ ਹੈ ॥
ਸਵਰਗ ਭੂਮੀ ਹੇਰ ਕੈ
ਪਯਾਰ ਚਲ ਤਿਨ ਦੇਖਿਓ ॥
ਗਿਰਮੇਰ ਸਖਤ ਸੁ ਸਾਗਰ
ਨਹਿ ਨੈਰ ਕਿਸ ਹੀ ਪੇਖਿਓ ॥ 82 ॥

ਫਿਰ ਲਾਗੇ ਉਰਬੀ ਖੋਦ ਨੇ
ਨਿਰਪ ਸਾਗਰ ਕੇ ਵਹੁ ਪੂਤ ਹੀ ॥

Digitized by Panjab Digital Library | www.panjabdigilib.org

ਮਨ ਮਾਹ ਮਸਲਤ ਹੈ ਕਰੀ
ਬਲਵਾਨ ਜਿਮ ਪੁਰ ਹੁਤ ਹੀ ॥
ਨਖ ਸਾਥ ਖੋਦੈ ਥਿਗ ਕੋ
ਇਕ ਏਕ ਜੋਜਨ ਜਾਨਿਐ ॥
ਵਹ ਭਛ ਮਾਟੀ ਜਾਤਿ ਹੈ
ਕਛੁ ਰਹੈ ਨਹ ਪ੍ਰਮਾਨਿਐ ॥ 83 ॥

ਜਿਹ ਗੰਗ ਸਾਗਰ ਹੈ ਮਿਲੀ
ਤਿਹ ਆਸਨੋ ਮੁਨ ਦੇਵ ਕੋ ॥
ਤਿਹ ਪੀਠ ਪੇ ਤੁਰੰਗ ਬਾਂਧੋ
ਸਮਝਿਓ ਨਹ ਭੇਵ ਕੋ ॥
ਨ੍ਰਿਪ ਪੂਤ ਗੁਸਾ ਖਾਇਕੈ
ਕਿਓ ਪਾਵ ਕੋ ਪ੍ਰਹਾਰਿ ਹੈ ॥
ਤਬ ਛਟੀ ਤਾਰੀ ਜੋਗਤੇ ਕਰ
ਦ੍ਰਿਸਟ ਕੀਨ ਸੁ ਛਾਰ ਹੈ ॥ 84 ॥

ਜਬ ਸੁਨੀ ਸਾਗਰ ਭੂਪ ਨੇ
ਸੁਤ ਭਏ ਸਭ ਹੀ ਛਾਰ ਤੇ ॥
ਤਬ ਰਾਜ ਦੀਨੋ ਪੂਤ ਕੋ
ਸੁਤ ਰਹਾ ਦੂਸਰ ਨਾਰ ਤੇ ॥
ਤਪੀ ਕਰਨ ਲਾਗੋ ਤਾਤ
ਕਾਰਨ ਗਤੀ ਇਨ ਕੀ ਹੋਵਈ ॥
ਜਬ ਗੰਗ ਆਵੈ ਧਰਨ ਮੈ
ਇਨ ਪ੍ਰੇਤ ਭਾਵ ਸੁ ਖੋਵਈ ॥ 85 ॥

ਨ੍ਰਿਪਨ ਸੁਤ ਪ੍ਰਤਿ ਭਾਖਿਓ
ਸੁਨ ਤਾਤ ਮੇ ਰੇ ਜਾਨਿਐ ॥
ਨਹ ਗੰਗ ਆਵੈ ਮੋਹ ਤੇ
ਤਬ ਜਤਨ ਇਹੁ ਤੁਮ ਮਾਨਿਐ ॥
ਆਪਨੋ ਇਹੁ ਰਾਜ ਜਿਤਨੋ
ਤਾਤ ਕੋ ਤਮ ਦੀਜਿਐ ॥
ਬਨ ਬਾਸ ਗੰਗਾ ਕਾਰਣ ਤਪ
ਪਿਤ੍ਰ ਕੋ ਹਿਤ ਕੀਜਿਐ ॥ 86 ॥

Digitized by Panjab Digital Library | www.panjabdigilib.org

ਪੌਮਾਂਵਤੀ ਛੰਦ : ਐਸੀ ਭਾਂਤ ਕਰੋ ਤਪ ਪੂਰਨ
ਜਾਕਰ ਗੰਗ ਚਲ ਧ੍ਆਵੰ ॥
ਜੇਤਕ ਪਿਤਰ ਪ੍ਰੇਤ ਭਏ ਤੁਮਰੇ
ਭੇਤਕ ਹੀ ਸਭ ਗਹਿ ਕੋ ਪਾਵੈ ॥
ਬਿਸਨ ਪਦੀਜੇ ਆਇ ਨ ਤੁਮ ਤੇ
ਅਸ ਉਪਦੇਸ਼ ਤਾਤ ਕੋ ਕੀਜੈ ॥
ਅਪਨੇ ਸੁਤ ਕੋ ਗੰਗਾ ਕਾਰਣ
ਬਨ ਬਾਸਾ ਫਿਰ ਤਿਸਕੋ ਦੀਜੈ ॥ 87 ॥

ਦੋਹਰਾ :— ਐਸੇ ਹੀ ਨਿਜ ਅੰਸ ਕੋ ਕਰਨੋ ਤੁਮ ਉਪਦੇਸ ॥
ਜਬ ਤਕ ਗੰਗ ਨ ਆਇ ਹੈ ਤਬਿ ਤਕ ਇਹੀ ਸੁ ਭੇਸ ॥ 88 ॥

ਸਵੈਯਾ :— ਦੀਰਘ ਤਪ ਕਰਾ ਨ੍ਰਿਪ
ਸਾਗਰ ਸੁਪੁਤ ਸੁ ਪੁਸਤ ਬਿਤੀਤ ਭਈ ॥
ਦੇ ਦੇ ਰਾਜ ਸੁ ਪੁਤਨ ਕੋ ਇਸ
ਕਾਰਨ ਦੇਹੁ ਤਿਆਗ ਦਈ ॥
ਫੇਰ ਭਗੀਰਥ ਗੰਗ ਕੇ ਕਾਰਜ
ਆਨ ਤਪਸ ਅਰੰਭ ਕਈ ॥
ਤਿਨ ਦੇਖ ਪ੍ਰਸੰਨ ਭਇਓ ਬ੍ਰਹਮਾ ਲੈ
ਦੇਵ ਧੁਨੀ ਮੁਝ ਤੈਸੁ ਸਈ ॥ 89 ॥

ਨਿਰਪ ਲਰਜੀਐ ਮੋਹ ਤੇਤਾਹ
ਨਹਾਰ ਸਕੈ ਕਹੁ ਕੋਈ ॥
ਬਿਸਨ ਪਦੀ ਤਾਹ ਉਪਾਵ ਕੇ ਕਾਰਨ
ਜਾਇਕ ਸੰਕਰ ਕੀ ਤਪਸਾ ਨ੍ਰਿਪ ਗੋਈ ॥
ਸਿਵ ਰੋਇ ਦਇਆਲ ਕਹਾ ਤਿਨ ਕੋ
ਨ੍ਰਿਪ ਲੀਜਿਐ ਗੰਗ ਕੋ ਰਾਖਓ ਮੋਈ
ਫਿਰ ਬ੍ਰਹਮ ਪੈ ਜਾਇ ਨਰੇਸ ਕਹੀ
ਸ਼ਿਵ ਰਾਖਿ ਹੈ ਗੰਗ ਤਰੰਗ ਸੁ ਰੋਈ ॥ 90 ॥

ਗੰਗਾ ਕਿਓ ਬਿਚਾਰ ਮਨ
ਮੁਝ ਕੋ ਰਖਣ ਹਾਰ ਹੋ ॥
ਸਿਵੋ ਕੋ ਸੰਗ ਲੈ ਜਾਇ ਹੋ
ਸਪਤਮ ਜਾਹ ਪੇਯਾਰ ਹੋ ॥ 91 ॥

Digitized by Panjab Digital Library | www.panjabdigilib.org

ਗਰਬ ਪ੍ਰਹਾਰੀ ਵਿਸਨ
ਹੈ ਕਿਸ ਤੇ ਰਖੈ ਨ ਮਾਨ ॥
ਸ਼ਿਵ ਬ੍ਰਹਮਾ ਕੇ ਅਸੁਰ ਸੁਰ
ਸਭ ਕਾ ਕਰ ਅਪਿਮਾਨ ॥ 92 ॥

ਛਪੈ :— ਬੂੰਦ ਏਕ ਦਈ ਬ੍ਰਹਮ ਕੋਸਾ ਕੇ ਸੰਗ ਸੁ ਜਾਨੋ ॥
ਗਰਜਤ ਰਜ ਸਮ ਬਿੱਜ ਪਰੀ ਸਿਵ ਜਫ ਮੈ ਮਾਨੋ ॥
ਏ ਬ੍ਰਸਰ ਹੀ ਭੁਲ ਮਗ ਨਿਹ ਨਿਕਸਨ ਪਾਇਜੋ ॥
ਸਿਵ ਕੀ ਲਗੀ ਸਮਾਧ ਕਾਜ ਸਭ ਦੇਹ ਭੁਲਾਇਜੋ ॥
ਭਗੀਰਥ ਫਿਰ ਤਪ ਸਾਧਿਓ ਸ਼ਿਵ ਸ਼ੰਕਰ ਕੋ ਜਾਨਿਐ ॥
ਖੁਲੀਸ ਤਾਰੀ ਜੋ ਤੇ ਲੇਹੁ ਗੰਗ ਬਚ ਮਾਨਿਐ ॥ 93 ॥

ਰਵਿ ਤੇ ਰਥ ਨ੍ਰਿਪ ਲੇਹੁ ਆਪ ਹੋਇ ਤਿਸ ਤੇ ਨਾਢੇ ॥
ਪੀਛੇ ਨਰ ਮੁਰ ਦੇਖਹੀਜੋ ਕਰ ਆਪਨੇ ਗਾਢੇ ॥
ਆਗੈ ਤੇ ਰਥ ਤੋਰ ਖੀਛ ਅਈ ਗੰਗਾ ਜਾਨੋ ॥
ਪਿਤ੍ਰਨ ਲੇਹੁ ਸਫਲ ਭਇਓ ਤਪਤਵ ਮਾਨੋ ॥
ਰਥ ਅਰੂੜ ਨ੍ਰਿਪ ਹੈ ਭਇਓ ਸ਼ਿਵਕੋ ਸੀਸ ਨਿਵਾਇਕੈ ॥
ਏਕ ਜੱਟਿ ਤੇ ਬੂੰਦ ਤਬ ਦਈ ਤਹਿ ਨਿਚੁਰਾਇਕੈ ॥ 94 ॥

ਆਗੈ ਤੇਰਥ ਚਲਾ ਪੀਛ ਫਿਰ ਗੰਗਾ ਆਈ ॥
ਸਾਗਰ ਸੁਤ ਭਏ ਭਸਮ ਤਾਹ ਫੁਨ ਗਤੀ ਸੁ ਭਾਈ ॥
ਸਾਗਰ ਮਿਲੀ ਸੁ ਜਾਇ ਕਪਲ ਮੁਨਜਹਾਠ ਬੈਠੇ ॥
ਸਠ ਸਹੰਸ ਨ੍ਰਿਪ ਪੂਤ ਜਰੈ ਭਸਮ ਭਏ ਤਾਕ ਅਕੈਠੇ ॥
ਜੈਸੇ ਜੈ ਜੈ ਕਾਹ ਸੁਦੇਵ ਪੁਰ ਹੋਤ ਕੁਲਾਹਲ ਜਾਨਿਐ ॥
ਕਰਤ ਅਪਾਛਰਾ ਨਿਰਤ ਤਿਹ ਸੁ ਮਨ ਬ੍ਰਖ ਬਖਾਨਿਐ ॥ 95 ॥

ਦੋਹਰਾ :— ਇਸ ਬਿਧ ਗੰਗ ਸੁਨੈ ਅਈ ਮਾਤ ਲੋਕ ਕੇ ਮਾਹ ॥
ਸੰਹਸ ਜਨਮ ਕੇ ਪਾਪ ਕਟਿ ਦਰਸ਼ਨ ਕਾ ਫਲ ਤਾਹ ॥ 96 ॥

ਸਵੈਯਾ :— ਜਾ ਬਿਧ ਗੰਗ ਕੀ ਗਾਥ ਕਹੀ
ਸਭ ਸੰਗਤ ਕੋ ਹੈ ਬਾਖ ਸੁਨਾਈ ॥
ਸੰਛੇਪ ਕਥਾ ਇਹੁ ਹੈ ਬਰਨੀ
ਵਿਸਤਾਰ ਨਹੀ ਕਰਨਾ ਮੁਝ ਜਾਈ ॥
ਸਾਮਤਰ ਸਿਮਰਤ ਬੀਚ ਪੁਰਾਨ
ਮੁਨੀਸ ਰਿਖੀਸਰ ਹੈ ਬਡ ਗਾਈ ॥

Digitized by Panjab Digital Library | www.panjabdigilib.org

ਪੂਰਨ ਧਿਯਾਇ ਭਇਓ ਇਹ ਗੰਗ ਕੋ
ਅਵਰ ਕਥਾ ਸੁਨੀਓ ਸੁਖ ॥
ਪੂਰਨ ਭਇਓ ਪ੍ਰਸੰਗ ਇਹੁ
ਚਤਰ ਬੀਸਵੋ ਜਾਨ ॥
ਆਗੈ ਪਚੀਸ ਬਖਾਨਿਓ
ਸੁਨੋ ਸੰਤ ਰੁਚ ਮਾਨ ॥ 98 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 99 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਗੰਗ
ਇਸ਼ਨਾਨ ਸ੍ਰਬੰਸ ਦਾਨ ਬਿਪਨ ਕੋ ਦੀਯੋ ॥
ਗੰਗ ਉਤਪਤੀ ਸੰਗਤ ਪਿਰਤ
ਵਰਨਨੰ ਚੌਬੀਸ ਸੋਧਿਜਾਇ
ਸਮਾਪਤੰ ਮਸਤ ਸੁਭ ਮਸਤ ॥ 24 ॥

—0—

Digitized by Panjab Digital Library | www.panjabdigilib.org

ਪਚੀਸਮੋ ਧਿਆਇ

ਅਫਜੂ :—

ਦੋਹਰਾ :- ਸ੍ਰੀ ਗੁਰ ਸਚੇ ਪਾਤਿਸ਼ਾਹ ਦਸਮ ਗੁਰੂ ਜਗਦੀਸ॥
ਚਰਨ ਕਮਲ ਤਿਨ ਉਰ ਧਰੋ ਬਰਨੋ ਕਥਾ ਪਚੀਸ ॥ 1 ॥

ਸਵੈਯਾ :- ਦਾਨ ਦਇਓ ਦਿਜ ਸਰਬੰਸ ਸੁ
ਪਾਇ ਅਸੀਸ ਦਈ ਤਿਨ ਭਾਈ ॥
ਚਰੰਗ ਜੀਵ ਵਧੋ ਕੁਲ ਸੰਪਤ ਧਾਮ ਮੈ
ਭਗਤਿ ਸੁ ਗਿਆਨ ਸਦੀਵ ਰਹਾਈ ॥
ਦੇਸ ਬਦੇਸ ਬਿਖੈ ਭਈ ਕੀਰਤ ਪੂਰ
ਗੀਓ ਜਸੁ ਸਰਬ ਸੁ ਥਾਂਈ ॥
ਜੈ ਜੈ ਕਾਰ ਭਇਓ ਜਗ ਭੀਤਰ
ਭੂਮ ਅਕਸ ਪਤਾਰਨ ਜਾਈ ॥ 2 ॥

ਤੋਟਕ ਛੰਦ :- ਸੁਨ ਕੈ ਜਸੁ ਸੰਗਤਿ ਰੀਝ ਰਹੀ ॥
ਮਨ ਮੋਦ ਅਨੰਦ ਖੁਸੀ ਸੁ ਕਈ ॥
ਇਕ ਸਿਖ ਪਸ਼ੋਰ ਕਿ ਦੇਸ ਅਏ ॥
ਚਲਿ ਗੰਗ ਕੇ ਨਾਵਨ ਕਾਜ ਗਏ ॥
ਤਿਨ ਘਰਨੀ ਸਾਥ ਵਿਚਾਰ ਕਰੋ ॥
ਮੁਹਿ ਦੇਹੁ ਸਲਾਹ ਸੁਸਾਚ ਹਰੋ ॥
ਹਮਰੇ ਗਿਰਹ ਜਵਾਨ ਸੁ ਹੈ ਪੁਤਰੀ ॥
ਇਨ ਕੋ ਵਰ ਦੇਵਨ ਕੀ ਉਤਰੀ ॥ 4 ॥

ਚੌਪਈ :- ਭਾਈ ਬੰਨੋ ਕੁਲ ਉਜਆਰੀ ॥
ਜਾਨਤ ਉਚ ਨੀਚ ਨਰ ਨਾਰੀ ॥

Digitized by Panjab Digital Library | www.panjabdigilib.org

ਤਿਨ ਕੇ ਸੁਤ ਸੰਗ ਕਰੋ ਸੰਗਾਈ ॥
ਜੇਕਰ ਤੁਮਰੇ ਮਨ ਭਾਈ ॥ 5 ॥

ਦੋਹਰਾ :- ਆਪਸ ਮੈ ਦੋਨੋ ਮਿਲੈ ਕੀਨੋ ਐਸ ਬਿਚਾਰ ॥
ਹੀਏ ਬਾਤ ਨੀਕੀ ਲਗੀ ਭਏ ਮੁਦਤ ਨਰ ਨਾਰ ॥ 6 ॥

ਸਵੈਯਾ :- ਸੰਗ ਲਿਬੋ ਨਿਜ ਪਰੋਹਤ ਕੋ
ਧਰ ਥਾਲ ਮੈ ਰੋੜੀ ਸੁ ਏਕ ਰੁਪਯਾ ॥
ਜਿ ਬੈਠੇ ਹੈ ਸੰਗਤਿ ਬੀਚ ਜੁ ਭਾਈ ਜੀ
ਆਨ ਕੈ ਤਾਰ ਸੁ ਹੈ ਰਖਿ ਦਯਾ ॥
ਤਾਰਾ ਚੰਦ ਜੁ ਤਾਤ ਤੁਮੈ ਉਨ ਕੀ
ਕੁੜਮਾਈ ਸੁ ਹੈ ਹਮ ਕਈਯਾ ॥
ਸਤਿ ਸੰਗਤਿ ਦੇਤ ਵਧਾਈ ਸੁ ਭਾਈ
ਕੋ ਹੋਤ ਅਨੰਦ ਬਿਨੋਦ ਸੁ ਗਈਯਾ ॥
ਦੇਸ ਪਸ਼ੋਰ ਮੈ ਧਾਮ ਸੁ ਮੋਹ ਕੇ
ਆਪ ਤਹਾਂ ਚਲ ਪਾਵਨ ਕੀਜੈ ॥
ਜੈਸਕ ਗੰਗ ਸੁ ਆਪ ਹੈ ਪਾਵਨ
ਜਾਤ ਜਿਤੈ ਤਿਤ ਪੰਾਪ ਸੁ ਛੀਜੈ ॥
ਮੇਘ ਸੁ ਆਵਤ ਹੈ ਕਤਹੂ ਬਰਖਾ
ਕਰ ਊਸਰ ਖ਼ੇਤ ਸੁ ਲੀਜੈ ॥
ਤੈਸੇ ਸੁ ਸੰਤ ਅਨੰਦ ਅਗਾਧ ਜਾਇ
ਜਹਾਂ ਤਹ ਹੈ ਸੁਖ ਦੀਜੈ ॥ 8 ॥

ਅੜਿਲ :- ਤਿਸ ਸਿਖ ਪਰ ਭਈ ਖੁਸੀ ਸੁ ਕੀਨ ਨਿਹਾਲ ਹੈ ॥
ਰਿਧ ਸਿਧ ਨਵ ਨਿਧ ਸੁ ਦਈ ਦਿਆਲ ਹੈ ॥
ਬਿਦਿਆ ਕੀਨਸ ਤਾਸ ਡੇਰ ਚਲਿ ਆਇਉ ॥
ਹੋ ਸੁਨਾ ਸੁ ਸੰਗਤਿ ਸਰਬ ਮੋਦ ਮਨ ਪਾਇਉ ॥ 9 ॥

ਦੋਹਰਾ :- ਸ੍ਰੀ ਗੁਰ ਅਰਜਨ ਦੇਵ ਕੀ ਮੁਝ ਪਰ ਖੁਸੀ ਸੁ ਜਾਨ ॥
ਕਾਰਜ ਲੋਕ ਪਰਲੋਕ ਕੇ ਪੂਰਨ ਭਏ ਸੁ ਮਾਨ ॥ 10 ॥

ਗੀਆ ਮਾਲਤੀ ਛੰਦ :—

ਇਕ ਆਸਰੋ ਗੁਰਦੇਵ ਕੋ
ਨਹ ਅਵਰ ਕਿਸਕੋ ਜਾਨਿਐ ॥
ਵਹ ਕਰਣ ਕਾਰਣ ਆਪ ਹੈ

Digitized by Panjab Digital Library | www.panjabdigilib.org

ਸਭਿ ਕਲਾ ਤਿਸਕੀ ਮਾਨਿਐ ॥
ਮੁਝ ਚਰਨ ਪਕਰੇ ਤਾਸ ਤੇ
ਨਹ ਓਟ ਕਿਸ ਕੋ ਆਸਰੋ ॥
ਅਹੈ ਦੀਨ ਬੰਧਵ ਨਾਮ ਜਿਸਕੋ
ਜੋ ਅਹੇ ਜਗ ਤੇ ਨਿਰਾਸਰੋ ॥ 11 ॥

ਇਕ ਸਾਧ ਸੁਨਿਓ ਗੰਗ
ਤੇ ਵਹ ਪੂਰਨ ਜਾਨਿਐ ॥
ਮਨ ਕਰੀ ਇਛਾ ਮਿਲਨ ਕੀ
ਜਿਹ ਦਰਸ ਤੇ ਸੁਖ ਮਾਨਿਐ ॥
ਜਹ ਜੋਤਿ ਜਗ ਮਗ ਹੋਇ
ਮਸਤਕ ਉਰ ਧਰੇ ਤਾ ਜਾਨਿਐ ॥
ਸਿਰ ਜਟਾ ਮੁਕਟ ਬਿਕਰਾਲ
ਸੋਭਤ ਅੰਗ ਤਹ ਮਾਨਿਐ ॥ 12 ॥

ਕਿਧੋ ਦੱਤ ਗੋਰਖ ਸ਼ਿਵ
ਅਹੈ ਮਛੰਦਰੋ ਪਹਿਚਾਨਿਐ ॥
ਦਿਰਗ ਆਹ ਅਰਣ ਬਿਸਾਲ
ਤਿਨ ਕੋ ਆਸਨੋ ਦਿਰੜ ਜਾਨੀਐ
ਬਿਰਤ ਜੋਰ ਕੈ ਇਕ ਠੌਰ
ਰਾਖੀ ਜੀਤ ਰਿਖੀਅਨ ਬੈਠਈ ॥
ਸੰਕਲਪ ਮਨ ਕੇ ਰੋਕ ਕੇ
ਵਿਕਲਪ ਕੀਨ ਅਸੈ ਠਈ ॥ 13 ॥

ਤਿਸ ਸੰਤ ਪਾਸ ਸੁ ਆਇਕੈ
ਕਰੀ ਬੰਦਨਾ ਕਰ ਜੋਰ ਹੀ ॥
ਤਿ ਚਰਨ ਸੀਸ ਨਿਵਾਇ ਕੈ
ਫਿਰ ਰਾਖ ਦੀਨ ਅਕੋਰ ਹੀ ॥
ਮੁਖ ਬਚਨ ਭਾਖੈ ਕੋਮਲੋ
ਇਹ ਭੇਟ ਸਾਧੂ ਲੀਜਿਐ ॥
ਇਕ ਦਮੜਾ ਗੁੜ ਆਹ ਰੋੜੀ
ਅਗਰ ਕਰ ਤਿਹ ਦੀਜਿਐ ॥ 14 ॥

ਦੁਮਲ ਛੰਦ :—

ਸੁਨ ਸੰਤ ਮਹੰਤ ਅਨੰਤ ਮਤੋ

Digitized by Panjab Digital Library | www.panjabdigilib.org

ਤਵ ਸਾਰਖ ਸਾਧ ਸੁ ਕੌ ਵਰਨੈ ॥
ਜਿਸ ਲੋਭ ਨ ਮੋਹ ਸੁ ਕਰੰਹ ਨਹੀਂ
ਉਰ ਸਾਂਤ ਵਿਆਪ ਰਹੀ ਧਰਨੈ ॥
ਸਮ ਦਮ ਤੇ ਅਦਿਕ ਦੇਵ ਕਿ
ਲਛਨ ਪਾਇ ਪਰੈ ਤੁਮਰੀ ਸਰਣੇ ॥
ਨਹ ਆਪ ਸਮਾਨ ਕੁ ਹੈ ਭਵ
ਭੀਤਰ ਆਨ ਪਰੋ ਤੁਮਰੇ ਪਰਨੈ ॥ 15 ॥

ਮਤਿ ਗਬੰਤ ਛੰਦ :—

ਸੰਤ ਕ ਸੰਗ ਮਿਲੈ ਵਡ ਭਾਗਨ
ਪੂਰਬ ਲੇਖ ਲਿਖਾ ਜਿਸ ਹੋਈ ॥
ਤੀਪ ਤੀਰਥ ਦਾਨ ਸੁ ਬਿਰਤ ਜਿਤੇ
ਜਪ ਆਦਕ ਜਾਪ ਜਪੈ ਮਨ ਲੋਈ ॥
ਪਾਪ ਜਿਤੇ ਮਨ ਤਾਪਿ ਅਹੈ
ਮਿਟ ਜਾਤ ਭਏ ਨਹ ਪਾਵਤਿ ਕੋਈ ॥
ਐਸ ਸੁ ਸਤਿ ਅਨੰਤ ਅਗਾਧ ਉਪਾਧ
ਮਿਟੀ ਉਰ ਤੇ ਤਿਨ ਖੋਈ ॥ 16 ॥

ਤੋਟਕ ਛੰਦ :- ਤਬ ਸੰਤ ਸੁ ਦੇਖ ਪ੍ਰਸੰਨ ਭਯੋ ॥
ਮੁਖ ਤੇ ਅਸ ਬੈਨ ਅਨੰਦ ਕਯੋ ॥
ਇ ਦੈਸ ਸੁ ਭੇਟ ਦਈ ਹਮਕੋ ॥
ਤੁਮ ਸਾਚ ਕਹੋ ਕੁਛ ਹੈ ਕਮ ਕੋ ॥ 17 ॥

ਸੰਖ ਨਾਰੀ ਛੰਦ :—

ਸੁਨੈ ਬੈਠ ਭਾਈ ॥
ਤਬੈ ਆਪ ਗਾਈ ॥
ਸੁਨੇ ਸੰਤ ਪਿਯਾਰੇ ॥
ਕਹੋ ਤੋਹ ਸਾਰੇ ॥ 18 ॥

ਮੁਝ ਪੁਤ ਜਾਨੋ ॥
ਭਈ ਹੈ ਕਹਾਨੋ ॥
ਅਹੈ ਭੇਟ ਐਸੀ ॥
ਨਹੀ ਜੈਸ ਕੈਸੀ ॥ 19 ॥

Digitized by Panjab Digital Library | www.panjabdigilib.org

ਚੌਪਈ :- ਸੁਨ ਅਸਿਬਾਤ ਸੁ ਸਾਧੂ ਬਿਗਮਾ ॥
ਮੁਖ ਤੇ ਬਚਨ ਸੁ ਐਸੇ ਨਿਕਸੇ ॥
ਅਵਰ ਰਪੁਜਾ ਰੋੜੀ ਦੇਹੁ ॥
ਦੂਸਰ ਪੂਤਿ ਮਾਂਗ ਕਰਿ ਲੇਹੁ ॥ 20 ॥

ਤਬ ਭਾਈ ਜੀ ਡੇਰ ਨ ਕੀਨੀ ॥
ਆਗੇ ਭੇਟ ਤੁਰਤਿ ਧਰ ਦੀਨੀ ॥
ਦੂਸਰ ਸਿਖ ਬਲਾ ਬੁਧ ਸਾਗਰ ॥
ਮਮ ਗਰਹ ਪੁਤਰੀ ਗੁਣ ਕੀ ਆਗਰ ॥ 21 ॥

ਕਰੋ ਸਗਾਈ ਤਵ ਸੁਤ ਸੰਗਾ ॥
ਅਸ ਬਾਚ ਭਾਖਤ ਭਇਉ ਅਭੰਗ ॥
ਏਕ ਰੁਪਯਾ ਗੁੜ ਕੀ ਭੇਲੀ ॥
ਪੰਚ ਛੁਹਾਰੇ ਕੇਸਰ ਮੈਲੀ ॥ 22 ॥

ਆਗੇ ਰਾਖ ਸੁ ਬਿਨਤੀ ਧਾਰੀ ॥
ਹਮ ਚਰਨਨ ਕੀ ਸਰਨ ਤੁਮਾਰੀ ॥
ਅਵਰ ਭੇਟ ਸਾਧੂ ਪੈ ਰਾਖੀ ॥
ਹੋਇ ਪ੍ਰਸੰਨ ਸੰਤ ਮੁਖ ਭਾਖੀ ॥ 22 ॥

ਤੀਨ ਬਰੇ ਤਿਨ ਭੇਟ ਚੜਾਈ ॥
ਤੀਨ ਸੁਤਨ ਕੀ ਭਈ ਸੰਗਾਈ ॥
ਬਿਗਸ ਬਚਨ ਸਾਧੂ ਅਸ ਕਹੈ ॥
ਤੁਮਰੇ ਕਾਜ ਨ ਅਟਕੇ ਰਹੈ ॥ 24 ॥

ਦੋਹਰਾ :- ਧਰਨ ਗਰੀਨ ਨਹ ਰਹੇ ਗੋ ਸੂਰਜ ਚੰਦ ਬਿਨਾਸ ॥
ਸਾਧੂ ਬਚਨ ਅਚੱਲ ਹੈ ਸੋ ਨਹ ਹੋਇ ਵਿਣਾਸ ॥ 25 ॥

ਚੌਪਈ :- ਐਸੀ ਬਾਤ ਗੰਗ ਕੀ ਸੁਨੀ ॥
ਸੋ ਪਰਸੰਗ ਲਿਖਿਓ ਇਹਾ ਗੁਨੀ ॥
ਕਰ ਇਸਨਾਨ ਪੀਛੇ ਮਤਿ ਧਾਰੀ ॥
ਗ੍ਰਹ ਆਵਨ ਕੀ ਕਰੀ ਤਿਯਾਰੀ ॥ 25 ॥

ਨਰਾਜ ਛੰਦ :—
ਸੁ ਗੰਗ ਕੋ ਨਿਵਾਇ ਸੀਸ ਬੰਦਨਾ ਸੁ ਧੀਰ ਕੈ ॥
ਅਸੀਰ ਬਾਦ ਹੈ ਕਰੀ ਸੁ ਚਿਤ ਮੈ ਵਿਚਾਰ ਕੈ ॥

Digitized by Panjab Digital Library | www.panjabdigilib.org

ਸਨੇ ਸਨੇ ਚਲੇ ਸੁ ਆਪ ਮੰਗ ਮਾਹ ਆਵ ਹੀ ॥
ਗੁਵਿੰਦ ਹੀ ਕਿਵਾਲ ਜਾਹ ਬਾਵਲੀ ਸੁਹਾਵਰੀ ॥ 27 ॥

ਅਮਰ ਦਾਸ ਜਾਨਿਐ ਸੁ ਤਾਹ ਕੋ ਅਸਥਾਨ ਹੈ ॥
ਗੁਰੰ ਗੁਰ ਸੁ ਮਾਨਿਐ ਪ੍ਰਗਟ ਦੂਜ ਭਾਨ ਹੈ ॥
ਕਗੁ ਸੁ ਕਾਲ ਜਾਨਿਐ ਸੁ ਤੀਰਥ ਬਨਾਇਉ ॥
ਮਿਟੈ ਸੁ ਪਾਪ ਦੇਹ ਕੇ ਜੁ ਏਕ ਬਾਰ ਨਾਇਉ ॥ 28 ॥

ਅੱਸੀ ਸੁ ਚਾਰ ਸੀਹੜੀ ਬਨਾਇ ਏਸ ਕੀ ਰਚੀ ॥
ਮੁਕਤ ਕੋ ਲਿਆਇ ਕੈ ਬੈਕੁਠ ਜਾਨ ਹੈ ਖਰਚੀ ॥
ਜੁ ਨਾਇਕੈ ਸੁ ਪਾਠ ਜਪਿ ਸਿਖ ਪ੍ਰੇਮ ਧਾਰਿ ਹੈ ॥
ਛੁਟੇ ਸੁ ਜੀਵ ਭਿਖ ਤੇ ਸੰਸਾਰ ਸਿੱਧ ਪਾਰ ਹੈ ॥ 29 ॥

ਦੋਹਰਾ :- ਚਵਰਾਸੀ ਪਵੜੀ ਹੈ ਰਚੀ ਇਸ ਪਾਪੀ ਕੀ ਜਾਨ ॥
ਇਕ ਇਕ ਪ੍ਰਿਥਮ ਇਸਨਾਨ ਕਰ ਪੜੇ ਸੁ ਜਪ ਅਸਥਾਨ ॥ 30 ॥

ਅੜਿਲ :- ਗੁਰ ਅਮਰਦਾਸ ਕੋ ਤੀਰਥ ਇਹੁ ਬਡ ਜਾਨਿਐ ॥
ਇਸ ਸਮਾਨ ਨਰ ਦੂਸਰ ਜਗ ਮੈ ਆਨਿਐ ॥
ਕਲਿ ਜੁਗ ਮੈ ਪ੍ਰਸਿਧ ਨਾਹ ਕਛੁ ਭੇਦ ਹੈ ॥
ਹੋ ਗੁਰ ਕੀ ਪੁਰੀ ਸਮਾਇ ਪਾਇ ਨਹ ਖੇਦ ਹੈ ॥ 31 ॥

ਕਰ ਕੜਾਹ ਪ੍ਰਸਾਦਿ ਭੇਂਟ ਦਈ ਰਾਖਿਕੈ ॥
ਨਾਮ ਦਾਨ ਇਸਨਾਨ ਕੀਨ ਮੁਖ ਭਾਖ ਕੈ ॥
ਜੇਤਕ ਗੁਰ ਅਸਥਾਨ ਸੀਸ ਤਿਹ ਨਿਆਇਉ ॥
ਹੋ ਸਫਲ ਜਨਮ ਅਜਿਤ ਇਉ ਸੁ ਸਭਨ ਸੁਨਾਇਉ ॥ 32 ॥

ਤ੍ਰਿਲਕਾ ਛੰਦ :—

ਦਿਨ ਰੈਨ ਬਸੈ ॥
ਗੁਨ ਗਾਇ ਜਸੈ ॥
ਫਿਰ ਕੂਚ ਕਰਾ ॥
ਬਚ ਐਸ ਰਹਾ ॥ 33 ॥

ਸਭਿ ਸੰਗਤਿ ਕੋ ॥
ਸੁਨ ਪੰਗਤਿ ਕੋ ॥
ਚਲ ਵਸ ਕਰੋ ॥
ਸਭ ਸੋਕ ਹਰੋ ॥ 34 ॥

Digitized by Panjab Digital Library | www.panjabdigilib.org

ਸਵੈਯਾ :-

ਖੰਡੂਰ ਅਹੈ ਤਿਨ ਕੋਸ ਸੁ ਜਾਹਿਤੈ
ਤਾਹਾਂ ਭਲੇ ਚਲਿ ਦਰਸਨ ਕੀਜੈ ॥
ਦਰਬਾਰ ਅਹੈ ਗੁਰ ਅੰਗਦ ਕੋ
ਤਿਨ ਦੇਖਨ ਤੇ ਸਭ ਪਾਪ ਸੁ ਛੀਜੈ ॥
ਭੇਟ ਚੜਾਇ ਮੁਖੋ ਜਸੁ ਗਾਇ ਸੋ
ਮਾਨੁਖ ਜਨਮ ਸਫਲ ਕਰ ਲੀਜੈ ॥
ਸੁਨ ਸੰਗਤਿ ਉਮੰਗ ਭਾਈ ਮਨ ਮੈ
ਗੁਰ ਕੋ ਜਸਕੋ ਰਸ ਅੰਮ੍ਰਿਤ ਪੀਜੈ ॥ 35 ॥

ਦੋਹਰਾ :-

ਪੁਜੈ ਸੁ ਜਬ ਦਰਬਾਰ ਮੈ ਭੇਟਾ ਧਰੀ ਸੁ ਆਨ ॥
ਚਾਰ ਪ੍ਰਦਛਨ ਫਿਰ ਕਰੀ ਜਹ ਗੁਰ ਕੋ ਅਸਥਾਨ ॥ 36 ॥

ਗੀਯਾ ਮਾਲਤੀ ਛੰਦ :—

ਜਬ ਦੇਖਿਉ ਦਰਬਾਰ ਆਗੈ ਬਿਰਛ ਕਰੀਆ ਮੋਲਿਉ ॥
ਤਬ ਪੂਛਿਉ ਕਰ ਜੋਰ ਕੈ ਇਕ ਸਿਖ ਤਾਮੈ ਬੋਲਿਉ ॥
ਸਭਿ ਕਥਾ ਬਾਖੋ ਮੋਹਕੋ ਇਹੁ ਕਵਨ ਗੁਰ ਦਰਬਾਰ ਹੈ ॥
ਇਸ ਬ੍ਰਿਛ ਕੋ ਸਭ ਪੂਜ ਤੇ ਏਹ ਭਾਖਿਐ ਪਕਾਰ ਹੈ ॥ 37 ॥

ਭਾਈ ਬਾਚ ਸੰਗਤਿ ਪ੍ਰਿਤ ॥
ਪ੍ਰਿਥਮ ਸ੍ਰੀ ਗੁਰ ਨਾਨਕ ਤਾਛਨੇ ਜਗ ਵਹਿ ਆਇਓ
ਫਿਰ ਦੂਸਰੇ ਗੁਰ ਅੰਗਦੰ ਕਰ ਸੇਵ ਸਭ ਫਲ ਪਾਇਓ ॥
ਤਿਨ ਬੈਠ ਕੈ ਇਸ ਭੂਮ ਮੈ ਤਪ ਕਰਾ ਦੀਰਘ ਘੋਰ ਹੀ
ਬਨ ਫਿਰੈ ਬਕਰੀ ਸਿੰਘ ਇਕਠੇ ਪਰਦਰਬ ਨਹ ਕੇ ਚੋਰ ਹੀ ॥ 38 ॥

ਗੁਰ ਤੀਸਰੋ ਤਬ ਆਇ ਕੈ
ਤਨ ਕਰੀ ਸੇਵ ਅਭੰਗ ਹੈ ॥
ਨਿਸ ਜਾਮ ਪਿਛਲੀ ਰਹੈ ਜਬਿ
ਤੇ ਜਾਇ ਬਿਯਾਸ ਸੁ ਗੰਗ ਹੈ ॥
ਇਸ ਭਾਂਤ ਬੀਤੇ ਬਰਸ
ਬਾਰਹ ਸੇਵ ਕਰ ਗੁਰਦੇਵ ਕੀ ॥
ਇਕ ਦਿਵਸ ਕੌਤਕ ਅਸ ਭਇਓ
ਨਹ ਲਖਾ ਤਿਨ ਕੋ ਭੇਵ ਹੀ ॥ 39 ॥

Digitized by Panjab Digital Library | www.panjabdigilib.org

ਨਿਸ ਭਇਓ ਅੱਧ ਗੁਬਾਰ ਹੈ
ਨਹ ਨਿਰਖੀਐ ਹਾਥ ਪਾਵ ਕੀ ॥
ਬਡ ਚਲੈ ਸੀਤਲ ਪਵਨ
ਜਾਡਾ ਬੂੰਦ ਪਰਸੇ ਆਵ ਹੀ ॥
ਗਰ ਅਮਰ ਗਾਗਰ ਲੈ ਤਰਾ
ਇਹ ਨੇਮ ਤਿਸ ਕਾ ਜਾਨਿਐ ॥
ਅਧ ਪੈਂਡ ਮੈ ਹੈ ਦਮਦਮਾ
ਤੇਹ ਪੀਠ ਦੇਹ ਨਹ ਆਨਿਐ ॥ 40 ॥

ਦੋਹਰਾ :— ਸ੍ਰੀ ਗੁਰ ਅਮਰ ਕੁ ਜਾਨਿਐ ਇ ਧਾਰਾ ਝਿਨ ਨੇਮ ॥
ਪੀਠ ਨ ਦੇਵਤ ਨਗਰ ਕੋ ਅਧ ਮਾਰਗ ਲਗ ਏਮ ॥ 41 ॥

ਅੜਿਲ :— ਦੋਇ ਕੋਸ ਤੇ ਦਮਦਮਾ ਗੁਰ ਕੋ ਜਾਨਿਐ ॥
ਪੀਠ ਖੀਛ ਕਰ ਤੁਰੇ ਤਾਹ ਤਕ ਆਨਿਐ ॥
ਮੁਖ ਰਹੈ ਗੁਰ ਕੀ ਓਰ ਮਗਰ ਨਹ ਦੇਵ ਹੀ ॥
ਹੋ ਪਛਰੂਹ ਚਲਿ ਜਾਇ ਕਰੇ ਅਸ ਸੇਵ ਹੀ ॥ 42 ॥

ਦੋਹਰਾ :— ਤਿਸ ਅਸਾਨ ਸੁ ਜਾਇਕੈ ਨਿਮਸਕਾਰ ਕਰਜੋਰ ॥
ਭੂਮੀ ਮਸਤਕ ਨਿਯਾਇਕੈ ਚਲੈ ਰੰਗ ਕੀ ਓਰ ॥ 43 ॥

ਦੋਹਰਾ :— ਬਿਯਾਸ ਗੰਗ ਇਸਨਾਨ ਕਰ ਫਿਰ ਗਾਗਰ ਜਲ ਭਰਪੂਰ ॥
ਜਾਮ ਜਾਮਨੀ ਰਹੈ ਜਬ ਆਇ ਪੁਜੈ ਵਹ ਤੂਰ ॥ 44 ॥

ਨਗਨ ਛੰਦ :—ਸ ਏਕ ਰੈਨ ਮਾਹ ਅੰਧਕਾਰ ਹੋਤ ਭਾਰਿ ਹੈ ॥
ਬਰਖਿ ਹੈ ਸੁ ਮੇਘ ਬੂੰਦ ਸੀਤ ਚੱਲ ਬਿਯਾਰ ਹੈ ॥
ਉਠਾਇ ਨੀਰ ਗਾਗਰੰ ਸੁ ਸੀਸ ਤੇ ਜੁ ਆਇਓ ॥
ਸੁ ਮੋਖ ਲਾਗ ਪਾਵ ਸੰਗ ਦੇਹ ਕੋ ਡੁਲਾਇਓ ॥ 45 ॥

ਗਿਰਾ ਸੁ ਤਾਹ ਠੌਰ ਮੈ ਜੁਲਾਹ ਕੋ ਦੁਕਾਨ ਹੀ ॥
ਖਰੱਕ ਹੋਤ ਜਾਨਿਐ ਬਡੋ ਸੁ ਚੋਰ ਮਾਨਿ ਹੀ ॥
ਤਿਰਯਾ ਸੁ ਬੋਲ ਨਾਹ ਕੋ ਸੁ ਕੀਆ ਭਰਮ ਦੂਰ ਹੈ ॥
ਸੁ ਚੋਰ ਔਰ ਨਾਹ ਕੋਇ ਅਮਰੂ ਜਰੂਰ ਹੈ ॥ 46 ॥

ਇਹੁ ਅਮਰੂ ਨਿਮਾਨ ਨਹ ਥਾਵ ਥਿਤਾ ਜਾਸ ਹੀ ॥

ਗੀਯਾ ਮਾਲਤੀ ਛੰਦ :

ਦਿਵਸ ਰਜਨੀ ਫਿਰੈ ਡੋਲਤ ਰਹੈ ਸੰਦ ਉਦਾਸ ਹੀ ॥

Digitized by Panjab Digital Library | www.panjabdigilib.org

ਤੁਮ ਚਿੰਤ ਤਜ ਅਚਿੰਤ ਹੋਵ ਹੁ ਸੰਇ ਸੁਖ ਸੋ ਜਾਮਿਨੀ ।।
ਅਸ ਬਚਨ ਭਾਖੈ ਕੰਤ ਕੋ ਸੁਨਾਇਕੈ ਨਿਜ ਭਾਮਨੀ ।। 47 ।।

ਸੁਨ ਬਚਨ ਐਸੇ ਤਿਰਯਾ ਕੈ ਧਰ ਲਈ ਗਾਗਰ ਸੀਸ ਹੀ ।।
ਤਹ ਆਨ ਕੀਨ ਪ੍ਰਵੇਸ ਸਹੈ ਜਿਹ ਬੈਸ ਹੈ ਜਗਦੀਸ ਹੀ ।।
ਜੁਗ ਜੋਰ ਕਰ ਕਰੀ ਬੰਦਨਾ ਫਿਰ ਸੀਸ ਚਰਨੀ ਰਾਖਿਓ ।।
ਜਲ ਆਇਓ ਗੁਰ ਦੇਵ ਮੇਰੇ ਇਸਨਾਨ ਕਾਰਨ ਭਾਖਿਓ ।।

ਫਿਰ ਪੂੱਛਿਓ ਗੁਰ ਅੰਗਦਿ ਕਹੁ ਬਾਤ ਅਜ ਕੋ ਮੋਹ ਕੋ ।।
ਤੁਮ ਪੂਜੇ ਕੈਸੇ ਬਿਯਾਸ ਗੰਗਾ ।। ਆਇ ਕਸ ਕਹੋ ਤੋਹ ਕੋ ।।
ਜਿਵ ਭਈ ਬਾਤ ਬਤਾਇ ਦੀਜੈ ਰਾਖੀਐ ਨਹ ਭੇਦਿ ਹੀ ।।
ਦੁਇ ਚਾਰ ਫੇਰ ਦੁਹਾਇਓ ਡਿਰ ਸਮਝਿਓ ਹੁਇ ਖੇਦ ਹੀ ।।

ਗੁਰਮਤਿ ਧਾਈ ਵੈਦ ਜੁ ਨਿਰਪ ਤਾਤ ਮਾਤਾ ਜਾਨਿਐ ।।
ਇਨ ਪਾਸ ਤੋ ਨਹ ਕਪਟ ਰਾਖੈ ਸਾਚ ਮੁਖ ਤੇ ਭਾਨਿਐ ।।
ਇਹੁ ਆਹਾ ਜਾਗਾ ਸਾਚ ਕੀ ਨਹ ਝੂਠ ਕਬ ਹੀ ਭਾਖਿ ਹੀ ।
ਨਹ ਸਿਧ ਕਾਰਜ ਤਾਸ ਕੋ ਜੁ ਦਰੋਹ ਕਪਟ ਸੁ ਰਾਖਿ ਹੀ ।। 50 ।।

ਸਵੈਯਾ :- ਤਬ ਸ੍ਰੀ ਗੁਰ ਅਮਰ ਕਹੀ ਕਰ ਜੋਰ ਕੈ
ਆਦਿ ਅਰ ਅੰਤਿ ਕੀ ਬਾਤ ਸੁਾਈ ।।
ਜੈਸਕ ਪਾਵ ਕੋ ਮੇਖਿ ਲਗੀ ਗਿਰੀ
ਸੀਸ ਤੇ ਗਾਗਰ ਭੂਮ ਪੈ ਆਈ ।।
ਖਰਕ ਭਇਓ ਸੁਨ ਬੋਲ ਉਠਾ
ਕਹੁ ਭਾਮਨ ਮੋਹ ਕਹੋ ਸਮਝਾਈ ।।
ਵਹ ਉਤਰ ਦੈਤ ਜੁਲਾਹੇ ਕੋ ਇਹੁ
ਅਮਰ ਨਿਬਾਵ ਹੈ ਥਾਵ ਜੁ ਨਾਹੀ ।। 51 ।।

ਦੋਹਰਾ :— ਸ੍ਰੀ ਗੁਰ ਅੰਗਦ ਜਬ ਸੁਨੇ ਬਚਨ ਜੁਲਾਹੀ ਕਾਨ ।।
ਪ੍ਰਿਥਮ ਇਸ਼ਨਾਨ ਕਹਾਇਕੈ ਬਠਿਲਾਇਓ ਨਿਜਥਾਨ ।। 52 ।।

ਤੋਟਕ ਛੰਦ : ਫਿਰ ਅੰਗ ਨਵੀਨ ਪੁਸਾਕ ਦਈ ।।
ਸੰਗ ਕੁਕਮ ਕੇ ਵਹਿ ਛਿਣਕ ਲਈ ।।

Digitized by Panjab Digital Library | www.panjabdigilib.org

ਨਰਯੇਰ ਸੁ ਪੈਸ ਸੁ ਪਾਂਚ ਧਰੇ ॥
ਕਰ ਚਾਰ ਪਦਛਨ ਬਾਕ ਕਰੇ ॥ 53 ॥

ਪਗ ਸੀਸ ਨਿਵਾਇ ਸੁਨਾਇ ਦਇਓ ॥
ਨਿਰਥਾਵਨ ਕੋ ਤੁਮ ਥਾਵ ਔਓ ॥
ਨਿਮਾਨਨ ਕੋ ਤੁਮ ਮਾਨ ਅਹੀ ॥
ਨਿਹ ਤਾਨਨ ਕੋ ਤੁਮ ਤਾਨ ਸਹੀ ॥ 54 ॥

ਨਹ ਓਟਨ ਕੀ ਤੁਮ ਓਟ ਬਡੀ ॥
ਜਸਮੇਰ ਕਲਾਸ ਪਹਾਰ ਜਡੀ ॥
ਅਸ ਦੀਨ ਦਿਆਲ ਕਹੈ ਬਚਿਨਾ ॥
ਬਖਸੀਸ ਕਰੀ ਤਿਨ ਕੋ ਰਚੰਨਾ ॥ 55 ॥

ਗੁਰ ਦੂਸਰ ਕੋ ਇਹੁ ਥਾਨ ਅਹੈ ॥
ਅਮਿਰੂ ਭਇਓ ਅਮਰ ਸੁ ਦਾਸ ਵਹੈ ॥
ਇਹੁ ਆਹ ਕਰੀਰ ਕੁ ਬਿਰਛ ਜੋਈ ॥
ਹਰਿਓ ਹੁਇ ਕੀਤਿ ਝਬ ਸੁਈ ॥ 56 ॥

ਚੌਪਈ :— ਸੂਕੇ ਤੇ ਰਰਿਆ ਤਰ ਦੇਖ ॥
ਇਹ ਅਸਚਰਜ ਕਛੂ ਨਾਹ ਵਸੇਖ ॥
ਇਸੇ ਜਨਮ ਕਾ ਸੂਕਾ ਜਾਨ ॥
ਹਰਾ ਹੋਤ ਕਛੂ ਡੇਰ ਨ ਮਾਨ ॥ 57 ॥

ਦੋਹਰਾ :— ਜਨਮ ਜਨਮ ਕਾ ਬੀਛਰਾ ਸੂਕਾ ਜੀਵ ਪਛਾਨ ॥
ਜਨ ਗੁਰ ਮਿਲ ਜੀਵਤ ਭਇਓ ਮ੍ਰਿਤਕ ਪਾਏ ਪ੍ਰਾਨ ॥ 58 ॥

ਚੌਪਈ :— ਦਰਸ ਪਰਸ ਕਰ ਬਾਹਰ ਆਏ ॥
ਤਪ ਆਣਾ ਜਹ ਥਾਨ ਸੁਹਾਏ ॥
ਸੀਸ ਨਿਵਾਇ ਪ੍ਰਕਰਮਾ ਕੀਨੋ ॥
ਬੈਠਤ ਭਏ ਗੁਰ ਮਤਿ ਮਨ ਭੀਨੋ ॥ 59 ॥

ਭੇਟਾ ਰਾਖੀ ਤਾਹਾ ਸਧਾਰ ॥
ਜਥਾ ਜੋਗ ਜਾਨੋ ਬਧ ਸਾਰ ॥
ਹਾਥ ਜੋਰ ਸੰਗਤਿ ਤਬ ਕਹੈ ॥
ਕਿਸ ਕੋ ਇਹੁ ਅਸਥਾਨ ਸੁ ਅਹੈ ॥ 60 ॥

Digitized by Panjab Digital Library | www.panjabdigilib.org

ਭਾਈ ਬਾਚ :—ਗੁਰ ਨਾਨਕ ਕੋ ਇਹੁ ਅਸਥਾਨ ॥
ਗੁਰ ਅੰਗਦ ਮਿਲਿਓ ਜਹਿ ਆਨ ॥
ਤਿਨ ਕੀ ਕਥਾ ਸੁਤ ਮੈ ਸੁਨਾਊ ॥
ਜਨਮ ਮਰਨ ਕਾ ਤਰਾਸ ਮਿਟਾਊ ॥ 61 ॥

ਸਵੈਯਾ :— ਹਰੀ ਪੁਰ ਨਾਮ ਸੁਗਮ ਹੈ ਜੰਗਲ
ਲਹਿਣੇ ਕੋ ਤਹ ਧਾਮ ਪਛਾਨੋ ॥
ਤਿਸ ਨਗਰ ਕੋ ਚੌਧਰ ਹੈ ਬਖਤਾਵਰ
ਲਹਣਾ ਤਹ ਪਟਵਾਰ ਸੁ ਜਾਨੋ ॥
ਬਰਖ ਬਤੀਤ ਭਏ ਕਿਤਨੇ ਵਹ
ਲੇਵਤ ਦੋਵਹ ਹੈ ਸੁਖ ਸਾਨੋ ॥
ਪ੍ਰੀਤ ਭਈ ਤਿਨ ਆਪਸ ਮੈ ਪ੍ਰੀਤੀਤ
ਸੁ ਆਤਮ ਮੈ ਉਰ ਆਨੋ ॥ 62 ॥

ਨਿਰਪ ਵਜ਼ੀਰ ਕੀ ਗੀਤ ਸੁ ਜੈਸਕ
ਮਿਤਰ ਸੁ ਮਿਤਰ ਮਿਲੈ ਸੁਖ ਪਾਈ ॥
ਪੂਤ ਪਿਤਾ ਜਸ ਹੇਤ ਸੁ ਆਪ
ਸਬੰਧ ਸੁ ਬੰਧ ਮਿਲੇ ਮੁਸਕਾਈ ॥
ਏਕ ਸਮੇ ਮਿਲ ਆਪ ਸਮੇ ਸੁ
ਹਿਸਾਬ ਕੀ ਬਾਤ ਹੈ ਤਾਹ ਚਲਾਈ ॥
ਮਨ ਸੂ ਤਿਨ ਆਛੀ ਹੈ ਸੁਧਰੀ
ਲੇ ਕਾਗਦ ਰਕਮ ਸੁ ਭਾਖ ਸੁਨਾਈ ॥

ਗੀਯਾ ਮਾਲਤੀ ਛੰਦ :- ਹਿਸਾਬ ਕੀਨੋ ਆਪ ਮੈ
ਭੁਲ ਭਾਂਤ ਕਾਂਗਦ ਸੋਪਿਓ ॥
ਨਹ ਰਲੋ ਰੰਚਕ ਪੇਖਿਐ
ਬਹੁ ਬਸਤਰ ਪਰਬੋਧਿਓ ॥
ਸਹੰਸਰ ਚਾਰ ਸੁ ਦਾਮ
ਨਿਕਸੇ ਚੌਧਰੀ ਕੈ ਜਾਨਿਐ ॥
ਵਹ ਦੇਵਨੇ ਪਟਵਾਰੀਏ
ਸੰਕ ਨਾਹ ਉਰ ਮੈ ਆਨਿਐ ॥ 64 ॥

ਅਲਪ ਦਿਵਸ ਬਤੀਤ ਭੇ
ਫਿਰ ਮਾਂਗਿਓ ਧਨ ਦੀਜਿਐ ॥

Digitized by Panjab Digital Library | www.panjabdigilib.org

ਸਭ ਜਗਤਿ ਕੋ ਵਿਵਹਾਰ
ਹੈ ਕਹ ਜਤਨ ਅਨਕ ਜੁ ਕੀਜਿਐ ॥
ਪਿਤਾ ਮਾਤ ਤਾਤ ਜੇ ਬੰਧਪੋ
ਸਨਬੰਧ ਸਾਰ ਜੇ ਮੀਤਿ ਹੈ ॥
ਜਬ ਤਲਕ ਲੇਵ ਸੁ ਦੇਵ ਹੀ
ਤਬ ਤਲਕ ਰਾਖੈ ਪ੍ਰੀਤਿ ਹੈ ॥ 65 ॥

ਸੰਪਤਾ ਹੁਇ ਦੂਰ ਜਿਸ ਤੇ
ਜਗਤਿ ਮੈ ਅਸ ਜਾਨਿਐ ॥
ਨਹ ਨਿਕਟ ਆਵੈ ਤਾਸ ਕੈ
ਕੁਇ ਦੇਇ ਤਿਸ ਨਹੁ ਪਾਨਿਐ ॥
ਪ੍ਰੀਤ ਕੀ ਜੁ ਰੀਤ ਹੈ
ਪ੍ਰਤੀਤ ਭਾਗੈ ਤਾਸ ਕੀ ॥
ਧਨ ਹੀਨ ਬੁਧ ਪ੍ਰਬੀਨ ਹੈ
ਸੁਖ ਖੀਨ ਜਾਨੋ ਨਾਸ ਕੀ ॥ 66 ॥

ਚੌਪਈ :— ਲਹਣੇ ਪਾਸ ਕਛੁ ਧਨ ਨਾਹ ॥
ਬਹੁ ਚਿੰਤਾ ਉਪਜੀ ਚਿਤ ਤਾਹ ॥
ਇਸ ਭਾਂਤ ਬੀਤਿਓ ਕਛੁ ਕਾਲ ॥
ਤਬ ਮਨ ਮਾਹ ਸੁਕੀਨ ਖਿਆਲ ॥ 67 ॥

ਤੋਟਕ ਛੰਦ :—ਅਬ ਕੌਨ ਕੀ ਜਾਇ ਸੁ ਰੇਨ ਰਾਹੋ
ਹਿਮ ਬੀਚ ਗਰੋ ਬਨ ਮਾਹ ਰਹੋ ॥
ਰਜਾਇ ਕਿ ਗੰਗ ਮੈ ਬਡਿ ਮਰੋ ॥
ਮਨ ਕੌਨ ਕਿਧੋ ਉਪਾਵ ਕਹੋ ਸੁਕਰੋ ॥ 68 ॥

ਮੁਝ ਆਨ ਬਡੋ ਸੁ ਕਲੇਸ ਭਯੋ ॥
ਦੁਖ ਨਾਗ ਗ੍ਰਸਾ ਸੁਖ ਦੂਰ ਗਯੋ ॥
ਜਗ ਮੀਤ ਨ ਕੋ ਅਸ ਮੋਹ ਅਹੋ ॥
ਜਿਸ ਪਾਸ ਤੇ ਜਾਇ ਬਿਰਥਾ ਸੁ ਕਹੋ ॥ 69 ॥

ਦੋਹਰਾ ;- ਜਾ ਬਿਧ ਕਰਤਿ ਬਿਚਾਰ ਚਿਤ ਕੌਊ ਨ ਪਾਵਤ ਠੌਰ ॥
ਬਿਨਾ ਸਰਨ ਜਗਦੀਸ ਕੀ ਰਹਿਓ ਸੁ ਜਗ ਮੈ ਟੋਰ ॥ 70 ॥

ਰਿਣਸ ਮਾਨ ਜਗ ਹਤਿਅ ਅਵਰ ਨ ਦੂਸਰ ਜਾਨ ॥
ਗੰਗ ਆਦਿ ਤੀਰਥ ਕਰੇ ਇਹੁ ਨਹ ਮਿਟਤ ਪ੍ਰਮਾਨ ॥ 71 ॥

Digitized by Panjab Digital Library | www.panjabdigilib.org

ਚੌਪਈ :- ਅਵਰ ਪਾਪ ਜਿ ਅਹਿ ਜਗਬੀਚ ॥
ਕੀਏ ਉਪਾਵ ਮਿਟਤ ਅਘ ਨੀਚ ॥
ਰਿਣ ਹਤਿਆ ਕੋ ਨਹ ਪ੍ਰਿਤੀ ਕਾਰ ॥
ਮਨ ਮੈ ਸਮਝ ਸੁ ਕਰੋ ਬਿਚਾਰ ॥
ਬਿਨਾ ਦੀਏ ਤਿਆ ਨਹ ਟਰੇ ॥
ਕੋਇ ਉਪਾਵ ਜੇਤਕ ਜੇ ਕਰੈ ॥
ਸਾਤ ਸਮੁੰਦ ਫਿਰੇ ਜੇ ਕੋਈ ॥
ਬਿਨ ਰਿਣ ਦਏ ਨ ਹਤਿਆ ਖੋਈ ॥ 73 ॥

ਕਵ ਵਾਚ :-

ਕਬਿਤ :—

ਸੁਇਨੇ ਕੇ ਸੁਮੇਰ ਭਾਵੈ ਬਸਿਐ ਕਵਲਾਸੁ ਮਾਹ
ਨਵ ਨਿਧ ਢਿਗ ਹੈ ਕੁਮੇਰ ਪਾਸ ਜਾਈਐ ॥
ਲੰਕ ਮਾਹ ਰਾਵਨ ਅਵਾਸ ਮੈ ਨਿਵਾਸ ਕਰ
ਸੰਕਰ ਇਕਾਦਸ ਕੀ ਸੇਵ ਕਰ ਧਿਆਈਐ ॥
ਤੀਰਥ ਇਸਨਾਨ ਕਰ ਕਰਵਤ ਸੁ ਸੀਸ
ਪਰ ਰਟਨ ਉਨਚਾਸ ਧਰ ਗੰਗ ਮਾਹ ਨਾਈਐ ॥
ਲਿਖਿਓ ਜੁ ਲੇਖ ਬਿਧ ਮਿਟਤ ਨ ਹੋਇ ਸਿਧ
ਰਿਧ ਸਿਧ ਮਿਲੇ ਨਾਹ ਜਤਨ ਕਮਾਈਐ ॥

ਦੋਹਰਾ :- ਅਨਕ ਜਤਨ ਜੇਕਰ ਕਰੇ ਮਿਟਤ ਨ ਲਿਖਿਓ ਲੇਖ ॥
ਸੰਤਨ ਸੰਗ ਬਡ ਭਾਗ ਤੇ ਮਿਲੈ ਤਾ ਮਿਟਤ ਕੁ ਲੇਖ ॥ 75 ॥

ਚੌਪਈ :- ਅਨਕ ਉਪਾਵ ਜਤਨ ਕਰ ਹਾਰਾ ॥
ਇਰ ਉਪਾਵ ਫਿਰ ਮਨ ਮਧ ਧਾਰਾ ॥
ਤਿਸ ਚੌਧਰ ਕੀ ਸੁਤਾ ਸੁ ਜਾਨੋ ॥
ਮਹ ਮੇ ਖਹਰੇ ਕੀ ਨਖ ਮਾਨੋ ॥ 76 ॥

ਤਿਸਕਾ ਨਾਤਾ ਮਨ ਮੈ ਧਾਰਾ ॥
ਲਹਣੇ ਕੀ ਓਸੁ ਇਹੁ ਬਿਚਾਰਾ ॥
ਸਨੇ ਸਨੇ ਆਇਓ ਤਿਸ ਧਾਮ ॥
ਮਹਮੇ ਦਾ ਪੂਛਤ ਭਇਓ ਨਾਮ ॥ 77 ॥

ਚਲ ਕਰ ਸਦਨ ਤਿਸੀ ਕੇ ਆਵਾ ॥
ਜਬ ਲੋਗਨ ਤਿਨ ਕੋ ਸਮਝਾਵਾ ॥

Digitized by Panjab Digital Library | www.panjabdigilib.org

ਕੰਨਿਆ ਦੇਖ ਆਦਰ ਬਹੁ ਕੀਨੋ ॥
ਪਲੰਘ ਬਿਛਾਇ ਬਿਠਾਇ ਸੁ ਦੀਨੋ ॥ 78 ॥

ਦੋਹਰਾ:- ਕੰਨਿਯਾ ਪੂਛਾ ਤਾਹ ਕੋ ਚਾਚਾ ਕਹੋ ਕਿਆ ਕਾਮ ॥
ਕਹ ਕਾਰਣ ਤੁਮ ਆਇਓ ਇਹਾ ਹਮਾਰੇ ਧਾਮ ॥ 89 ॥

ਮਲਕਾ ਛੰਦ :—

ਮੋਹਤਾਤ ਮਾਤ ਸੂਖ ॥
ਔਰ ਨਾਹ ਧਾਮ ਦੂਖ ॥
ਤੋਹ ਕੋਹ ਅਰਾਮ (ਸਾਚ) ਆਹ
ਹੈ ਸਾਚ ਬੈਨ ਭਾਖਿ ਚਾਹ ॥ 80 ॥

ਤੁਹ ਕੋ ਨਮਿਤ ਕੌਨ ॥
ਮੋਹ ਕੇ ਜੁ ਆਇ ਭੌਨ ॥
ਪੂਛਤੀ ਹੌ ਵਾਰ ਵਾਰ ॥
ਨਾਹ ਚਿਤ ਚਿੰਤ ਧਾਰ ॥

ਚੌਪਈ :- ਤਬ ਲਹਣੇ ਸਬ ਬਿਰਥਾ ਸੁਨਾਈ ॥
ਜੋ ਜੁ ਬੀਤੀ ਸੋ ਸੋ ਗਾਈ ॥
ਚਤਰ ਸਹੰਸ ਰੁਪਯਾ ਦੇਨਾ ॥
ਹਮ ਤੇ ਤੁਮਰੇ ਬਾਪ ਸੁ ਲੈਨਾ ॥ 83 ॥

ਸੋ ਮੁਝ ਤੇ ਮਾਂਗਤ ਨਿਤ ਆਹਿ ॥
ਹਮਰੇ ਗ੍ਰਹ ਕਛੁ ਸਮਰਥ ਨਾਹਾ ॥
ਤਾਤ ਤੁਮਰੇ ਆਇਓ ਪਾਸਾ ॥
ਕਛੁ ਹਮਰੀ ਪੂਰਨ ਕਰੋ ਆਸਾ ॥ 83 ॥
ਕਹੁ ਬਾਪ ਕੋ ਕਿਛ ਦਿਨ ਪਾਵੈ ॥
ਬਹੁਤੋ ਕਸਟ ਨ ਮੋਹ ਦਿਖਾਵੈ ॥
ਸੁਨ ਕਰ ਬੀਬੀ ਹੀਯੇ ਬਿਚਾਰੀ ॥
ਚਤਰ ਸਹੰਸਰ ਰਿਣ ਹੈ ਭਾਰੀ ॥ 84 ॥

ਬੀਸ ਪਚੀਸ ਕਾ ਹੋਵੈ ਕਾਮ ॥
ਮੁਹ ਦੇਵ ਹੁ ਇਸ ਕੋ ਚਾ ਦਾਮ ॥
ਬਿਨਾ ਦੀਇ ਕਾਰਜ ਨਹ ਸਰੈ ॥
ਕੋਟ ਜਤਨ ਜੇਕਰ ਇਹ ਕਰੈ ॥ 85 ॥

Digitized by Panjab Digital Library | www.panjabdigilib.org

ਦੋਹਰਾ :- ਇਹ ਵਿਵਹਾਰ ਸੰਸਾਰ ਕੇ ਜਾਨ ਲੇਹੁ ਤੁਮ ਮੀਤ ॥
ਜਬ ਲਗ ਮੁਖੋ ਨ ਮਾਂਗਈ ਤਉ ਲਉ ਕਰੇ ਸੁ ਪ੍ਰਤਿ ॥ 86 ॥

ਮਾਂਗਨ ਹਾਰੇ ਪੁਰਖ ਕੋ ਨਹ ਆਦਰ ਸੰਸਾਰ ॥
ਭਾਵੈ ਸੁਤਿ ਮਿਤ ਭਾਤ ਪਿਤ ਭਾਵੇ ਕੰਨਿਆ ਨਾਰ ॥ 87 ॥

ਚੌਪਈ :- ਤਬ ਕੰਨਿਆ ਮਨ ਮੈ ਇਹੁ ਆਨੋ ॥
ਲਹੇ ਪਿਰਤ ਤਬ ਕੀਨ ਬਖਾਨੋ ॥
ਗੁਰ ਨਾਨਕ ਈਹਾਂ ਹੈ ਨੇਰੇ ॥
ਸੋ ਸੰਕਟ ਕਟੇ ਗੇ ਤੇਰੇ ॥ 88 ॥

ਅਵਰ ਨ ਕੋਉ ਹੈ ਸਮਰਥ ॥
ਇਹ ਸਭ ਬਾਤ ਤਿਸੀ ਕੇ ਹਥ ॥
ਹਮਰੈ ਮਨ ਮੈ ਹੈ ਪਰਤੀਤ ॥
ਤਮਕੋ ਬਰਨ ਸੁਨਾਵੋ ਰੀਤ ॥ 89 ॥

ਗੁਰ ਨਾਨਕ ਬਾਲਾ ਮਰਦਾਨਾ ॥
ਝਾੜ ਜੋ ਮਧ ਬੈਠੇ ਹੈ ਜਾਨਾ ॥
ਪਾਉ ਕੋਸ ਨਗਰੀ ਤੇ ਦੂਰ ॥
ਤੀਨੋ ਬੈਠੇ ਹੈ ਛਬਿ ਪੂਰ ॥ 90 ॥

ਗੀਆ ਮਾਲਤੀ ਛੰਦ :—

ਇਕ ਨਿਸਾ ਕਵਤਕ ਅਸਿ ਭਇਓ
ਸਨ ਸਰਵਣ ਚਾਚਾ ਭਾਖਿਓ ॥
ਜਬ ਰਹੀ ਜਾਮ ਸੁਜਾਮਨੀ
ਸਭ ਸੁਈ ਦੁਨੀਆਂ ਲਾਖਿਓ ॥
ਰਸ ਭਿੰਨੀ ਰਜਨੀ ਸੂਨ ਹੈ
ਤਿਹ ਮਾਹ ਤਾਰੇ ਚਮਕ ਹੈ ॥
ਜਸਨੀਲ ਪਰਬਤ ਕੈ ਬਿਖੈ
ਸਿਲ ਮਾਹ ਬੰਜਰ ਦਮੱਕ ਹੈ ॥

ਗੁਰ ਨਾਨਕੰ ਤਬ ਬੋਲਿਓ
ਮਰਦਾਨਿਆ ਤੁਮ ਜਾਗਿਐ ॥
ਇਹ ਆਹ ਵੇਲਾ ਭਜਨ ਕਾ
ਪੜ ਵਾਰ ਆਸਾ ਲਾਗਿਐ ॥

Digitized by Panjab Digital Library | www.panjabdigilib.org

ਜੋ ਮਾਂਹ ਮਾਇਆ ਈਸ ਕੀ
ਸਭ ਜੀਵ ਉੱਪਰ ਜਾਲ ਹੈ ॥
ਵਰ ਪਾਇਕੈ ਭੁਲਾਇ ਦੇਵੈ
ਨੀਂਦ ਕਾ ਕਰ ਖਿਯਾਲ ਹੈ ॥ 92 ॥

ਕਈ ਸਰ ਬੀਰ ਵਰੀਆਮ
ਜਾਗੈ ਜਾਲ ਮਾਇਆ ਤੋਰ ਕੈ ॥
ਜਿਸ ਭਜਨ ਮੈ ਬਿਰਤ ਅਲਾਗ ਹੈ
ਮੁਖਿ ਦਏ ਵਿਖਅਨ ਮੋਰ ਕੇ ॥
ਇਸ ਵਖਤ ਪੁਰਖ ਅਕਾਲ ਕਾ
ਸਦ ਲਗਤ ਹੈ ਦਿਵਾਨ ਹੈ ॥
ਜੋ ਪੜਤ ਇਕ ਮਨ ਹੋਇਕੈ ਜੋ
ਸੁਨਤ ਧਰ ਕਰ ਧਿਯਾਨ ਹੈ ॥ 93 ॥

ਸੁ ਪੁਜੈ ਧੁਰ ਦਰਗਾਹ ਮੈ
ਸਚਿ ਖੰਡ ਜਿਹ ਨਿੰਕਾਰ ਹੈ ॥
ਸਕ ਨਾਹ ਕੁਛ ਇਸ ਬਾਤਿ ਮੈ
ਸਚ ਸਮਝੀਓ ਨਿਰ ਧਾਰ ਹੈ ॥
ਅਸ ਬਚਨ ਭਾਖੈ ਸਤਿ ਗੁਰੂ
ਸੁਨ ਜਾਗਿਓ ਮਰਦਾਨ ਹੀ ॥
ਦੁਇ ਜੋਰ ਕਰ ਕਰੀ ਬੰਦਨਾ
ਰਬਾਬ ਸੁਰ ਕਰ ਤਾਨਿ ਹੀ ॥ 84 ॥

ਜਬ ਵਾਰ ਆਸਾ ਕੀ ਪੜੀ
ਰਸ ਬਨਾ ਅਤ ਭਤ ਆਇਕੈ ॥
ਸਭ ਦੇਵ ਦੇਵੀ ਦੇਵਤੇ
ਜਛ ਕਿੰਨਰ ਰਹੈ ਛਾਇਕੈ ॥
ਰਸ ਭਿੰਨੀ ਰਜਨੀ ਸੂਨ ਮੈ
ਪਛ ਪਸੂ ਬਨ ਦਰ ਆਵ ਹੀ ॥
ਜੜ ਜੰਗ ਮੰ ਹੁਇ ਜਾਤ ਹੈ
ਸਨ ਜੰਗ ਮੰਜੜ ਜਾਵ ਹੀ ॥ 95 ॥

ਦੋਹਰਾ :- ਜਬ ਅਵਾਜ ਸਰਵਣ ਪ੍ਰੀਮੁਝ ਮਨ ਭਇਓ ਸੁਨ ਚੈਨ ॥
ਜੈਸੇ ਅਧ ਅੰਧਾਰ ਮੈ ਉਦੈ ਹੋਤ ਸਸਿ ਗੈਨ ॥ 86 ॥

Digitized by Panjab Digital Library | www.panjabdigilib.org

ਤੋਟਕ ਛੰਦ :—

ਤਬ ਹੀ ਦਧ ਕੋ ਮਮ ਮਾਥ ਲਾਇਓ ॥
ਧਰ ਮਾਖਨ ਛਾਛ ਸੁ ਹਾਥ ਕਿਯੋ ॥
ਜਹ ਬੈਠਤ ਆਪ ਦਇਆਲ ਪ੍ਰਭ ॥
ਤਿਹ ਆਨ ਕਿ ਰਪਾਲ ਕੋ ਆਨ ਲਭੰ ॥
ਅਗੇ ਰਾਖ ਕੈ ਮੋਹ ਸੁ ਬੈਠ ਰਹੀ ॥
ਕੁਛ ਬਾਤ ਨਹੀ ਮੁਖ ਤੇ ਸੁ ਕਹੀ
ਰਿਦ ਜਾਨਨ ਹਾਰ ਦਇਆਰ ਗੁਰੰ ॥
ਹਰ ਕੋ ਧਰ ਧਿਯਾਨ ਸੁ ਮੱਧ ਉਰੰ ॥ 99 ॥

ਗੀਆ ਮਾਲਤੀ ਛੰਦ :—

ਤਬ ਗੁਰੂ ਕੋ ਮਾਮ ਭਾਖਿਓ ਕਰ ਜੋਰ ਸੀਸ ਨਵਾਇਕੇ ॥
ਨਾਮ ਸੁਵਲਾਈ ਮੇਰੋ ਕਹਾ ਹੈ ਸੁਨਾਇਕੈ ॥
ਨੁਖਾ ਜਾਨੋ ਮੋਹ ਕੋ ਜੁ ਮਹਮਾ [ਖਹਰਾ ਜਾਨਿਐ ॥
ਵਹ ਚੌਧਰੀ ਹੈ ਨਗਰ ਕੋ ਪ੍ਰਧਾਨ ਸਭ ਮੈ ਮਾਨਿਐ ॥ 100 ॥

ਲੈ ਅਈ ਦੁਧ ਸੁ ਦਹੀ
ਮਾਖਨ ਛਾਛ ਪੀਵਨ ਵਾਸਤੇ ॥
ਕਛ ਆਪ ਛਕੀਏ ਦੀਜੈ ਇਨੈ
ਬੈਠ ਤਵ ਹੈ ਪਾਸ ਤੇ ॥
ਮੁਝ ਨਾਹ ਅਵਰ ਮਨੌਰਥੋ
ਤਵ ਦਰਸਨ ਕੀ ਪਿਯਾਸ ਹੈ ॥
ਪ੍ਰਿਥਮ ਮੁਖ ਮੈ ਆਪ ਮੇਲੋ
